JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 94 | Friday, May 13, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਅੰਦਰ ਇਹ ਵੀ ਪੜ੍ਹੋ


ਇਲੈਕਸ਼ਨ ਓਨਟਾਰੀਓ ਨੂੰ ਲਿਖੇ ਪੱਤਰ ਵਿਚ ਪੀਸੀ ਪਾਰਟੀ ਨੇ ਐਨਡੀਪੀ 'ਤੇ ਗੈਰਕਾਨੂੰਨੀ ਫੰਡ ਹਾਸਲ ਕਰਨ ਦੇ ਲਾਏ ਦੋਸ਼


ਪੰਨਾ 03

ਗਰਮੀਆਂ ਵਿੱਚ ਕੋਵਿਡ-19 ਦੀ ਰਫਤਾਰ ਮੱਠੀ ਰਹਿਣ ਦੀ ਸੰਭਾਵਨਾ : ਡਾ. ਮੂਰ


ਪੰਨਾ 05


# ਕੈਨੇਡਾ ਦੀ ਆਰਥਿਕ ਸਥਿਰਤਾ ਤੇ ਸਾਖ਼ ਦੀ ਕੋਈ ਪਰਵਾਹ ਨਹੀਂ ਪੌਲੀਏਵਰ ਨੂੰ : ਟਰੂਡੋ



ਓਟਵਾ, 12 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਬਣਨ ਉਪਰੰਤ ਬੈਂਕ ਆਫ ਕੈਨੇਡਾ ਦੇ ਗਵਰਨਰ ਨੂੰ ਅਹੁਦੇ ਤੋਂ ਹਟਾਉਣ ਦਾ ਤਹੱਈਆ ਪ੍ਰਗਟਾਉਣ ਵਾਲੇ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦੇ ਇਸ ਬਿਆਨ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਖ਼ਤ ਇਤਰਾਜ਼ ਪ੍ਰਗਟਾਇਆ।

ਟਰੂਡੋ ਨੇ ਆਖਿਆ ਕਿ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਇਹ ਜਾਣਦੇ ਹਨ ਕਿ ਦੇਸ਼ ਦੀ ਆਰਥਿਕ ਸਥਿਰਤਾ ਤੇ ਕੌਮਾਂਤਰੀ ਸਾਖ਼ ਲਈ ਸੈਂਟਰਲ ਬੈਂਕ ਦੀ ਆਜ਼ਾਦੀ ਦੀ ਕੀ ਅਹਿਮੀਅਤ ਹੈ? ਟਰੂਡੋ ਨੇ ਆਖਿਆ ਕਿ ਪੌਲੀਏਵਰ ਜਾਂ ਤਾਂ ਇਸ ਨੂੰ ਗਲਤ ਸਮਝ ਰਹੇ ਹਨ ਤੇ ਜਾਂ ਉਹ ਤੱਥਾਂ ਦੀ ਉੱਕਾ ਹੀ ਪਰਵਾਹ ਨਹੀਂ ਕਰਦੇ। ਉਨ੍ਹਾਂ ਅੱਗੇ ਆਖਿਆ ਕਿ ਇਹ ਉਸ ਯੁੱਗ ਦੀ ਗੱਲ ਹੈ ਜਿੱਥੇ ਸਾਨੂੰ ਵਧੇਰੇ ਜ਼ਿੰਮੇਵਾਰ ਲੀਡਰਸ਼ਿਪ ਦੀ ਲੋੜ ਹੈ। ਪਰ ਇਹ ਫੈਸਲਾ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਨੇ ਕਰਨਾ ਹੈ ਅਸੀਂ ਨਹੀਂ।

ਜ਼ਿਕਰਯੋਗ ਹੈ ਕਿ ਐਡਮੰਟਨ ਵਿੱਚ ਬੁੱਧਵਾਰ ਰਾਤ ਨੂੰ ਹੋਈ ਬਹਿਸ ਵਿੱਚ ਪੌਲੀਏਵਰ ਨੇ ਇਹ ਤਹੱਈਆ ਪ੍ਰਗਟਾਇਆ ਸੀ ਕਿ ਜੇ ਉਹ ਜਿੱਤਦੇ ਹਨ ਤਾਂ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ ਨੂੰ ਕਿਸੇ ਅਜਿਹੇ ਸ਼ਖਸ ਨਾਲ ਬਦਲ ਦੇਣਗੇ ਜਿਸ ਕੋਲ ਮਹਿੰਗਾਈ ਘੱਟ ਕਰਨ ਦਾ ਨੁਸਖਾ ਹੋਵੇ। ...ਬਾਕੀ ਪੰਨਾ 6 'ਤੇ

# ਮੁਜ਼ਾਹਰਾਕਾਰੀਆਂ ਵੱਲੋਂ ਜਗਮੀਤ ਸਿੰਘ ਨਾਲ ਕੀਤਾ ਗਿਆ ਦੁਰਵਿਵਹਾਰ

ਓਨਟਾਰੀਓ, 12 ਮਈ (ਪੋਸਟ ਬਿਊਰੋ) : ਪੀਟਰਬਰੋ, ਓਨਟਾਰੀਓ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਲਈ ਕੀਤੀ ਗਈ ਇੱਕ ਰੈਲੀ ਮੁੱਕਣ ਤੋਂ ਬਾਅਦ ਐਨਡੀਪੀ ਆਗੂ ਜਗਮੀਤ ਸਿੰਘ ਨੂੰ ਪਰੇਸ਼ਾਨ ਕੀਤਾ ਗਿਆ ਤੇ ਉਨ੍ਹਾਂ ਦੀ ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।

ਜਗਮੀਤ ਸਿੰਘ ਮੰਗਲਵਾਰ ਨੂੰ ਪੀਟਰਬਰੋ-ਕਵਾਰਥਾ ਹਲਕੇ ਤੋਂ ਐਨਡੀਪੀ ਉਮੀਦਵਾਰ ਜੈਨ ਡੈੱਕ ਨੂੰ ਪ੍ਰਮੋਟ ਕਰਨ ਲਈ ਗਏ ਸਨ। ਜਿਵੇਂ ਹੀ ਉਹ ਰੈਲੀ ਨੂੰ ਸੰਬੋਧਨ ਕਰਨ ਤੋਂ ਬਾਅਦ ਆਪਣੀ ਐਸਯੂਵੀ ਵੱਲ ਵਧੇ ਤਾਂ ਮੁਜ਼ਾਹਰਾਕਾਰੀਆਂ ਦੇ ਇੱਕ ਗਰੁੱਪ ਵੱਲੋਂ ਉਨ੍ਹਾਂ ਨੂੰ ਘੇਰ ਲਿਆ ਗਿਆ ਤੇ ਉਨ੍ਹਾਂ ਨੂੰ ਗੱਦਾਰ ਆਖਿਆ ਗਿਆ। ਇਸ ਤਰ੍ਹਾਂ ਦੇ ਜ਼ੁਬਾਨੀ ਹਮਲਿਆਂ ਦੌਰਾਨ ਵੀ ਜਗਮੀਤ ਸਿੰਘ ਸ਼ਾਂਤ ਬਣੇ ਰਹੇ ਤੇ ਉਨ੍ਹਾਂ ਨਰਮੀ ਤੋਂ ਕੰਮ ਲਿਆ।

ਇਸ ਘਟਨਾ ਤੋਂ ਬਾਅਦ ਬਿਆਨ ਜਾਰੀ ਕਰਕੇ ਜਗਮੀਤ ਸਿੰਘ ਨੇ ਆਖਿਆ ਕਿ ਉਹ ਜਾਣਦੇ ਹਨ ਕਿ ਇਹ ਹਮਲਾ ਪੀਟਰਬਰੋ ਦੇ ਲੋਕਾਂ ਦੇ ਨੁਮਾਇੰਦਿਆਂ ਵੱਲੋਂ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਉਨ੍ਹਾਂ ਕਈ ਵਾਰੀ ਇਸ ਕਮਿਊਨਿਟੀ ਦਾ ਦੌਰਾ ਕੀਤਾ ਹੈ ਤੇ ਇਹ ਚੰਗੇ ਲੋਕਾਂ ਨਾਲ ਭਰੀ ਪਈ ਹੈ ਜਿਹੜੇ ਇੱਕ ਦੂਜੇ ਦਾ ਭਲਾ ਚਾਹੁੰਦੇ ਹਨ।



...ਬਾਕੀ ਪੰਨਾ 6 'ਤੇ


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2


# ਟੋਰੀ ਲੀਡਰਸ਼ਿਪ ਬਹਿਸ ਵਿੱਚ ਪੌਲੀਏਵਰ ਨੇ ਦਿੱਤਾ ਹਮਲਿਆਂ ਦਾ ਕਰਾਰਾ ਜਵਾਬ



ਐਡਮੰਟਨ, 12 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਲ ਉਮੀਦਵਾਰਾਂ ਦਰਮਿਆਨ ਬੁੱਧਵਾਰ ਨੂੰ ਪਹਿਲੀ ਰਸਮੀ ਬਹਿਸ ਹੋਈ। ਇਨ੍ਹਾਂ ਉਮੀਦਵਾਰਾਂ ਵਿੱਚ ਡੂੰਘੀਆਂ ਵੰਡੀਆਂ ਸਾਫ ਨਜ਼ਰ ਆਈਆਂ। ਐਡਮੰਟਨ ਕਨਵੈਂਸ਼ਨ ਸੈਂਟਰ ਵਿੱਚ 1000 ਤੋਂ ਵੱਧ ਲੋਕ ਇਨ੍ਹਾਂ ਉਮੀਦਵਾਰਾਂ ਦੇ ਵਿਚਾਰ ਜਾਨਣ ਲਈ ਇੱਕਠੇ ਹੋਏ ਸਨ। ਸੱਭ ਤੋਂ ਵੱਧ ਤਾੜੀਆਂ ਲੰਮੇਂ ਸਮੇਂ ਤੋਂ ਚੱਲੇ ਆ ਰਹੇ ਕੰਜ਼ਰਵੇਟਿਵ ਐਮਪੀ ਪਿਏਰ ਪੌਲੀਏਵਰ ਲਈ ਵੱਜੀਆਂ। ਉਨ੍ਹਾਂ ਆਖਿਆ ਕਿ ਉਹ ਦੇਸ਼ ਦੇ ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਦੀ ਕਮਾਨ ਖੁਦ ਸਾਂਭਣ ਦੀ ਆਜ਼ਾਦੀ ਦੇਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਹ ਮਹਿੰਗਾਈ ਨਾਲ ਵੀ ਲੜਨਾ ਚਾਹੁੰਦੇ ਹਨ।

...ਬਾਕੀ ਪੰਨਾ 6 'ਤੇ

# ਓਂਟਾਰੀਓ ਵਿਚ ਡੱਗ ਫੋਰਡ ਦੀ ਸਰਕਾਰ ਬਣਨੀ ਤੈਅ, ਬਰੈਂਪਟਨ ਵਿਚ ਚੱਲ ਰਹੀ ਹੈ ਨੀਲੀ ਲਹਿਰ



ਬਰੈਂਪਟਨ, 12 ਮਈ (ਪੋਸਟ ਬਿਊਰੋ)- ਓਂਟਾਰੀਓ ਸੂਬੇ ਦੀਆਂ ਚੋਣਾਂ 2 ਜੂਨ ਨੂੰ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਜਿੱਥੇ ਪੀਸੀ ਪਾਰਟੀ ਜ਼ੋਰ ਸ਼ੋਰ ਨਾਲ ਆਪਣਾ ਕੈਂਪੇਨ ਚਲਾ ਰਹੀ ਹੈ, ਉਦ ਦੇ ਨਾਲ-ਨਾਲ ਲਿਬਰਲ, ਐਨਡੀਪੀ ਤੇ ਗਰੀਨ ਪਾਰਟੀ ਨੇ ਵੀ ਆਪਣੇ ਕੈਂਪੇਨ ਉਤੇ ਜੋਰ ਦਿੱਤਾ ਹੋਇਆ ਹੈ। ਪੀਸੀ ਪਾਰਟੀ ਦੀ ਇਸ ਸਮੇਂ ਮੇਜੋਰਿਟੀ ਸਰਕਾਰ ਚੱਲ ਰਹੀ ਹੈ ਅਤੇ ਹੁਣ ਤੱਕ ਦੇ ਆਏ ਵੱਖ ਵੱਖ ਸਰਵੇਖਣਾਂ ਮੁਤਾਬਿਕ ਪੀਸੀ ਪਾਰਟੀ ਇਨ੍ਹਾਂ ਚੋਣਾਂ ਵਿਚ ਪਹਿਲਾਂ ਤੋਂ ਵੀ ਕੁੱਝ ਸੀਟਾਂ ਵੱਧ ਲੈ ਕੇ ਜਾਵੇਗੀ। ਲਿਬਰਲ ਪਾਰਟੀ ਸਾਲ 2018 ਦੇ ਨਾਲੋਂ ਕੁੱਝ ਬਿਹਤਰ ਪਰਫਾਰਮ ਕਰ ਰਹੀ ਹੈ ਅਤੇ ਐਨਡੀਪੀ ਵੱਖ ਵੱਖ ਸਰਵੇਖਣਾਂ ਮੁਤਾਬਿਕ ਇਸ ਸਮੇਂ ਤੀਜੇ ਸਥਾਨ ਉਤੇ ਚੱਲ ਰਹੀ ਹੈ। ਪ੍ਰੀਮੀਅਰ ਡੱਗ ਫੋਰਡ ਵਲੋਂ ਕੋਵਿਡ 19 ਦੀ ਮਹਾਂਮਾਰੀ ਦੌਰਾਨ ਕੀਤੇ ਗਏ ਕੰਮਾਂ ਦੀ ਸ਼ਲਾਘਾ ਅਤੇ ਨਾਲ ਦੀ ਨਾਲ ਇਨ੍ਹਾਂ ਵਲੋਂ ਓਂਟਾਰੀਓ ਵਿਚ ਬਿਜ਼ਨਸ ਲਿਆਉਣ ਅਤੇ ਇੰਫ੍ਰਾਸਟ੍ਰਕਚਰ ਨੂੰ ਬਿਲਡ ਕਰਨ ਉਤੇ ਦਿੱਤਾ ਜਾ ਰਿਹਾ ਜੋਰ ਚਰਚਾ ਦਾ ਵਿਸ਼ਾ ਹੈ। ਜੇਕਰ ਬਰੈਂਪਟਨ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਬਰੈਂਪਟਨ ਦੀਆਂ ਪੰਜੇ ਸੀਟਾਂ ਉਤੇ ਨੀਲੀ ਲਹਿਰ ਚੱਲ ਰਹੀ ਹੈ। ਬਰੈਂਪਟਨ ਸਾਊਥ ਤੋਂ ਪ੍ਰਭਮੀਤ ਸਰਕਾਰੀਆ, ਜੋ ਮੰਤਰੀ ਹਨ, ਉਨ੍ਹਾਂ ਦੀ ਸੀਟ ਉਤੇ ਕਿਊ ਪੀ ਵਲੋਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ ਉਨ੍ਹਾਂ ਦੀ ਜਿੱਤ ਨੂੰ ਯਕੀਨੀ ਕਹਿ ਦਿੱਤਾ ਗਿਆ ਹੈ। ਬਰੈਂਪਟਨ ਵੈਸਟ ਤੋਂ ਅਮਰਜੋਤ ਸੰਧੂ, ਬਰੈਂਪਟਨ ਸੈਂਟਰਲ ਤੋਂ ਕੌਂਸਲਰ ਸ਼ਰਮੀਨ ਵਿਲੀਅਮਜ਼, ਬਰੈਂਪਟਨ ਨਾਰਥ ਤੋਂ ਗ੍ਰਾਹਮ ਮੈਕਰੈਗਰ ਅਤੇ ਬਰੈਂਪਟਨ ਈਸਟ ਤੋਂ ਹਰਦੀਪ ਗਰੇਵਾਲ ਰਲ ਕੇ ਬਰੈਂਪਟਨ ਦੀਆਂ ਪੰਜੇ ਸੀਟਾਂ ਉਤੇ ਭਾਰੀ ਪੈਂਦੇ ਨਜ਼ਰ ਆ ਰਹੇ ਹਨ।

...ਬਾਕੀ ਪੰਨਾ 15 'ਤੇ


MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA BROKER OF RECORD
DIR: 647-546-5228 OFF: 905-457-4588
SaveMax Global Realty
RAJ@SAVEMAXGLOBALREALTY.COM

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor
416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਇਲੈਕਸ਼ਨ ਓਨਟਾਰੀਓ ਨੂੰ ਲਿਖੇ ਪੱਤਰ ਵਿਚ ਪੀਸੀ ਪਾਰਟੀ ਨੇ ਐਨਡੀਪੀ 'ਤੇ ਗੈਰਕਾਨੂੰਨੀ ਫੰਡ ਹਾਸਲ ਕਰਨ ਦੇ ਲਾਏ ਦੋਸ਼

ਓਨਟਾਰੀਓ, 12 ਮਈ (ਪੋਸਟ ਬਿਊਰੋ): ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਫ ਓਨਟਾਰੀਓ ਵੱਲੋਂ ਐਨਡੀਪੀ ਉੱਤੇ ਗੈਰਕਾਨੂੰਨੀ ਢੰਗ ਨਾਲ ਫੰਡ ਇੱਕਠੇ ਕਰਨ ਦਾ ਦੋਸ਼ ਲਾਇਆ ਗਿਆ ਹੈ। ਇਸ ਸਬੰਧੀ ਸ਼ਿਕਾਇਤ ਕਰਨ ਲਈ ਪੀਸੀ ਪਾਰਟੀ ਵੱਲੋਂ ਪ੍ਰੋਵਿੰਸ ਦੇ ਚੀਫ ਇਲੈਕਟੋਰਲ ਅਧਿਕਾਰੀ ਨੂੰ ਪੱਤਰ ਵੀ ਲਿਖਿਆ ਗਿਆ ਹੈ। ਇਸ ਸ਼ਿਕਾਇਤ ਵਿੱਚ ਸ਼ਾਮਲ ਇੱਕ ਵਿਅਕਤੀ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕੀਤਾ ਗਿਆ ਹੈ।

ਓਨਟਾਰੀਓ ਦੀ ਪੀਸੀ ਪਾਰਟੀ ਦੇ ਪ੍ਰੈਜ਼ੀਡੈਂਟ ਬ੍ਰਾਇਨ ਪੈਟਰਸਨ ਵੱਲੋਂ ਦੋ ਜ਼ੂਮ ਵੀਡੀਓਜ਼ ਦੇ ਹਵਾਲੇ ਨਾਲ ਇਹ ਪੱਤਰ ਲਿਖਿਆ ਗਿਆ ਹੈ। ਪਹਿਲੇ ਵੀਡੀਓ, ਜੋ ਕਿ 9 ਫਰਵਰੀ, 2021 ਨੂੰ ਸਾਹਮਣੇ ਆਇਆ, ਵਿੱਚ ਅਮੈਲਗਾਮੇਟਿਡ ਟਰਾਂਜ਼ਿਟ ਯੂਨੀਅਨ ਕੈਨੇਡਾ ਦੇ ਪ੍ਰੈਜ਼ੀਡੈਂਟ ਜੌਹਨ ਡੀਨੀਨੋ ਸ਼ਾਮਲ ਹਨ, ਯੂਨੀਵਰਸਿਟੀ-ਰੋਜ਼ਡੇਲ




ਤੋਂ ਐਨਡੀਪੀ ਉਮੀਦਵਾਰ ਜੈਸਿਕਾ ਬੈੱਲ ਨੂੰ ਉਨ੍ਹਾਂ ਦੀ ਨਾਮਜ਼ਦਗੀ ਉੱਤੇ ਵਧਾਈ ਦੇ ਰਹੇ ਹਨ। ਇਸ ਵੀਡੀਓ ਵਿੱਚ ਡੀਨੀਨੋ ਇਹ ਆਖਦੇ ਸੁਣੇ ਜਾ ਸਕਦੇ ਹਨ ਕਿ ਅਸੀਂ ਆਸ ਕਰਦੇ ਹਾਂ ਕਿ ਏਟੀਯੂ ਕੈਨੇਡਾ ਕੁੱਝ ਹੋਰ ਕਰ ਸਕਦੀ, ਪਰ ਉਨ੍ਹਾਂ ਨੂੰ ਉਮੀਦ ਹੈ ਕਿ ਹਰੇਕ ਪ੍ਰੋਵਿੰਸ ਵਿੱਚ ਚੋਣਾਂ ਤੇ ਉਮੀਦਵਾਰਾਂ ਲਈ ਅਸੀਂ ਜੋ ਕੁੱਝ ਵੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਉਸ ਨੂੰ ਤੁਸੀਂ ਮਾਨਤਾ ਦੇਵੋਂਗੇ। ਉਨ੍ਹਾਂ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਅਸੀਂ ਤੁਹਾਡੀ ਕੈਂਪੇਨ ਤੇ ਮੁੜ ਚੁਣੇ ਜਾਣ ਲਈ 1000 ਡਾਲਰ ਦੇਣ ਦਾ ਵਾਅਦਾ ਕਰਦੇ ਹਾਂ।

ਪੀਸੀ ਵੱਲੋਂ ਲਿਖੇ ਪੱਤਰ ਵਿੱਚ ਆਖਿਆ ਗਿਆ ਹੈ ਕਿ ਇਲੈਕਸ਼ਨਜ਼ ਫਾਇਨਾਂਸਿਜ਼ ਦੀ ਧਾਰਾ 26 ਤਹਿਤ ਕਿਸੇ ਵੀ ਉਮੀਦਵਾਰ ਜਾਂ ਪਾਰਟੀ ਨੂੰ ਕਿਸੇ ਯੂਨੀਅਨ ਤੋਂ ਡੋਨੇਸ਼ਨ ਲੈਣ ਦੀ ਮਨਾਹੀ ਹੈ। ਪਰ ਡੀਨੀਨੋ ਵੱਲੋਂ ਇੱਕ ਬਿਆਨ ਵਿੱਚ ਇਹ ਆਖਿਆ ਗਿਆ ਹੈ ਕਿ ਇਹ ਡੋਨੇਸ਼ਨ ਏਟੀਯੂ ਕੈਨੇਡਾ ਵੱਲੋਂ ਨਹੀਂ ਸਗੋਂ ਉਨ੍ਹਾਂ ਵੱਲੋਂ ਨਿਜੀ ਤੌਰ ਉੱਤੇ ਦਿੱਤੀ ਗਈ।

ਦੂਜੇ ਵੀਡੀਓ ਵਿੱਚ ਓਨਟਾਰੀਓ ਦੀ ਐਨਡੀਪੀ ਦੇ ਕਿੰਗਸਟਨ ਤੇ ਆਈਲੈਂਡ ਰਾਈਡਿੰਗ ਐਸੋਸਿਏਸ਼ਨ ਦੇ ਚੀਫ ਫਾਇਨਾਂਸ਼ੀਅਲ ਆਫੀਸਰ ਡੇਵਿਡ ਕੇਰ ਸ਼ਾਮਲ ਹਨ। 26 ਮਾਰਚ ਨੂੰ ਉਨ੍ਹਾਂ ਨੂੰ ਹੇਸਟਿੰਗਜ਼-ਲੈਨੌਕਸ ਤੇ ਐਡਿੰਗਟਨ ਲਈ ਨਾਮਜ਼ਦਗੀ ਮੀਟਿੰਗ ਵਿੱਚ ਇਹ ਆਖਦਿਆਂ ਸੁਣਿਆ ਜਾ ਸਕਦਾ ਹੈ ਕਿ ਇੱਕ ਤਰ੍ਹਾਂ ਚੇਤੇ ਹੀ ਕਰਵਾਉਣਾ ਸੀ, ਹਾਲਾਂਕਿ ਤੁਹਾਡਾ ਓਨਟਾਰੀਓ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ, ਇਸ ਹਲਕੇ ਵਿੱਚ ਨਹੀਂ ਸਗੋਂ ਡੋਨੇਸ਼ਨ ਕਰਨ ਲਈ ਓਨਟਾਰੀਓ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ। ਉਹ ਅੱਗੇ ਆਖ ਰਹੇ ਹਨ, "ਮੈਂ ਇਸ ਨੂੰ ਸਰਕਾਰੀ ਤੌਰ ਉੱਤੇ ਨਜ਼ਰਅੰਦਾਜ਼ ਨਹੀਂ ਕਰ ਸਕਦਾ ਪਰ ਅਤੀਤ ਵਿੱਚ ਪ੍ਰੋਵਿੰਸ ਤੋਂ ਬਾਹਰ ਰਹਿਣ ਵਾਲੇ ਸਮਰਥਕਾਂ ਵੱਲੋਂ ਮਦਦ ਕਰਨ ਦੇ ਕਈ ਸਿਰਜਣਾਤਮਕ ਢੰਗ ਲੱਭੇ ਗਏ ਸਨ ਤੇ ਇਸ ਤੋਂ ਅੱਗੇ ਮੈਂ ਕੁੱਝ ਨਹੀਂ ਆਖਾਂਗਾ।"

ਪੀਸੀ ਪਾਰਟੀ ਨੇ ਆਪਣੇ ਪੱਤਰ ਵਿੱਚ ਇਹ ਸਵਾਲ ਉਠਾਇਆ ਹੈ ਕਿ ਕੇਰ ਕਿਨ੍ਹਾਂ ਸਿਰ-ਜਣਾਤਮਕ ਢੰਗ ਤਰੀਕਿਆਂ ਦੀ ਗੱਲ ਕਰ ਰਹੇ ਹਨ। ਇਹ ਵੀ ਪੁੱਛਿਆ ਗਿਆ ਹੈ ਕਿ ਕੀ ਓਨਟਾਰੀਓ ਦੀ ਐਨਡੀਪੀ ਵਿੱਚ ਇਸ ਤਰ੍ਹਾਂ ਫੰਡ ਮੰਗਣ ਜਾਂ ਹਾਸਲ ਕਰਨ ਦਾ ਇਹ ਰੁਝਾਨ ਆਮ ਹੈ ਜਾਂ ਪਾਰਟੀ ਇਸ ਨੂੰ

# ਗੁਲਾਮਾਂ ਦੀ ਨਿਲਾਮੀ ਵਿੱਚ ਹਿੱਸਾ ਲੈਣ ਬਦਲੇ ਲਿਚੇ ਨੇ ਮੰਗੀ ਮੁਆਫੀ

## ਐਨਡੀਪੀ ਨੇ ਲਿਚੇ ਤੋਂ ਉਮੀਦਵਾਰੀ ਛੱਡਣ ਦੀ ਕੀਤੀ ਮੰਗ

ਓਨਟਾਰੀਓ, 12 ਮਈ (ਪੋਸਟ ਬਿਊਰੋ) : ਫੋਰਡ ਸਰਕਾਰ ਦੇ ਉੱਘੇ ਕੈਬਨਿਟ ਮੰਤਰੀ ਸਟੀਫਨ ਲਿਚੇ ਵੱਲੋਂ ਯੂਨੀਵਰਸਿਟੀ ਵਿੱਚ ਹੋਈ ਤਥਾਕਥਿਤ ਗੁਲਾਮਾਂ ਦੀ ਨਿਲਾਮੀ ਵਿੱਚ ਹਿੱਸਾ ਲਿਆ ਗਿਆ ਤੇ ਇਸ ਗੱਲ ਦਾ ਖੁਲਾਸਾ ਹੋਣ ਤੋਂ ਬਾਅਦ ਉਨ੍ਹਾਂ ਵੱਲੋਂ ਹੁਣ ਮੁਆਫੀ ਮੰਗੀ ਜਾ ਰਹੀ ਹੈ।



ਐਨਡੀਪੀ ਵੱਲੋਂ ਸਟੀਫਨ ਲਿਚੇ ਤੋਂ ਕਿੰਗ-ਵਾਅਨ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਵਜੋਂ ਉਮੀਦਵਾਰੀ ਛੱਡਣ ਦੀ ਵੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਵੱਲੋਂ ਪ੍ਰੀਮੀਅਰ ਤੇ ਪੀਸੀ ਆਗੂ ਡੱਗ ਫੋਰਡ ਤੋਂ ਸਪਸ਼ਟ ਤੌਰ ਉੱਤੇ ਲਿਚੇ ਦੀ ਇਸ ਹਰਕਤ ਦੀ ਨਿਖੇਧੀ ਕਰਨ ਦੀ ਵੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਦੇ ਤਿੰਨ ਉਮੀਦਵਾਰਾਂ ਵੱਲੋਂ ਸਾਂਝੇ ਤੌਰ ਉੱਤੇ ਦਿੱਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਲਿਚੇ ਦੀ ਇਸ ਹਰਕਤ ਕਾਰਨ ਜਿਹੜਾ ਦਰਦ ਕੁੱਝ ਕਮਿਊਨਿਟੀਜ਼ ਨੂੰ ਹੋਇਆ ਹੈ ਉਸ ਲਈ ਉਨ੍ਹਾਂ ਨੂੰ ਮੁਆਫੀ ਮੰਗਣ ਦੇ ਨਾਲ ਨਾਲ ਖੁਦ ਨੂੰ ਸਿੱਖਿਅਤ ਵੀ ਕਰਨਾ ਚਾਹੀਦਾ ਹੈ। ਇੱਥੇ ਹੀ ਬੱਸ ਨਹੀਂ ਬਲੈਕ ਕਮਿਊਨਿਟੀਜ਼ ਬਾਰੇ ਉਨ੍ਹਾਂ ਨੂੰ ਆਪਣੀ ਸੋਚ ਵੀ ਬਦਲਣੀ ਚਾਹੀਦੀ ਹੈ।

ਇਨ੍ਹਾਂ ਆਗੂਆਂ ਨੇ ਆਖਿਆ ਕਿ ਕਿਸੇ ਵੀ ਹਾਲਾਤ ਵਿੱਚ ਪ੍ਰੋਵਿੰਸ ਦੇ ਲੋਕਾਂ ਤੇ ਖਾਸਤੌਰ ਉੱਤੇ ਸਾਡੇ ਬੱਚਿਆਂ ਦੀ ਅਗਵਾਈ ਅਜਿਹੇ ਆਗੂ ਨੂੰ ਨਹੀਂ ਕਰਨੀ ਚਾਹੀਦੀ। ਪ੍ਰੈੱਸ ਪ੍ਰੋਗਰੈੱਸ ਦੀ ਰਿਪੋਰਟ ਅਨੁਸਾਰ ਲਿਚੇ ਨੇ ਲੰਡਨ, ਓਨਟਾਰੀਓ ਵਿੱਚ ਵੈਸਟਰਨ ਯੂਨੀਵਰਸਿਟੀ ਵਿੱਚ ਸਿਗਮਾ ਚੀ ਫਰੈਟਰਨਿਟੀ ਦਾ ਮੈਂਬਰ ਰਹਿੰਦਿਆਂ ਕਈ ਮੌਕਿਆਂ ਉੱਤੇ ਗੁਲਾਮਾਂ ਦੀ ਨਿਲਾਮੀ ਵਰਗੇ ਈਵੈਂਟਸ ਵਿੱਚ ਹਿੱਸਾ ਲਿਆ।

ਰਿਪੋਰਟ ਵਿੱਚ ਆਖਿਆ ਗਿਆ ਕਿ ਫਰੈਟਰਨਿਟੀ ਦੀ ਵੈੱਬਸਾਈਟ ਉੱਤੇ ਪਾਈ ਪੋਸਟਿੰਗ ਵਿੱਚ ਦਰਜ ਹੈ ਕਿ ਨਵੰਬਰ 2006 ਵਿੱਚ ਹੋਈ ਇਸ ਨਿਲਾਮੀ ਸਬੰਧੀ ਰਸਮ ਵਿੱਚ ਵੀ ਲਿਚੇ ਨੇ ਹਿੱਸਾ ਲਿਆ ਸੀ ਤੇ ਕੁੱਝ ਦਿਨਾਂ ਬਾਅਦ ਮਨਾਏ ਗਏ "ਸਲੇਵ ਡੇਅਜ਼" ਈਵੈਂਟਸ ਵਿੱਚ ਵੀ ਹਿੱਸਾ ਲਿਆ ਸੀ। 16 ਸਾਲ ਪਹਿਲਾਂ ਕੀਤੀ ਗਈ ਇਸ ਹਰਕਤ ਬਾਰੇ ਸਿੱਖਿਆ ਮੰਤਰੀ ਵੱਲੋਂ ਮੁਆਫੀ ਮੰਗੀ ਗਈ ਹੈ।

# ਮੁੜ ਜਿੱਤ ਦੇ ਰਾਹ ਵੱਲ ਵੱਧ ਰਹੀ ਹੈ ਪੀਸੀ ਪਾਰਟੀ : ਰਿਪੋਰਟ

ਓਨਟਾਰੀਓ, 12 ਮਈ (ਪੋਸਟ ਬਿਊਰੋ) : ਇੰਜ ਲੱਗ ਰਿਹਾ ਹੈ ਕਿ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਇੱਕ ਵਾਰੀ ਫਿਰ ਬਹੁਮਤ ਹਾਸਲ ਕਰਨਗੇ।

ਐਬੇਕਸ ਡਾਟਾ ਵੱਲੋਂ 1500 ਵੋਟਰਜ਼ ਉੱਤੇ ਕੀਤੇ ਗਏ ਸਰਵੇਖਣ ਅਨੁਸਾਰ ਡੱਗ ਫੋਰਡ ਦੀ ਅਗਵਾਈ ਵਾਲੀ ਪੀਸੀ ਪਾਰਟੀ ਜੂਨ ਮਹੀਨੇ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਜਿੱਤ ਹਾਸਲ ਕਰੇਗੀ ਤੇ ਦੂਜੇ ਸਥਾਨ ਉੱਤੇ ਲਿਬਰਲ ਪਾਰਟੀ ਰਹੇਗੀ। ਐਬੇਕਸ ਦੇ ਸੀਈਓ ਡੇਵਿਡ ਕੋਲੈਟੋ ਨੇ ਆਖਿਆ ਕਿ ਇਸ ਸਮੇਂ ਪੀਸੀ ਪਾਰਟੀ ਚੰਗੀ ਲੀਡ ਨਾਲ ਅੱਗੇ ਚੱਲ ਰਹੀ ਹੈ ਤੇ ਪਾਰਟੀ ਵੋਟਰਾਂ ਨੂੰ ਦਰਪੇਸ਼ ਮੁੱਦੇ ਹੀ ਚੁੱਕ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜੇ ਹੁਣ ਤੇ ਜੂਨ ਦੇ ਮਾਹੌਲ ਵਿੱਚ ਕੋਈ ਫਰਕ ਨਾ



ਆਇਆ ਤਾਂ ਪੀਸੀ ਇੱਕ ਵਾਰੀ ਫਿਰ ਜਿੱਤ ਹਾਸਲ ਕਰੇਗੀ।

ਸਰਵੇਖਣ ਵਿੱਚ 38 ਫੀ ਸਦੀ ਵੋਟਰਾਂ ਨੇ ਆਖਿਆ ਕਿ ਜੇ ਅੱਜ ਹੀ ਚੋਣਾਂ ਹੁੰਦੀਆਂ ਹਨ ਤਾਂ ਉਹ ਪੀਸੀ ਪਾਰਟੀ ਲਈ ਵੋਟ ਕਰਨਗੇ, 29 ਫੀ ਸਦੀ ਫੀ ਸਦੀ ਨੇ ਲਿਬਰਲਾਂ ਦਾ ਸਾਥ ਦੇਣ ਤੇ 22 ਫੀ ਸਦੀ ਨੇ ਐਨਡੀਪੀ ਦਾ ਸਾਥ ਦੇਣ ਦੀ ਗੱਲ ਕੀਤੀ। ਰੀਜਨਲ ਪੱਧਰ ਉੱਤੇ ਟੋਰਾਂਟੋ ਵਿੱਚ 42 ਫੀ ਸਦੀ ਵੋਟਰ ਲਿਬਰਲਾਂ ਦੇ ਹੱਕ ਵਿੱਚ ਭੁਗਤ ਰਹੇ ਹਨ ਤੇ ਗ੍ਰੇਟਰ ਟੋਰਾਂਟੋ ਤੇ ਹੈਮਿਲਟਨ ਏਰੀਆ ਵਿੱਚ 40 ਫੀ ਸਦੀ ਪੀਸੀ ਦੇ ਸਮਰਥਨ ਵਿੱਚ ਭੁਗਤਦੇ ਨਜ਼ਰ ਆ ਰਹੇ ਹਨ।

# ਯੂਕਰੇਨੀਅਨਜ਼ ਲਈ ਕੈਨੇਡੀਅਨ ਸਰਕਾਰ ਨੇ ਚਾਰਟਰਡ ਫਲਾਈਟਸ ਦਾ ਕੀਤਾ ਇੰਤਜ਼ਾਮ

ਓਟਵਾ, 12 ਮਈ (ਪੋਸਟ ਬਿਊਰੋ) : ਰੂਸ ਵੱਲੋਂ ਕੀਤੇ ਹਮਲੇ ਤੋਂ ਬਚਣ ਦੀ ਕੋਸ਼ਿਸ਼ ਵਿੱਚ ਲੱਗੇ ਯੂਕਰੇਨੀਅਨਜ਼ ਨੂੰ ਕੈਨੇਡਾ ਲਿਆਉਣ ਲਈ ਤਿੰਨ ਚਾਰਟਰਡ ਜਹਾਜ਼ ਆਉਣ ਵਾਲੇ ਹਫਤਿਆਂ ਵਿੱਚ ਪੋਲੈਂਡ ਤੋਂ ਰਵਾਨਾ ਹੋਣਗੇ।

ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਦਾ ਕਹਿਣਾ ਹੈ ਕਿ ਇਹ ਜਹਾਜ਼ 90,000 ਉਨ੍ਹਾਂ ਯੂਕਰੇਨੀਅਨਜ਼ ਲਈ ਹੋਣਗੇ ਜਿਨ੍ਹਾਂ ਨੂੰ ਕੈਨੇਡਾ ਵਾਸਤੇ ਐਮਰਜੰਸੀ ਟਰੈਵਲ ਲਈ ਮਨਜ਼ੂਰੀ ਦਿੱਤੀ ਗਈ ਹੈ। ਫਰੇਜ਼ਰ ਨੇ ਦੱਸਿਆ ਕਿ ਇਹ ਤਿੰਨ ਜਹਾਜ਼ ਪੋਲੈਂਡ ਤੋਂ ਉਡਾਨ ਭਰਨਗੇ ਤੇ ਇਨ੍ਹਾਂ ਵਿੱਚ ਸੀਟਾਂ ਪਹਿਲਾਂ ਆਓ ਤੇ ਪਹਿਲਾਂ ਪਾਓ ਦੇ ਹਿਸਾਬ ਨਾਲ ਤੈਅ ਹੋਣਗੀਆਂ।



ਪਹਿਲੀ ਉਡਾਨ 23 ਮਈ ਨੂੰ ਵਿਨੀਪੈਗ ਲਈ ਰਵਾਨਾ ਹੋਵੇਗੀ, ਦੂਜੀ ਫਲਾਈਟ 29 ਮਈ ਨੂੰ ਮਾਂਟਰੀਅਲ ਲਈ ਰਵਾਨਾ ਹੋਵੇਗੀ ਤੇ ਤੀਜੀ ਫਲਾਈਟ 2 ਜੂਨ ਨੂੰ ਹੈਲੀਫੈਕਸ ਲਈ ਰਵਾਨਾ ਹੋਵੇਗੀ। ਫਰੇਜ਼ਰ ਨੇ ਆਖਿਆ ਕਿ ਇਹ ਫਲਾਈਟਸ ਜੰਗ ਤੋਂ ਬਚਣ ਲਈ ਭੱਜ ਰਹੇ ਯੂਕਰੇਨੀਅਨਜ਼ ਲਈ ਉਪਲਬਧ ਕਮਰਸ਼ੀਅਲ ਬਦਲਾਂ ਤੋਂ ਇਲਾਵਾ ਹੋਣਗੀਆਂ ਤੇ ਇਨ੍ਹਾਂ ਨੂੰ ਵਿਸ਼ੇਸ਼ ਫੰਡ ਵਿੱਚੋਂ ਸਬਸਿਡੀ ਵੀ ਹਾਸਲ ਹੋਵੇਗੀ।

ਸਰਕਾਰ ਦਾ ਕਹਿਣਾ ਹੈ ਕਿ ਫਰਵਰੀ ਦੇ ਅੰਤ ਵਿੱਚ ਜਦੋਂ ਰੂਸ ਵੱਲੋਂ ਪਹਿਲੀ ਵਾਰੀ ਯੂਕਰੇਨ ਉੱਤੇ ਧਾਵਾ ਬੋਲਿਆ ਗਿਆ ਸੀ ਉਦੋਂ ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਯੂਕਰੇਨੀਅਨਜ਼ ਕੈਨੇਡਾ ਪਹੁੰਚ ਚੁੱਕੇ ਹਨ ਤੇ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਹੋਰ ਕਿੰਨਿਆਂ ਨੇ ਅਜੇ ਇੱਧਰ ਆਉਣਾ ਹੈ।

# ਪੀਸੀ ਪਾਰਟੀ ਦੀ ਲੀਡ ਬਰਕਰਾਰ, ਡੈਲ ਡੂਕਾ ਦੇ ਸਮਰਥਨ ਵਿੱਚ ਹੋ ਰਿਹਾ ਹੈ ਇਜ਼ਾਫਾ : ਨੈਨੋਜ਼

ਓਨਟਾਰੀਓ, 12 ਮਈ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਇੱਕ ਹਫਤੇ ਤੋਂ ਚੱਲ ਰਹੀ ਕੈਂਪੇਨਿੰਗ ਵਿੱਚ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਲੀਡ ਵਿੱਚ ਹੀ ਬਣੇ ਹੋਏ ਹਨ। ਦੂਜੇ ਪਾਸੇ ਲਿਬਰਲ ਆਗੂ ਵੱਲੋਂ ਕੀਤੀ ਜਾ ਰਹੀ ਅਪੀਲ ਦਾ ਕਾਫੀ ਅਸਰ ਵੇਖਣ ਨੂੰ ਮਿਲ ਰਿਹਾ ਹੈ।

ਨੈਨੋਜ਼ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ 29 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਪ੍ਰੀਮੀਅਰ ਵਜੋਂ ਅਜੇ ਵੀ ਲੋਕਾਂ ਦੀ ਪਹਿਲੀ ਪਸੰਦ ਫੋਰਡ ਬਣੇ ਹੋਏ ਹਨ ਜਦਕਿ ਲਿਬਰਲ ਆਗੂ ਡੈਲ ਡੂਕਾ ਨੂੰ 24.1 ਫੀ ਸਦੀ ਲੋਕ ਪ੍ਰੀਮੀਅਰ ਵਜੋਂ ਵੇਖਣਾ ਚਾਹੁੰਦੇ ਹਨ, 20.3 ਫੀ ਸਦੀ ਲੋਕ ਐਨਡੀਪੀ ਆਗੂ ਐਂਡਰੀਆ ਹੌਰਵਥ ਨੂੰ ਪ੍ਰੀਮੀਅਰ ਵਜੋਂ ਵੇਖਣਾ ਚਾਹੁੰਦੇ ਹਨ ਤੇ ਚਾਰ ਫੀ ਸਦੀ ਗ੍ਰੀਨ ਆਗੂ ਮਾਈਕ ਸ਼ਰੇਨਰ ਨੂੰ ਆਪਣਾ ਆਗੂ ਬਣਿਆ ਵੇਖਣਾ ਚਾਹੁੰਦੇ ਹਨ।

ਸ਼ਨਿੱਚਰਵਾਰ ਨੂੰ ਡੈਲ ਡੂਕਾ ਨੂੰ 17 ਫੀ ਸਦੀ ਸਮਰਥਨ ਹੀ ਮਿਲ ਰਿਹਾ ਸੀ ਤੇ ਹੁਣ ਉਨ੍ਹਾਂ ਨੂੰ ਮਿਲਣ ਵਾਲੇ ਸਮਰਥਨ ਵਿੱਚ ਸੱਤ ਅੰਕਾਂ ਦਾ ਇਜਾਫਾ ਹੋਇਆ ਹੈ। ਉਦੋਂ ਤੋਂ ਹੀ ਫੋਰਡ ਦੇ ਸਮਰਥਨ ਵਿੱਚ ਇੱਕ




ਅੰਕ ਦੀ ਤੇ ਹੌਰਵਥ ਦੇ ਸਮਰਥਨ ਵਿੱਚ 2.5 ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਨੈਨੋਜ਼ ਰਿਸਰਚ ਦੇ ਚੀਫ ਡਾਟਾ ਸਾਇੰਟਿਸਟ ਨਿੱਕ ਨੈਨੋਜ਼ ਨੇ ਇੱਕ ਬਿਆਨ ਵਿੱਚ ਆਖਿਆ ਕਿ ਭਾਵੇਂ ਅਜੇ ਵੀ ਫੋਰਡ ਹੀ ਅੱਗੇ ਚੱਲ ਰਹੇ ਹਨ ਪਰ ਡੈਲ ਡੂਕਾ ਦੇ ਸਮਰਥਨ ਵਿੱਚ ਵੀ ਸਕਾਰਾਤਮਕ ਵਾਧਾ ਹੋਇਆ ਹੈ। ਪੀਸੀ ਪਾਰਟੀ ਦੇ ਸਮਰਥਨ ਵਿੱਚ 36.9 ਫੀ ਸਦੀ ਦੇ ਮੁਕਾਬਲੇ 35.4 ਫੀ ਸਦੀ ਨਾਲ ਥੋੜ੍ਹੀ ਗਿਰਾਵਟ ਦਰਜ ਕੀਤੀ ਗਈ ਹੈ ਜਦਕਿ ਲਿਬਰਲ ਤੇ ਐਨਡੀਪੀ ਪਾਰਟੀ ਦੇ ਸਮਰਥਨ ਵਿੱਚ ਕੋਈ ਵਾਧਾ ਘਾਟਾ ਵੇਖਣ ਨੂੰ ਨਹੀਂ ਮਿਲਿਆ। ਗ੍ਰੀਨ ਪਾਰਟੀ ਦੇ ਸਮਰਥਨ ਵਿੱਚ 4.3 ਫੀ ਸਦੀ ਤੋਂ 4.2 ਫੀ ਸਦੀ ਦੀ ਗਿਰਾਵਟ ਵੇਖਣ ਨੂੰ ਮਿਲੀ ਹੈ।

ਜੀਟੀਏ ਵਿੱਚ ਪੀਸੀ ਤੇ ਲਿਬਰਲਾਂ ਦਰਮਿਆਨ ਕਾਂਟੇ ਦੀ ਟੱਕਰ ਹੈ ਜਦਕਿ ਬਾਕੀ ਦੇ ਓਨਟਾਰੀਓ ਵਿੱਚ ਪੀਸੀ 35.9 ਫੀ ਸਦੀ ਨਾਲ ਲਿਬਰਲ (24.6 ਫੀ ਸਦੀ) ਤੇ ਐਨਡੀਪੀ (28.9 ਫੀ ਸਦੀ) ਤੋਂ ਅੱਗੇ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

REXDALE BODY SHOP
USED CAR SALE
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



# ਕੈਨੇਡਾ ਵਿੱਚ ਹਜ਼ਾਰਾਂ ਜਾਅਲੀ ਸਿੱਕੇ ਬਰਾਮਦ, ਇੱਕ ਕਾਬੂ



ਓਨਟਾਰੀਓ, 12 ਮਈ (ਪੋਸਟ ਬਿਊਰੋ): ਬੀਤੇ ਦਿਨੀਂ ਕੈਨੇਡਾ ਭਰ ਵਿੱਚ ਚੱਲ ਰਹੇ 10,000 ਜਾਅਲੀ ਸਿੱਕਿਆਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਓਨਟਾਰੀਓ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਅਨੁਸਾਰ ਆਪਣੀ ਅਚਨਚੇਤੀ ਸੈਂਪਲਿੰਗ ਪ੍ਰਕਿਰਿਆ ਦੌਰਾਨ ਰੌਇਲ ਕੈਨੇਡੀਅਨ ਮਿੰਟ ਨੇ ਪਾਇਆ ਕਿ ਬਾਜ਼ਾਰ ਵਿੱਚ ਜਾਅਲੀ ਕਰੰਸੀ ਚੱਲ ਰਹੀ ਹੈ। ਇਸ ਤੋਂ ਬਾਅਦ ਆਰਸੀਐਮਪੀ ਨੇ 2021 ਦੀਆਂ ਗਰਮੀਆਂ ਵਿੱਚ ਜਾਂਚ ਸ਼ੁਰੂ ਕੀਤੀ।ਪੁਲਿਸ ਨੇ ਦੱਸਿਆ ਕਿ ਜਾਂਚ ਦੌਰਾਨ ਆਰਸੀਐਮਪੀ ਨੇ 10,000 ਜਾਅਲੀ ਟੂਨੀਜ਼ (ਸਿੱਕੇ)ਬਰਾਮਦ ਕੀਤੇ ਜਿਹੜੇ ਕਿ ਕੈਨੇਡੀਅਨ ਬੈਂਕਿੰਗ ਸਿਸਟਮ ਵਿੱਚ ਚੱਲ ਰਹੇ ਸਨ। ਪੁਲਿਸ ਅਨੁਸਾਰ ਅਜੇ ਵੀ ਜਾਅਲੀ ਸਿੱਕੇ ਕਰੰਸੀ ਸਿਸਟਮ ਵਿੱਚ ਬਣੇ ਹੋਏ ਹਨ।ਆਰਸੀਐਮਪੀ ਨੇ ਦੱਸਿਆ ਕਿ ਉਨ੍ਹਾਂ ਨੇ ਰਿਚਮੰਡ ਹਿੱਲ ਦੇ 68 ਸਾਲਾ ਵਿਅਕਤੀ ਡਾਇਗਜ਼ਿਓਂਗ ਹੀ ਨੂੰ ਜਾਅਲੀ ਕਰੰਸੀ ਚਲਾਉਣ ਤੇ ਆਪਣੇ ਕੋਲ ਰੱਖਣ ਲਈ ਚਾਰਜ ਕੀਤਾ ਹੈ।

# ਟੋਰੀ ਨੇ ਕੋਵਿਡ-19 ਸਬੰਧੀ ਐਮਰਜੰਸੀ ਨਿਯਮਾਂ ਨੂੰ ਖ਼ਤਮ ਕਰਨ ਦਾ ਕੀਤਾ ਐਲਾਨ




ਟੋਰਾਂਟੋ, 12 ਮਈ (ਪੋਸਟ ਬਿਊਰੋ): ਟੋਰਾਂਟੋ ਦੇ ਮੇਅਰ ਨੇ ਰਸਮੀ ਤੌਰ ਉੱਤੇ ਮਾਰਚ 2020 ਵਿੱਚ ਜਾਰੀ ਕੀਤੇ ਮਿਊਂਸਪਲ ਐਮਰਜੰਸੀ ਕੋਵਿਡ-19 ਨਿਯਮਾਂ ਨੂੰ ਖ਼ਤਮ ਕਰ ਦਿੱਤਾ ਹੈ।

ਸਿਟੀ ਨੇ ਸਟੇਟ ਆਫ ਐਮਰਜੰਸੀ ਤਹਿਤ ਅਧਿਕਾਰੀਆਂ ਨੂੰ ਮਹਾਂਮਾਰੀ ਦੌਰਾਨ ਰੁਟੀਨ ਵਿੱਚ ਜਨਤਕ ਸਿਹਤ ਹਾਲਾਤ ਬਾਰੇ ਜਾਣਕਾਰੀ ਦੇਣ ਦੇ ਹੁਕਮ ਦਿੱਤੇ ਸਨ। 2020 ਐਮਰਜੰਸੀ ਐਲਾਨਨਾਮਾ ਟੋਰਾਂਟੋ ਦੇ ਇਤਿਹਾਸ ਵਿੱਚ ਆਪਣੀ ਕਿਸਮ ਦਾ ਹੁਕਮ ਸੀ, ਜੋ ਕਿ ਪ੍ਰੋਵਿੰਸ ਸਮੇਤ ਨਾਲ ਲੱਗਦੀਆਂ ਹੋਰਨਾਂ ਮਿਊਂਸਪੈਲਿਟੀਜ਼ ਵੱਲੋਂ ਚੁੱਕੇ ਗਏ ਐਮਰਜੰਸੀ ਕੋਵਿਡ-19 ਮਾਪਦੰਡਾਂ ਦੀ ਤਰਜ਼ ਉੱਤੇ ਹੀ ਜਾਰੀ ਕੀਤਾ ਗਿਆ ਸੀ।

ਮੇਅਰ ਜੌਹਨ ਟੋਰੀ ਨੇ ਆਖਿਆ ਕਿ ਕੋਵਿਡ-19 ਸਬੰਧੀ ਐਮਰਜੰਸੀ ਨਿਯਮਾਂ ਨੂੰ ਖ਼ਤਮ ਕਰਨ ਦਾ ਫੈਸਲਾ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ• ਐਲੀਨ ਡੀ ਵਿੱਲਾ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਲਿਆ ਗਿਆ ਹੈ। ਉਨ੍ਹਾਂ ਆਖਿਆ ਕਿ ਹੁਣ ਐਮਰਜੰਸੀ ਵਾਲੇ ਹਾਲਾਤ ਨਹੀਂ ਰਹੇ ਤੇ ਲੋਕਾਂ ਨੂੰ ਕੋਵਿਡ-19 ਸਬੰਧੀ ਵੈਕਸੀਨੇਸ਼ਨ ਦਾ ਕੰਮ ਵੀ ਲੱਗਭਗ ਮੁਕੰਮਲ ਹੋ ਚੁੱਕਿਆ ਹੈ ਤੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਕੋਸ਼ਿਸ਼ਾਂ ਜਾਰੀ ਹਨ।

ਉਨ੍ਹਾਂ ਆਖਿਆ ਕਿ ਸਾਡੇ ਸਮਰਪਿਤ ਸਿਟੀ ਸਟਾਫ ਦੀ ਬਦੌਲਤ ਅਸੀਂ ਇਸ ਐਮਰਜੰਸੀ ਵਾਲੇ ਸਮੇਂ ਵਿੱਚੋਂ ਬਾਹਰ ਆਉਣ ਵਿੱਚ ਕਾਮਯਾਬ ਹੋਏ ਹਾਂ ਤੇ ਅਸੀਂ ਸਥਾਨਕ ਵਾਸੀਆਂ ਦੀ ਮਦਦ ਲਈ ਹਰ ਕੰਮ ਕਰਨ ਵਾਸਤੇ ਤਿਆਰ ਹਾਂ ਤੇ ਅਸੀਂ ਬਿਹਤਰੀਨ ਮਿਊਂਸਪਲ ਸੇਵਾਵਾਂ ਵੀ ਸਥਾਨਕ ਵਾਸੀਆਂ ਨੂੰ ਦੇਣ ਲਈ ਕਮਰ ਕੱਸ ਚੁੱਕੇ ਹਾਂ।

# ਲਿਬਰਲਾਂ ਨੇ ਜਾਰੀ ਕੀਤਾ ਚੋਣ ਪਲੇਟਫਾਰਮ



ਓਨਟਾਰੀਓ, 12 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਵੱਲੋਂ ਪੂਰੀ ਲਾਗਤ ਵਾਲਾ ਆਪਣਾ ਚੋਣ ਪਲੇਟਫਾਰਮ ਜਾਰੀ ਕਰ ਦਿੱਤਾ ਗਿਆ ਹੈ। ਇਸ ਦਾ ਨਾਂ ਰੱਖਿਆ ਗਿਆ ਹੈ "ਅ ਪਲੇਸ ਟੂ ਗਰੋਅ," ਇਸ ਵਿੱਚ ਪ੍ਰੋਵਿੰਸ ਲਈ ਮੁਕੰਮਲ ਹਾਊਸਿੰਗ ਪਲੇਟਫਾਰਮ ਸ਼ਾਮਲ ਹੈ।

ਪਾਰਟੀ ਵੱਲੋਂ ਅਗਲੇ ਚਾਰ ਸਾਲਾਂ ਵਿੱਚ 16.4 ਬਿਲੀਅਨ ਡਾਲਰ ਖਰਚ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਘਾਟਾ ਵੀ ਪੀਸੀ ਪਾਰਟੀ ਦੇ ਬਰਾਬਰ ਹੀ ਰਹੇਗਾ। ਜੋ ਕਿ ਇਸ ਸਾਲ ਅਚਨਚੇਤੀ ਫੰਡਾਂ ਨੂੰ ਮੁੜ ਲੋਕੇਟ ਕਰਨ ਤੋਂ ਬਾਅਦ 19.9 ਬਿਲੀਅਨ ਡਾਲਰ ਰਹੇਗਾ।ਉਨ੍ਹਾਂ ਆਖਿਆ ਕਿ ਇਨ੍ਹਾਂ ਫੰਡਾਂ ਨੂੰ ਵਰਤਣ ਤੋਂ ਬਾਅਦ ਵੀ ਉਨ੍ਹਾਂ ਦੇ ਪਲੈਨ ਵਿੱਚ ਐਮਰਜੰਸੀ ਲਈ 3.4 ਬਿਲੀਅਨ ਡਾਲਰ ਫੰਡ 2022-23 ਲਈ ਰਾਖਵੇਂ ਰਹਿ ਜਾਣਗੇ।

ਲਿਬਰਲਾਂ ਨੇ ਆਖਿਆ ਕਿ ਉਹ 2026/27 ਤੱਕ ਬਜਟ ਨੂੰ ਸੰਤੁਲਿਤ ਕਰ ਦੇਣਗੇ। ਇੱਥੇ ਹੀ ਬੱਸ ਨਹੀਂ ਸੱਤਾ ਵਿੱਚ ਆਉਣ ਦੇ ਪਹਿਲੇ 100 ਦਿਨਾਂ ਦੇ ਅੰਦਰ ਅੰਦਰ ਉਹ ਪ੍ਰੋਵਿੰਸ ਦੀ ਵਿੱਤੀ ਸਥਿਤੀ ਦਾ ਡੂੰਘਾਈ ਵਿੱਚ ਮੁਲਾਂਕਣ ਕਰਨਗੇ।ਹਾਊਸਿੰਗ ਪਲੇਟਫਾਰਮ ਵਿੱਚ ਓਨਟਾਰੀਓ ਦੇ ਸਾਰੇ ਘਰਾਂ ਲਈ ਰੈਂਟ ਕੰਟਰੋਲ ਮੁੜ ਸ਼ੁਰੂ ਕਰਨ ਦਾ ਤਹੱਈਆ ਵੀ ਪ੍ਰਗਟਾਇਆ ਗਿਆ ਹੈ। ਇਸ ਨੂੰ ਫੋਰਡ ਸਰਕਾਰ ਵੱਲੋਂ ਉਸ ਸਮੇਂ ਖਤਮ ਕਰ ਦਿੱਤਾ ਗਿਆ ਸੀ ਜਦੋਂ ਉਹ ਸੱਤਾ ਵਿੱਚ ਆਈ।

ਐਨਡੀਪੀ ਤੇ ਪੀਸੀ ਪਾਰਟੀ ਵਾਂਗ ਲਿਬਰਲਾਂ ਨੇ 1.5 ਮਿਲੀਅਨ ਨਵੇਂ ਕਿਫਾਇਤੀ ਘਰ ਬਣਾਉਣ ਦਾ ਵਾਅਦਾ ਵੀ ਕੀਤਾ।ਲਿਬਰਲਾਂ ਨੇ ਆਖਿਆ ਕਿ ਉਹ ਨਵੀਂ ਓਨਟਾਰੀਓ ਹੋਮ ਬਿਲਡਿੰਗ ਕਾਰਪੋਰੇਸ਼ਨ (ਓਐਚਬੀਸੀ) ਕਾਇਮ ਕਰਨਗੇ ਤਾਂ ਕਿ ਕਿਫਾਇਤੀ ਘਰਾਂ ਦਾ ਨਿਰਮਾਣ ਹੋ ਸਕੇ ਤੇ ਉਨ੍ਹਾਂ ਨੂੰ ਵਿੱਤੀ ਮਦਦ ਦਿੱਤੀ ਜਾ ਸਕੇ। ਇਹ ਘਰ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਹੋਣਗੇ। ਪਾਰਟੀ ਖਾਲੀ ਪਏ ਘਰਾਂ ਉੱਤੇ ਟੈਕਸ ਵੀ ਲਾਵੇਗੀ। ਲਿਬਰਲਾਂ ਨੇ ਇਹ ਵਾਅਦਾ ਵੀ ਕੀਤਾ ਕਿ ਘਰਾਂ ਦਾ ਨਰੀਖਣ ਕੀਤਾ ਜਾਵੇਗਾ ਤੇ ਘਰਾਂ ਦੇ ਨਰੀਖਣ ਨੂੰ ਕਾਨੂੰਨੀ ਅਧਿਕਾਰ ਦਾ ਦਰਜਾ ਦਿਵਾਇਆ ਜਾਵੇਗਾ।

ਵੋਟਰਾਂ ਨਾਲ ਲਿਬਰਲਾਂ ਨੇ ਕਰਾਰ ਕੀਤਾ ਕਿ ਰੀਜਨਲ ਪੱਧਰ ਉੱਤੇ 16 ਡਾਲਰ ਪ੍ਰਤੀ ਘੰਟੇ ਦੀਆਂ ਘੱਟ ਤੋਂ ਘੱਟ ਉਜਰਤਾਂ ਸ਼ੁਰੂ ਕੀਤੀਆਂ ਜਾਣਗੀਆਂ।ਲਿਬਰਲਾਂ ਵੱਲੋਂ ਪਲੇਟਫਾਰਮ ਵਿੱਚ ਸ਼ਾਮਲ ਕੀਤੇ ਗਏ ਹੋਰਨਾਂ ਐਲਾਨਾਂ ਵਿੱਚ ਲਾਂਗ ਟਰਮ ਪ੍ਰੌਫਿਟ ਕੇਅਰ ਨੂੰ ਖ਼ਤਮ ਕਰਨਾ, ਪੂਰੇ ਪ੍ਰੋਵਿੰਸ ਵਿੱਚ ਇੱਕ ਡਾਲਰ ਦੀ ਰਾਈਡ, ਸਰਜੀਕਲ ਬੈਕਲਾਗ ਨੂੰ ਖ਼ਤਮ ਕਰਨਾ, ਵਰਕਰਜ਼ ਲਈ ਪੇਡ ਸਿੱਕ ਡੇਅਜ਼, ਹਾਈਵੇਅ 413 ਨੂੰ ਰੱਦ ਕਰਨਾ ਆਦਿ ਸ਼ਾਮਲ ਹਨ।

# ਰਹਿਣ ਸਹਿਣ ਉੱਤੇ ਆਉਣ ਵਾਲੀ ਲਾਗਤ ਹੈ ਓਨਟਾਰੀਓ ਦੇ ਵੋਟਰਾਂ ਲਈ ਮੁੱਖ ਮੁੱਦਾ : ਰਿਪੋਰਟ



ਓਨਟਾਰੀਓ, 12 ਮਈ (ਪੋਸਟ ਬਿਊਰੋ) : ਓਨਟਾਰੀਓ ਦੇ ਹਰੇਕ ਚੋਣ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਇਸ ਸਮੇਂ ਵੋਟਰਾਂ ਦੀ ਮੁੱਖ ਚਿੰਤਾ ਰਹਿਣ-ਸਹਿਣ ਉੱਤੇ ਆਉਣ ਵਾਲੀ ਲਾਗਤ ਹੈ।

ਮਹਾਂਮਾਰੀ ਦੇ ਫੈਲਣ ਤੋਂ ਦੋ ਸਾਲ ਬਾਅਦ ਤੱਕ ਵੀ ਸਿਹਤ ਦਾ ਮੁੱਦਾ ਵੀ ਮੁੱਖ ਬਣਿਆ ਹੋਇਆ ਹੈ ਤੇ ਰੋਜ਼ਗਾਰ ਦਾ ਮਸਲਾ ਹੱਲ ਨਹੀਂ ਹੋ ਰਿਹਾ ਜਦਕਿ ਬੇਰੋਜ਼ਗਾਰੀ ਵੱਧਦੀ ਜਾ ਰਹੀ ਹੈ।ਓਨਟਾਰੀਓ ਦੇ ਪਾਰਟੀ ਆਗੂਆਂ ਵੱਲੋਂ ਅਕਸਰ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਲੋਕ ਚਾਹੁੰਦੇ ਹਨ ਕਿ ਆਗੂ ਉਨ੍ਹਾਂ ਨੂੰ ਦਰਪੇਸ਼ ਮੁੱਦਿਆਂ ਨੂੰ ਇਸ ਤਰ੍ਹਾਂ ਉਠਾਉਣ ਤਾਂ ਕਿ ਇਹ ਸਮਝ ਆ ਸਕੇ ਕਿ ਉਹ ਸਮਝਦੇ ਹਨ ਕਿ ਵੋਟਰਜ਼ ਨੂੰ ਕਿਹੋ ਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੋਲਸਟਰ ਤੇ ਇਨੋਵੇਟਿਵ ਰਿਸਰਚ ਗਰੁੱਪ ਦੇ ਪ੍ਰੈਜ਼ੀਡੈਂਟ ਗ੍ਰੈੱਗ ਲਾਇਲ ਨੇ ਆਖਿਆ ਕਿ ਜਿਹੜੇ ਸਮਾਰਟ ਸਿਆ-ਸਤਦਾਨ ਹਨ ਉਨ੍ਹਾਂ ਨੂੰ ਰਹਿਣ ਸਹਿਣ ਉੱਤੇ ਆਉਣ ਵਾਲੀ ਲਾਗਤ ਨੂੰ ਮੁੱਦਾ ਨਹੀਂ ਮੰਨਣਾ ਚਾਹੀਦਾ ਸਗੋਂ ਇਸ ਸਮੱਸਿਆ ਨੂੰ ਕੈਰੈਕਟਰ ਟੈਸਟ ਮੰਨਣਾ ਚਾਹੀਦਾ ਹੈ।ਇਪਸੋਸ ਐਂਡ ਐਬੇਕਸ ਡਾਟਾ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਇਸ ਸਮੇਂ ਓਨਟਾਰੀਓ ਦੇ ਵੋਟਰ ਸੱਭ ਤੋਂ ਵੱਧ ਪ੍ਰਭਾਵਿਤ ਰਹਿਣ ਸਹਿਣ ਉੱਤੇ ਆਉਣ ਵਾਲੀ ਲਾਗਤ ਕਾਰਨ ਹੀ ਹਨ। ਜੇ ਤੁਸੀਂ ਇਸ ਮੁੱਦੇ ਨੂੰ ਛੱਡ ਕੇ ਕੋਈ ਹੋਰ ਮਸਲਾ ਚੁੱਕਦੇ ਹੋ ਤਾਂ ਵੋਟਰਾਂ ਨੂੰ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੇ।

ਸਰਵੇਖਣ ਅਨੁਸਾਰ ਇਸ ਮਾਮਲੇ ਵਿੱਚ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਲਿਬਰਲਾਂ ਤੇ ਐਨਡੀਪੀ ਤੋਂ ਵੱਧ ਫਾਇਦਾ ਹੈ। ਲਾਇਲ ਨੇ ਆਖਿਆ ਕਿ ਕਿਸੇ ਪਾਰਟੀ ਦੀ ਸਾਖ ਵੋਟਰਾਂ ਵਿੱਚ ਕਿਹੋ ਜਿਹੀ ਹੈ ਇਸ ਦਾ ਪਤਾ ਅਜਿਹੇ ਮੌਕਿਆਂ ਉੱਤੇ ਲੱਗਦਾ ਹੈ ਕਿਉਂਕਿ ਅਪਰੈਲ ਤੋਂ ਬਾਅਦ ਕਿਫਾਇਤੀ ਘਰਾਂ ਦੀ ਗੱਲ ਕਰਨ ਵਾਲੀਆਂ ਪਾਰਟੀਆਂ ਨੂੰ ਇਸ ਬਾਰੇ ਪਹਿਲਾਂ ਕਦੇ ਚੇਤਾ ਵੀ ਨਹੀਂ ਆਇਆ।ਇਹ ਪੁੱਛੇ ਜਾਣ ਉੱਤੇ ਕਿ ਅਫੋਰਡੇਬਿਲਿਟੀ ਵਾਸਤੇ ਕਿਹੜੀ ਪਾਰਟੀ ਚੰਗਾ ਕੰਮ ਕਰ ਸਕਦੀ ਹੈ ਤਾਂ ਵੋਟਰਾਂ ਨੇ ਆਖਿਆ ਕਿ ਕੋਈ ਵੀ ਨਹੀਂ।ਜਿਸ ਤੋਂ ਭਾਵ ਹੈ ਕਿ ਲਿਬਰਲਾਂ ਤੇ ਐਨਡੀਪੀ ਨੂੰ ਵੀ ਪੀਸੀ ਪਾਰਟੀ ਦੀ ਥਾਂ ਫਾਇਦਾ ਹੋ ਸਕਦਾ ਹੈ।

ਅਰਨਜ਼ਕਲਿੱਫ ਸਟਰੈਟੇਜੀ ਵੱਲੋਂ ਕਰਵਾਏ ਸਰਵੇਖਣ ਤੋਂ ਸਾਹਮਣੇ ਆਇਆ ਕਿ ਪੀਸੀ ਪਾਰਟੀ ਨੂੰ ਹੋਰਾਂ ਦੇ ਮੁਕਾਬਲੇ ਮਾਮੂਲੀ ਲੀਡ ਹਾਸਲ ਹੈ। ਵੋਟਰ ਅਜੇ ਵੀ ਰਹਿਣ ਸਹਿਣ ਦੀ ਲਾਗਤ ਨੂੰ ਹੀ ਚਿੰਤਾ ਦਾ ਮੁੱਖ ਮੁੱਦਾ

# ਨੌਰਥ ਯੌਰਕ ਵਿੱਚ ਚੱਲੀ ਗੋਲੀ, ਇੱਕ ਹਲਾਕ



ਓਨਟਾਰੀਓ, 12 ਮਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਨੌਰਥ ਯੌਰਕ ਵਿੱਚ ਪਲਾਜ਼ਾ ਨੇੜੇ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਮਸ਼ਕੂਕ ਚੋਰੀ ਦੀ ਕਾਰ ਵਿੱਚ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਪੁਲਿਸ ਮਸ਼ਕੂਕ ਦੀ ਭਾਲ ਕਰ ਰਹੀ ਹੈ।

ਜੇਨ ਸਟਰੀਟ ਤੇ ਵਿਲਸਨ ਐਵਨਿਊ ਦੇ ਪਾਰਕਿੰਗ ਲੌਟ ਵਿੱਚ ਗੋਲੀ ਚੱਲਣ ਦੀਆ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਰਾਤੀਂ 8:30 ਵਜੇ ਮੌਕੇ ਉੱਤੇ ਪਹੁੰਚੀ।ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਮਿਲਿਆ ਤੇ ਉਸ ਨੂੰ ਮ੍ਰਿਤਕ ਐਲਾਨਣ ਤੋਂ ਪਹਿਲਾਂ ਪੈਰਾਮੈਡਿਕਸ ਵੱਲੋਂ ਉਸ ਦੀ ਚੰਗੀ ਤਰ੍ਹਾਂ ਜਾਂਚ ਵੀ ਕੀਤੀ ਗਈ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਕਾਰਜੈਕ ਕਰਨ ਤੋਂ ਬਾਅਦ ਸ਼ੈਰੀਡਨ ਮਾਲ ਦੇ ਪਾਰਕਿੰਗ ਲੌਟ ਰਾਹੀਂ ਫਰਾਰ ਹੋ ਗਿਆ।ਇਹ ਚੋਰੀ ਕੀਤੀ ਗਈ ਗੱਡੀ ਕਾਲੇ ਰੰਗ ਦੀ 2022 ਮਾਡਲ ਦੀ ਟੌਇਟਾ ਕੋਰੋਲਾ ਹੈ ਜਿਸ ਉੱਤੇ ਓਨਟਾਰੀਓ ਦੀ ਲਾਇਸੰਸ ਪਲੇਟ ਸੀ ਵੀ ਜ਼ੈੱਡ ਡਬਲਿਊ 153 ਨੰਬਰ ਦਰਜ ਹੈ।ਜਾਂਚਕਾਰਾਂ ਦਾ ਮੰਨਣਾ ਹੈ ਕਿ ਇਹ ਸੋਚ ਸਮਝ ਕੇ ਕੀਤੀ ਗਈ ਸ਼ੂਟਿੰਗ ਹੈ।ਮ੍ਰਿਤਕ ਦੀ ਪਛਾਣ ਅਜੇ ਜ਼ਾਹਿਰ ਨਹੀਂ ਕੀਤੀ ਗਈ ਹੈ।

# ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 12 ਮਈ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਰਿਚਮੰਡ ਹਿੱਲ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਐਮਰਜੰਸੀ ਰੰਨ ਰਾਹੀਂ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਯੰਗ ਸਟਰੀਟ ਤੇ ਰੌਇਲ ਓਰਚਰਡ ਬੁਲੇਵਾਰਡ ਵਿੱਚ ਹਥਿਆਰ ਨਾਲ ਇੱਕ ਵਿਅਕਤੀ ਉੱਤੇ ਹਮਲੇ ਦੀ ਖਬਰ ਦੇ ਕੇ ਦੁਪਹਿਰੇ 1:15 ਉੱਤੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਉਨ੍ਹਾਂ ਨੂੰ ਛੁਰੇਬਾਜ਼ੀ ਕਾਰਨ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਉੱਥੇ ਮਿਲਿਆ। ਪੁਲਿਸ ਨੇ ਦੱਸਿਆ ਕਿ ਉਸ ਦੀ ਹਾਲਤ ਕਿਹੋ ਜਿਹੀ ਹੈ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਪੁਲਿਸ ਨੇ ਆਖਿਆ ਕਿ ਉਸ ਦੇ ਜ਼ਖ਼ਮ ਜਾਨਲੇਵਾ ਵੀ ਹੋ ਸਕਦੇ ਹਨ।

ਇਹ ਘਟਨਾ ਵੀਵਾ ਯੌਰਕ ਰੀਜਨ ਦੀ ਟਰਾਂਜ਼ਿਟ ਬੱਸ ਵਿੱਚ ਵਾਪਰੀ।ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਪੁਲਿਸ ਘਟਨਾ ਦੇ ਸਬੰਧ ਵਿੱਚ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

# ਦੋ ਸਾਲਾਂ ਵਿੱਚ ਲਿਬਰਲਾਂ ਨੇ ਓਡੀਐਸਪੀ ਬੈਨੇਫਿਟ ਵਿੱਚ 20 ਫੀ ਸਦੀ ਵਾਧਾ ਕਰਨ ਦਾ ਕੀਤਾ ਵਾਅਦਾ



ਓਨਟਾਰੀਓ, 12 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਜੇ ਉਹ ਸੱਤਾ ਵਿੱਚ ਆਉਂਦੀ ਹੈ ਤਾਂ ਅਗਲੇ ਦੋ ਸਾਲਾਂ ਵਿੱਚ ਓਨਟਾਰੀਓ ਡਿਸਐਬਿਲਿਟੀ ਸਪੋਰਟ ਪ੍ਰੋਗਰਾਮ (ਓਡੀਐਸਪੀ)ਬੈਨੇਫਿਟਸ ਵਿੱਚ 20 ਫੀ ਸਦੀ ਦਾ ਵਾਧਾ ਕਰੇਗੀ।

ਇਸ ਸਮੇਂ ਅਪਾਹਜ ਵਿਅਕਤੀਆਂ ਨੂੰ ਕਿਰਾਇਆ, ਖਾਣਾ, ਕੱਪੜੇ ਲੱਤੇ ਤੇ ਹੋਰ ਖਰਚੇ ਪੂਰੇ ਕਰਨ ਲਈ ਮਹੀਨੇ ਦੇ 1,169 ਡਾਲਰ ਪ੍ਰਤੀ ਮਹੀਨਾ ਮਿਲਦੇ ਹਨ। ਪਿਛਲੇ ਕਈ ਸਾਲਾਂ ਤੋਂ ਇਸ ਰਕਮ ਵਿ੍ਚ ਵਾਧਾ ਕਰਨ ਦੀ ਮੰਗ ਉੱਠਦੀ ਰਹੀ ਹੈ।ਲਿਬਰਲ ਆਗੂ ਸਟੀਵਨ ਡੈਲ ਡੂਕਾ ਦਾ ਕਹਿਣਾ ਹੈ ਕਿ ਜੇ ਉਹ ਚੁਣੇ ਜਾਂਦੇ ਹਨ ਤਾਂ ਉਨ੍ਹਾਂ ਦੀ ਪਾਰਟੀ 2022 ਵਿੱਚ ਓਡੀਐਸਪੀ ਬੈਨੇਫਿਟਸ ਨੂੰ 10 ਫੀ ਸਦੀ ਵਧਾਵੇਗੀ ਤੇ 2023 ਵਿੱਚ ਇਨ੍ਹਾਂ ਬੈਨੇਫਿਟਸ ਨੂੰ 10 ਫੀ ਸਦੀ ਹੋਰ ਵਧਾਇਆ ਜਾਵੇਗਾ।

ਲਿਬਰਲ ਪਲੈਨ ਮੁਤਾਬਕ 2023 ਵਿੱਚ ਜਦੋਂ ਇਹ ਪਲੈਨ ਪੂਰੀ ਤਰ੍ਹਾਂ ਅਮਲ ਵਿੱਚ ਆ ਜਾਵੇਗਾ ਤਾਂ ਇੱਕ ਅਪਾਹਜ ਵਿਅਕਤੀ ਨੂੰ ਮਿਲਣ ਵਾਲੀ ਬੇਸਿਕ ਓਡੀਐਸਪੀ ਪੇਅਮੈਂਟ 1400 ਡਾਲਰ ਪ੍ਰਤੀ ਮਹੀਨਾ ਦੇ ਨੇੜੇ ਤੇੜੇ ਹੋਵੇਗੀ। ਲਿਬਰਲਾਂ ਅਨੁਸਾਰ ਇਸ ਉੱਤੇ 1.2 ਬਿਲੀਅਨ ਡਾਲਰ ਦਾ ਵਾਧੂ ਖਰਚਾ ਆਵੇਗਾ।

ਇਸ ਦੌਰਾਨ ਐਨਡੀਪੀ ਨੇ ਆਖਿਆ ਕਿ ਜੇ ਉਹ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਫੌਰੀ ਤੌਰ ਉੱਤੇ ਓਡੀਐਸਪੀ ਦਰਾਂ ਵਿੱਚ 20 ਫੀ ਸਦੀ ਦਾ ਵਾਧਾ ਕਰੇਗੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਆਪਣੇ ਪਹਿਲੇ ਕਾਰਜਕਾਲ ਦੇ ਮੁੱਕਣ ਤੋਂ ਪਹਿਲਾਂ ਉਹ ਇਸ ਸਿਸਟਮ ਨੂੰ ਮੁੜ ਡਿਜ਼ਾਈਨ ਕਰਨਗੇ।ਗ੍ਰੀਨ ਪਾਰਟੀ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਬੈਨੇਫਿਟਸ ਨੂੰ ਦੁੱਗਣਾ ਕਰਨਗੇ। ਪੀਸੀ ਪਾਰਟੀ, ਜਿਹੜੀ ਇਸ ਸਮੇਂ ਚੋਣ ਸਰਵੇਖਣਾਂ ਵਿੱਚ ਸੱਭ ਤੋਂ ਅੱਗੇ ਚੱਲ ਰਹੀ ਹੈ, ਵੱਲੋਂ ਆਪਣੇ ਬਜਟ - ਜੋ ਕਿ ਉਨ੍ਹਾਂ ਦੇ ਇਲੈਕਸ਼ਨ ਪਲੇਟਫਾਰਮ ਵਜੋਂ ਵੀ ਕੰਮ ਕਰ ਰਿਹਾ ਹੈ-ਵਿੱਚ ਓਡੀਐਸਪੀ ਵਿੱਚ ਵਾਧਾ ਕੀਤੇ ਜਾਣ ਦੀ ਕੋਈ ਗੱਲ ਨਹੀਂ ਕੀਤੀ ਗਈ।

ਪ੍ਰੀਮੀਅਰ ਡੱਗ ਫੋਰਡ ਤੋਂ ਇਹ ਪੁੱਛੇ ਜਾਣ ਉੱਤੇ ਕਿ ਕੀ ਉਹ ਓਡੀਐਸਪੀ ਦਰਾਂ ਵਿੱਚ ਵਾਧਾ ਕਰਨਗੇ ਤਾਂ ਉਨ੍ਹਾਂ ਆਖਿਆ ਕਿ ਪਿਛਲੇ ਚਾਰ ਸਾਲਾਂ ਤੋਂ ਜਿਹੜੇ ਕੰਮ ਨਹੀਂ ਕਰ ਸਕਦੇ ਉਹ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਇਹ ਵੀ ਆਖਿਆ ਕਿ ਕਿਸੇ ਦੀ ਮਦਦ ਕਰਨ ਦਾ ਸੱਭ ਤੋਂ ਵਧੀਆ ਤਰੀਕਾ ਉਸ ਨੂੰ ਕੰਮ ਦਿਵਾਉਣਾ ਹੈ। ਜਦੋਂ ਸਟੀਵਨ ਡੈਲ ਡੂਕਾ ਤੋਂ ਇਹ ਪੁੱਛਿਆ ਗਿਆ ਕਿ 15 ਸਾਲ ਸੱਤਾ ਵਿੱਚ ਰਹਿਣ ਉੱਤੇ ਵੀ ਲਿਬਰਲਾਂ ਵੱਲੋਂ ਇਨ੍ਹਾਂ ਦਰਾਂ ਵਿੱਚ ਵਾਧਾ ਨਹੀਂ ਕੀਤਾ ਗਿਆ ਤਾਂ ਹੁਣ ਅਜਿਹਾ ਕੀ ਨਵਾਂ ਹੋਵੇਗਾ ਕਿ ਉਹ ਇਨ੍ਹਾਂ ਦਰਾਂ ਵਿੱਚ ਵਾਧੇ ਦੀ ਲੋਕਾਂ ਨੂੰ ਉਮੀਦ ਦਿਵਾ ਰਹੇ ਹਨ, ਤਾਂ ਇਸ ਉੱਤੇ ਡੈਲ ਡੂਕਾ ਨੇ ਆਖਿਆ ਕਿ ਬੀਤੀਆਂ ਗੱਲਾਂ ਬਾਰੇ ਉਹ ਕੁੱਝ ਨਹੀਂ ਆਖ ਸਕਦੇ ਪਰ ਹੁਣ ਲਿਬਰਲ ਲੀਡਰਸ਼ਿਪ ਨਵੀਂ ਹੈ।

## ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀਆਂ ਮੰਗਾਂ ਸੰਦੀਪ ਸਿੰਗਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਕੋਲ ਉਠਾਈਆਂ



ਬਰੈਂਪਟਨ, 12 ਮਈ (ਡਾ. ਝੰਡ) - ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀ ਕਾਰਜਕਾਰਨੀ ਦੀ ਬੀਤੇ ਦਿਨੀਂ ਹੋਈ ਮੀਟਿੰਗ ਵਿਚ ਤਿਆਰ ਕੀਤਾ ਮੰਗ-ਪੱਤਰ 'ਆਮ ਆਦਮੀ ਪਾਰਟੀ' (ਟੋਰਾਂਟੋ) ਦੇ ਵਾਲੰਟੀਅਰ ਸੰਦੀਪ ਸਿੰਗਲਾ, ਜੋ ਇਨ੍ਹੀਂ ਦਿਨੀਂ ਪੰਜਾਬ ਗਏ ਹੋਏ ਹਨ, ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚੰਡੀਗੜ੍ਹ ਮਿਲ ਕੇ ਉਨ੍ਹਾਂ ਨਾਲ ਸਾਂਝਾ ਕੀਤਾ ਗਿਆ। ਇਸ ਮੰਗ-ਪੱਤਰ ਵਿਚ ਉਪਰੋਕਤ ਐਸੋਸੀਏਸ਼ਨ ਨੇ ਸਮੂਹ ਐੱਨ.ਆਰ.ਆਈ. ਪੈੱਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਪੰਜਾਬ ਪੇਅ ਕਮਿਸ਼ਨ ਵੱਲੋਂ 2016 ਤੋਂ ਦਿੱਤੇ ਗਏ 2.59 ਫ਼ਾਰਮੂਲੇ ਦੇ ਵਾਧੇ ਦੇ ਹਿਸਾਬ ਨਾਲ ਨਵੇਂ ਗਰੇਡਾਂ ਅਨੁਸਾਰ ਪੈੱਨਸ਼ਨ ਫਿਕਸ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਪਿਛਲੇ ਕਾਫ਼ੀ ਸਮੇਂ ਤੋਂ ਡੀ.ਏ. ਦੀਆਂ ਬਕਾਇਆ ਕਿਸ਼ਤਾਂ ਵੀ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।

ਸੰਦੀਪ ਸਿੰਗਲਾ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੂੰ ਫ਼ੋਨ 'ਤੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਰਵੱਈਆ ਇਸ ਸਬੰਧੀ ਹਾਂ-ਪੱਖੀ ਸੀ ਅਤੇ ਉਨ੍ਹਾਂ ਨੇ ਜੂਨ ਮਹੀਨੇ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬੱਜਟ ਵਿਚ ਇਸ ਸਬੰਧੀ ਲੋੜੀਂਦੀ ਰਾਸ਼ੀ ਉਪਲੱਬਧ ਕਰਵਾਉਣ ਦਾ ਯਕੀਨ ਦਿਵਾਇਆ। ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਮੁੱਖ ਮੰਤਰੀ ਦੀ ਪੈੱਨਸ਼ਨਰਾਂ ਪ੍ਰਤੀ ਇਸ ਉਸਾਰੂ ਪਹੁੰਚ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

## ਕੈਨੇਡਾ ਵਿਚ ਸਤਨਾਮ ਸਿੰਘ ਬਨਵੈਤ ਰਾਤੋ-ਰਾਤ ਲੱਖਾਂ ਡਾਲਰਾਂ ਦਾ ਮਾਲਕ ਬਣਿਆ

### ਜਿੱਤੀ 2.50 ਲੱਖ ਡਾਲਰ ਦੀ ਲਾਟਰੀ, 4 ਸਾਲਾਂ ਵਿਚ ਦੂਜੀ ਵਾਰ ਜਿੱਤੀ ਲਾਟਰੀ




ਮਿਸੀਸਾਗਾ, 12 ਮਈ (ਪੋਸਟ ਬਿਊਰੋ): 'ਦੇਣ ਵਾਲਾ ਜਦੋਂ ਵੀ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ'। ਕੈਨੇਡਾ ਦੇ ਮਿਸੀਸਾਗਾ ਸ਼ਹਿਰ ਦਾ ਸਤਨਾਮ ਸਿੰਘ ਬਨਵੈਤ ਰਾਤੋ-ਰਾਤ 2.5 ਲੱਖ ਡਾਲਰ ਦਾ ਮਾਲਕ ਬਣ ਗਿਆ ਜਦੋਂ ਲੋਟੋ ਮੈਕਸ ਡਰਾਅ ਦੇ 10 ਲੱਖ ਡਾਲਰ ਦੇ ਇਨਾਮ ਵਿਚੋਂ ਚੌਥਾ ਹਿੱਸਾ ਉਸ ਨੂੰ ਮਿ-ਲਿਆ।ਸਤਨਾਮ ਸਿੰਘ ਬਨਵੈਤ ਨੇ ਦੱਸਿਆ ਕਿ ਉਹ 1987 ਤੋਂ ਲਾਟਰੀ ਖਰੀਦ ਰਿਹਾ ਹੈ ਅਤੇ ਚਾਰ ਸਾਲ ਵਿਚ ਦੂਜੀ ਵਾਰ ਇਨਾਮ ਨਿਕਲਿਆ ਹੈ।

ਚਾਰ ਸਾਲ ਪਹਿਲਾਂ ਸਤਨਾਮ ਸਿੰਘ ਬਨਵੈਤ ਨੇ 10 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ ਸੀ ਪਰ ਇਸ ਵਾਰ ਮਿਲੀ ਰਕਮ ਨਾਲ ਉਹ ਆਪਣੇ ਸੁਪਨੇ ਪੂਰੇ ਕਰ ਸਕੇਗਾ।

# ਰੂਬੀ ਸਹੋਤਾ ਨੇ ਅੰਮ੍ਰਿਤਸਰ ਸ਼ਹਿਰ ਲਈ ਸਿੱਧੀਆਂ ਉਡਾਣਾਂ ਵਿੱਚ ਵਾਧਾ ਕਰਨ ਦੀ ਮੰਗ ਚੁੱਕੀ





ਓਟਵਾ, 12 ਮਈ (ਪੋਸਟ ਬਿਊਰੋ): ਬੀਤੇ ਦਿਨੀਂ ਬਰੈਂਪਟਨ ਨਾਰਥ ਤੋਂ ਸੰਸਦ ਮੈਂਬਰ ਰੂਬੀ ਸਹੋਤਾ ਨੇ ਕੈਨੇਡਾ ਤੋਂ ਭਾਰਤ, ਖਾਸ ਕਰਕੇ ਅੰਮ੍ਰਿਤਸਰ ਸ਼ਹਿਰ ਲਈ ਸਿੱਧੀਆਂ ਉਡਾਣਾਂ ਵਿੱਚ ਵਾਧਾ ਕਰਨ ਦੀ ਮੰਗ ਚੁੱਕੀ ਹੈ।ਉਨ੍ਹਾਂ ਨੇ ਕੈਨੇਡਾ ਤੋਂ ਭਾਰਤ, ਖਾਸ ਤੌਰ 'ਤੇ ਅੰਮ੍ਰਿਤਸਰ ਲਈ ਸਿੱਧੀ ਉਡਾਣ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

ਬਰੈਂਪਟਨ ਨੌਰਥ ਤੋਂ ਲਿਬਰਲ ਐੱਮ.ਪੀ. ਰੂਬੀ ਸਹੋਤਾ ਨੇ ਹਾਊਸ ਆਫ਼ ਕਾਮਨਜ਼ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ ਬਰੈਂਪਟਨ ਨੌਰਥ ਅਤੇ ਕੈਨੇਡਾ ਭਰ ਵਿੱਚ ਵਸਦੇ ਪੰਜਾਬੀ ਕੈਨੇਡੀਅਨ ਲੰਮੇ ਸਮੇਂ ਤੋਂ ਇਹ ਮੰਗ ਕਰਦੇ ਆ ਰਹੇ ਨੇ ਕਿ ਕੈਨੇਡਾ ਤੋਂ ਭਾਰਤ ਲਈ ਸਿੱਧੀਆਂ ਉਡਾਣਾਂ ਵਿੱਚ ਵਾਧਾ ਕੀਤਾ ਜਾਵੇ। ਉਨ੍ਹਾਂ ਵੱਲੋਂ ਖਾਸ ਤੌਰ 'ਤੇ ਟੋਰਾਂਟੋ ਤੋਂ ਅੰਮ੍ਰਿਤਸਰ ਲਈ ਸਿੱਧੀ ਉਡਾਣ ਸ਼ੁਰੂ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ।

ਇਸ ਦੌਰਾਨ ਮਿਸੀਸਾਗਾ ਸੈਂਟਰ ਦੇ ਟਰਾਂਸਪੋਰਟ ਮੰਤਰੀ ਅਤੇ ਸੰਸਦ ਮੈਂਬਰ ਓਮਰ ਅਲਘਬਰਾ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬੀ-ਕੈਨੇਡੀਅਨਾਂ ਨੂੰ ਵੀ ਸੁਣਿਆ ਹੈ ਅਤੇ ਹਾਲ ਹੀ ਵਿੱਚ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਭਾਰਤ ਲਈ ਹੋਰ ਸਿੱਧੀਆਂ ਉਡਾਣਾਂ ਨੂੰ ਸ਼ੁਰੂ ਕਰਨ ਲਈ ਏਅਰਲਾਈਨਾਂ ਦਾ ਸਮਰਥਨ ਕਰਨਾ ਜਾਰੀ ਰੱਖੇਗੀ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਮੰਦਰ-ਮਸਜਿਦ ਦਾ ਮੁੱਕਿਆ ਨਹੀਂ ਮੁੱਦਾ,
ਤਾਜ ਮਹਿਲ ਦੀ ਚਰਚਾ ਪਈ ਛਿੜ ਬੇਲੀ।
ਕੁਤਬ ਮੀਨਾਰ ਦੀ ਚਰਚਾ ਹੈ ਛਿੜੀ ਨਾਲੇ,
ਚੱਕਰ ਬਹੁਤ ਥਾਂ ਪਿਆ ਇਹ ਗਿੜ ਬੇਲੀ।
ਮਸਲਾ ਬਾਹਰ ਤਾਂ ਅਮਨ-ਕਾਨੂੰਨ ਵਰਗਾ,
ਅਦਾਲਤ ਅੰਦਰ ਵਕੀਲ ਰਹੇ ਭਿੜ ਬੇਲੀ।
ਕੁਝ ਤਾਂ ਧਰਮ ਦੇ ਨਾਂਅ ਤੋਂ ਹੋਏ ਪਾਗਲ,
ਕੱਢਣ ਤੁਰੇ ਕਈ ਨਿੱਜੀ ਹਨ ਕਿੜ ਬੇਲੀ।
ਇਹੋ ਈ ਹਾਲ ਜੇ ਰਹੇਗਾ ਮੁਲਕ ਅੰਦਰ,
ਹਾਲਤ ਹੋ ਜਾਊਗੀ ਬਹੁਤ ਖਰਾਬ ਬੇਲੀ।
ਛੱਡ ਕੇ ਸੁਫਨੇ ਸੁਨਹਿਰੇ ਦੀ ਝਾਕ ਬੇਲੀ,
ਬੁਰੇ ਹੀ ਆਵਣਗੇ ਸਿਰਫ ਖਵਾਬ ਬੇਲੀ।

**ਤੀਸ ਮਾਰ ਖਾਂ**

# ਗਰਮੀਆਂ ਵਿੱਚ ਕੋਵਿਡ-19 ਦੀ ਰਫਤਾਰ ਮੱਠੀ ਰਹਿਣ ਦੀ ਸੰਭਾਵਨਾ : ਡਾ.ਮੂਰ

ਟੋਰਾਂਟੋ, 12 ਮਈ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਦਾ ਕਹਿਣਾ ਹੈ ਕਿ ਕੋਵਿਡ-19 ਸਬੰਧੀ ਮਿਲ ਰਹੇ ਸੰਕੇਤ ਇਹ ਸਿੱਧ ਕਰਦੇ ਹਨ ਕਿ ਅਸੀਂ ਸਹੀ ਦਿਸ਼ਾ ਵੱਲ ਵੱਧ ਰਹੇ ਹਾਂ। ਉਨ੍ਹਾਂ ਆਖਿਆ ਕਿ ਇਨ੍ਹਾਂ ਸੰਕੇਤਾਂ ਮੁਤਾਬਕ ਗਰਮੀਆਂ ਵਿੱਚ ਕੋਵਿਡ ਦੇ ਕੇਸਾਂ ਵਿੱਚ ਕੋਈ ਵਾਧਾ ਹੋਣ ਦੀ ਸੰਭਾਵਨਾ ਨਹੀਂ ਹੈ। ਪਰ ਫਿਰ ਵੀ ਉਨ੍ਹਾਂ ਆਖਿਆ ਕਿ ਉਹ ਕੋਵਿਡ ਦੇ ਸਬਵੇਰੀਐਂਟ ਬੀਏ.4 ਤੇ ਬੀਏ.5 ਨੂੰ ਲੈ ਕੇ ਚਿੰਤਤ ਹਨ।



ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਆਖਿਆ ਕਿ ਵੇਸਟਵਾਟਰ ਵਿੱਚ ਕੋਵਿਡ-19 ਦਾ ਪੱਧਰ ਘੱਟ ਰਿਹਾ ਹੈ। ਇਸ ਦੇ ਨਾਲ ਹੀ ਟੈਸਟ ਪਾਜ਼ੀਟਿਵਿਟੀ ਦਰ ਵੀ ਘੱਟ ਰਹੀ ਹੈ ਤੇ ਲੋਕਾਂ ਦੇ ਕੋਵਿਡ-19 ਕਾਰਨ ਹਸਪਤਾਲ ਦਾਖਲ ਹੋਣ ਦਾ ਸਿਲਸਿਲਾ ਵੀ ਮੱਠਾ ਪੈ ਗਿਆ ਹੈ।

ਮੂਰ ਨੇ ਆਖਿਆ ਕਿ ਗਰਮੀਆਂ ਵਿੱਚ ਮਹਾਂਮਾਰੀ ਦੀ ਮਾਰ ਦਾ ਕੋਈ ਡਰ ਨਜ਼ਰ ਨਹੀਂ ਆ ਰਿਹਾ ਪਰ ਸਾਲ ਦੇ ਅੰਤ ਲਈ ਉਹ ਹੁਣੇ ਤੋਂ ਤਿਆਰੀਆਂ ਕਰ ਰਹੇ ਹਨ ਕਿਉਂਕਿ ਵਧੇਰੇ ਗਤੀਵਿਧੀਆਂ ਇੰਡੋਰ ਹੋਣ ਕਾਰਨ ਮਾਮਲੇ ਵੱਧ ਸਕਦੇ ਹਨ। ਉਨ੍ਹਾਂ ਆਖਿਆ ਕਿ ਸਮੇਂ ਸਮੇਂ ਉੱਤੇ ਵੈਕਸੀਨੇਸ਼ਨ ਕਰਵਾ ਕੇ ਇਸ ਮਹਾਂਮਾਰੀ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਭਾਵੇਂ ਵਾਇਰਸ ਦੀ ਰਫਤਾਰ ਤੇਜ਼ ਜਾਂ ਮੱਠੀ ਹੋਵੇ ਲੋਕਾਂ ਨੂੰ ਬੂਸਟਰ ਡੋਜ਼ ਲਵਾ ਲੈਣੀ ਚਾਹੀਦੀ ਹੈ।

# ਹਾਈ ਸਕੂਲ ਵਿਦਿਆਰਥੀ ਨੂੰ ਮਾਰੀ ਗਈ ਗੋਲੀ

ਟੋਰਾਂਟੋ, 12 ਮਈ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਵਿਕਟੋਰੀਆ ਪਾਰਕ ਕਾਲਜੀਏਟ ਦੇ ਪਾਰਕਿੰਗ ਲੌਟ ਵਿੱਚ ਇੱਕ 17 ਸਾਲਾ ਵਿਦਿਆਰਥੀ ਨੂੰ ਗੋਲੀ ਮਾਰ ਦਿੱਤੀ ਗਈ।

ਟੋਰਾਂਟੋ ਪੁਲਿਸ ਨੂੰ ਵੀਰਵਾਰ ਸਵੇਰੇ 11:00 ਵਜੇ ਡੌਨ ਮਿੱਲਜ਼ ਰੋਡ ਤੇ ਲਾਅਰੈਂਸ ਐਵਨਿਊ ਈਸਟ ਨੇੜੇ ਸੱਦਿਆ ਗਿਆ। ਇਹ ਸਕੂਲ ਵਿਕਟੋਰੀਆ ਪਾਰਕ ਐਵਨਿਊ ਤੇ ਯੌਰਕ ਮਿਲਜ਼ ਰੋਡ ਨੇੜੇ ਵਾਲਿੰਗਫੋਰਡ ਰੋਡ ਉੱਤੇ ਸਥਿਤ ਹੈ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਦਿਆਰਥੀ ਡੌਨ ਮਿੱਲਜ਼ ਤੇ ਲਾਅਰੈਂਸ ਨੇੜੇ ਮਿਲਿਆ। ਵਿਦਿਆਰਥੀ ਦੇ ਜ਼ਖ਼ਮ ਜਾਨਲੇਵਾ ਨਹੀਂ ਹਨ।



ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦੇ ਬੁਲਾਰੇ ਰਾਇਨ ਬਰਡ ਨੇ ਦੱਸਿਆ ਕਿ ਵਿਦਿਆਰਥੀ 11ਵੀਂ ਕਲਾਸ ਵਿੱਚ ਪੜ੍ਹਦਾ ਹੈ। ਕਾਰਜਕਾਰੀ ਡਿਊਟੀ ਇੰਸਪੈਕਟਰ ਕ੍ਰਿਸਟੀ ਸਮਿੱਥ ਨੇ ਆਖਿਆ ਕਿ ਪੁਲਿਸ ਨੂੰ ਗੋਲੀਆਂ ਦੇ ਖੋਲ ਪਾਰਕਿੰਗ ਲੌਟ ਵਿੱਚ ਮਿਲੇ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿੰਨੀਆਂ ਗੋਲੀਆਂ ਚਲਾਈਆਂ ਗਈਆਂ। ਟੋਨੀ ਨਾਂ ਦੇ ਚਸ਼ਮਦੀਦ ਨੇ ਦੱਸਿਆ ਕਿ ਉਸ ਨੇ ਮੌਕੇ ਤੋਂ ਕਾਲੇ ਰੰਗ ਦੀ ਕਾਲੇ ਸ਼ੀਸ਼ਿਆਂ ਵਾਲੀ ਕਾਰ ਤੇਜ਼ ਰਫਤਾਰ ਨਾਲ ਜਾਂਦੀ ਵੇਖੀ।

ਪੁਲਿਸ ਵੱਲੋਂ ਮਸ਼ਕੂਕ ਜਾਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ।

# ਪੰਜ ਸਾਲਾ ਬੱਚੇ ਨੂੰ ਵਾਲਾਂ ਤੋਂ ਫੜ੍ਹਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ,12 ਮਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਇੱਕ ਅਜਿਹੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਜਿਸ ਨੇ ਗ੍ਰੈਂਜ ਪਾਰਕ ਵਿੱਚ ਇੱਕ ਪੰਜ ਸਾਲਾ ਬੱਚੇ ਨੂੰ ਵਾਲਾਂ ਤੋਂ ਫੜ੍ਹ ਕੇ ਖਿੱਚ ਲਿਆ।

ਬੁੱਧਵਾਰ ਦੁਪਹਿਰ ਨੂੰ 3:30 ਵਜੇ ਤੋਂ ਤੁਰੰਤ ਬਾਅਦ ਪੁਲਿਸ ਨੂੰ ਗ੍ਰੈਂਜ ਰੋਡ ਤੇ ਮੈਕਕੌਲ ਸਟਰੀਟ ਨੇੜੇ ਬਾਲਡਵਿੰਨ ਵਿਲੇਜ ਦੇ ਪਾਰਕ ਸੱਦਿਆ ਗਿਆ। ਪੁਲਿਸ ਨੇ ਆਖਿਆ ਕਿ ਮਸ਼ਕੂਕ ਪਾਰਕ ਵਿੱਚ ਖੇਡ ਰਹੇ 5 ਸਾਲਾ ਬੱਚੇ ਕੋਲ ਗਿਆ ਤੇ ਉਸ ਨੂੰ ਵਾਲਾਂ ਤੋਂ ਫੜ੍ਹ ਕੇ ਚੁੱਕ ਦਿੱਤਾ। ਇੱਕ ਚਸ਼ਮਦੀਦ ਨੇ ਦਖਲ ਦੇ ਕੇ ਬੱਚੇ ਨੂੰ ਛੁਡਾਇਆ। ਮਸ਼ਕੂਕ ਨੂੰ ਕੁਈਨ ਸਟਰੀਟ ਵੈਸਟ ਵੱਲ ਜਾਂਦਿਆਂ ਵੇਖਿਆ ਗਿਆ।



ਪੁਲਿਸ ਨੇ ਮਸ਼ਕੂਕ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਉਸ ਦੀ ਉਮਰ 25-35 ਸਾਲ ਦਰਮਿਆਨ, ਕੱਦ ਪੰਜ ਫੁੱਟ ਅੱਠ ਇੰਚ, ਕੱਦਕਾਠੀ ਦਰਮਿਆਨੀ, ਵਾਲ ਨਿੱਕੇ ਤੇ ਭੂਰੇ ਤੇ ਮੂੰਹ ਉੱਤੇ ਦਾੜ੍ਹੀ ਮੁੱਛ ਹੈ। ਉਸ ਨੇ ਕਾਲੀ ਪੈਂਟ, ਲਾਲ ਜੁੱਤੇ ਤੇ ਕਾਲੀ ਸ਼ਰਟ ਆਪਣੇ ਗਲ ਦੁਆਲੇ ਵਲ੍ਹੇਟੀ ਹੋਈ ਸੀ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।


# ਤਾਜ ਮਹਿਲ ਦੇ 22 ਕਮਰੇ ਖੋਲ੍ਹਣ ਦੀ ਮੰਗ ਦੀ ਪਟੀਸ਼ਨ ਹਾਈ ਕੋਰਟ ਵੱਲੋਂ ਰੱਦ

*** ਪਟੀਸ਼ਨਕਰਤਾ ਨੂੰ ਅਦਾਲਤ ਨੇ ਸਖਤ ਫਿਟਕਾਰ ਲਾਈ**

ਲਖਨਊ, 12 ਮਈ, (ਪੋਸਟ ਬਿਊਰੋ)- ਆਗਰਾ ਦੀ ਸੰਸਾਰ ਪ੍ਰਸਿੱਧ ਯਾਦਗਾਰ ਤਾਜ ਮਹਿਲ ਦੇ 22 ਬੰਦ ਕਮਰੇ ਖੋਲ੍ਹਣ ਦੀ ਮੰਗ ਵਾਲੀ ਪਟੀਸ਼ਨ ਨੂੰ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਰੱਦ ਕਰ ਦਿੱਤਾ ਤੇ ਨਾਲ ਹੀ ਅਦਾਲਤ ਨੇ ਇਸ ਕੇਸਵਿੱਚ ਪਟੀਸ਼ਨਕਰਤਾ ਨੂੰ ਸਖ਼ਤ ਫਿਟਕਾਰ ਵੀ ਲਾਈ ਹੈ।

ਜਸਟਿਸ ਡੀਕੇ ਉਪਾਧਿਆਏ ਅਤੇ ਜਸਟਿਸ ਸੁਭਾਸ਼ ਵਿਦਿਆਰਥੀ ਦੀ ਡਿਵੀਜ਼ਨ ਬੈਂਚ ਨੇ ਪਟੀਸ਼ਨ ਉੱਤੇ ਸਖ਼ਤ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਅਦਾਲਤ ਭਾਰਤੀ ਸੰਵਿਧਾਨ ਦੀ ਧਾਰਾ 226 ਹੇਠ ਅਜਿਹਾ ਹੁਕਮ ਨਹੀਂ ਦੇ ਸਕਦੀ।ਬਿਨਾਂ ਕਿਸੇ ਕਾਨੂੰਨੀ ਵਿਵਸਥਾ ਦੇ ਅਚਨਚੇਤ ਤਰੀਕੇ ਨਾਲ ਪਟੀਸ਼ਨ ਦਾਇਰ ਕਰਨ ਉੱਤੇਬੈਂਚ ਨੇ ਪਟੀਸ਼ਨਰ ਦੇ ਵਕੀਲ ਰੁਦਰ ਵਿਕਰਮ ਸਿੰਘ ਦੀ ਵੀ ਖਿਚਾਈ ਕੀਤੀ ਅਤੇ ਉਸ ਨੂੰ ਕਿਹਾ ਕਿ ਪਟੀਸ਼ਨਰ ਦੱਸ ਨਹੀਂ ਸਕਦਾ ਕਿ ਉਸ ਦੇ ਕਿਹੜੇ ਕਾਨੂੰਨੀ ਜਾਂ ਸੰਵਿਧਾਨਕ ਅਧਿਕਾਰ ਦੀ ਉਲੰਘਣਾ ਹੋਈ ਹੈ। ਬਹਿਸ ਪਿੱਛੋਂ ਜਦੋਂ ਬੈਂਚ ਪਟੀਸ਼ਨ ਨੂੰ ਰੱਦ ਕਰਨ ਵਾਲਾ ਸੀ ਤਾਂ ਪਟੀਸ਼ਨਰ ਦੇ ਵਕੀਲ ਨੇ ਅਦਾਲਤ ਨੂੰ ਪਟੀਸ਼ਨ ਵਾਪਸ ਲੈਣ ਤੇ ਬਿਹਤਰ ਕਾਨੂੰਨੀ ਖੋਜ ਨਾਲ ਨਵੀਂ ਪਟੀਸ਼ਨ ਦਾਇਰ ਕਰਨ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ, ਪਰ ਬੈਂਚ ਨੇ ਬੇਨਤੀ ਨਹੀਂ ਮੰਨੀ ਅਤੇ ਪਟੀਸ਼ਨ ਰੱਦ ਕਰ ਦਿੱਤੀ।

ਇਸ ਮੌਕੇ ਜਸਟਿਸ ਡੀਕੇ ਉਪਾਧਿਆਏ ਅਤੇ ਜਸਟਿਸ ਸੁਭਾਸ਼ ਵਿਦਿਆਰਥੀ ਦੀ ਡਿਵੀਜ਼ਨ ਬੈਂਚ ਨੇ ਪਟੀਸ਼ਨਰ ਡਾਕਟਰ ਰਜਨੀਸ਼ ਕੁਮਾਰ ਸਿੰਘ ਦੀ ਪਟੀਸ਼ਨ ਉੱਤੇ ਕਿਹਾ ਕਿ ਇਹੋ ਜਿਹੀਆਂ ਮੰਗਾਂ ਦਾ ਅਦਾਲਤਵਿੱਚ ਨਿਪਟਾਰਾ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਕਿਹਾ ਕਿ ਤਾਜ ਮਹਿਲ ਦੀ



ਖੋਜ ਅਕਾਦਮਿਕ ਕੰਮ ਹੈ,ਜੁਡੀਸ਼ਲ ਕਾਰਵਾਈ ਵਿੱਚ ਇਸ ਦਾ ਹੁਕਮ ਨਹੀਂ ਦਿੱਤਾ ਜਾ ਸਕਦਾ। ਪਟੀਸ਼ਨ ਵਿਚ ਉਠਾਏ ਮੁੱਦਿਆਂਅਤੇ ਕੀਤੀ ਬੇਨਤੀ ਨੂੰ ਅਦਾਲਤ ਨੇ ਵਿਚਾਰਨਯੋਗ ਨਹੀਂ ਮੰਨਿਆ। ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਪਹਿਲਾਂ ਇਸ ਉੱਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਸੀ, ਪਰ ਪਟੀਸ਼ਨਰ ਦੀ ਬੇਨਤੀ ਉੱਤੇ ਸੁਣਵਾਈ ਹੋਈ। ਬੈਂਚ ਨੇ ਕਿਹਾ ਕਿ ਜਨਹਿਤ ਪਟੀਸ਼ਨ ਸਿਸਟਮ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ, ਆਪਣੀ ਉਤਸੁਕਤਾ ਪੂਰੀ ਕਰਨ ਲਈ ਤੁਸੀਂ ਖੁਦ ਕਿਸੇ ਯੂਨੀਵਰਸਿਟੀ ਵਿੱਚ ਦਾਖਲ ਹੋ ਜਾਉ, ਜੇ ਕੋਈ ਯੂਨੀਵਰਸਿਟੀ ਤੁਹਾਨੂੰ ਅਜਿਹੇ ਵਿਸ਼ੇ ਉੱਤੇ ਖੋਜ ਕਰਨ ਤੋਂ ਮਨ੍ਹਾ ਕਰਦੀ ਹੈ ਤਾਂ ਸਾਡੇ ਕੋਲ ਆਇਓ।

ਜਸਟਿਸ ਡੀਕੇ ਉਪਾਧਿਆਏ ਨੇ ਅਦਾਲਤ ਵਿੱਚ ਪਟੀਸ਼ਨਰ ਦੇ ਵਕੀਲ ਨੂੰ ਸਖ਼ਤ ਫਿਟਕਾਰ ਲਾ ਕੇ ਕਿਹਾ ਕਿ ਜਾ ਕੇ ਖੋਜ ਕਰੋ ਕਿ ਤਾਜ ਮਹਿਲ ਕਿਸ ਨੇ ਬਣਵਾਇਆ ਸੀ, ਕਿਸੇ ਯੂਨੀਵਰਸਿਟੀ ਵਿੱਚ ਜਾਓ, ਤਾਜ ਮਹਿਲ ਉੱਤੇ ਪੀਐੱਚਡੀ ਕਰੋ, ਫਿਰ ਅਦਾਲਤ ਆਓ, ਜੇ ਕੋਈ ਤਾਜ ਮਹਿਲ ਬਾਰੇ ਖੋਜ ਕਰਨ ਤੋਂ ਰੋਕੇ ਤਾਂ ਸਾਡੇ ਕੋਲ ਆਉ। ਉਨ੍ਹਾਂ ਕਿਹਾ ਕਿ ਭਲਕੇ ਆ ਕੇ ਕਹੋਗੇ ਕਿ ਤੁਸੀਂ ਜੱਜਾਂ ਦੇ ਚੈਂਬਰ ਵਿੱਚ ਜਾਣਾ ਹੈ। ਇਤਿਹਾਸ ਤੁਹਾਡੇ ਹਿਸਾਬ ਦੇ ਨਾਲ ਨਹੀਂ ਪੜ੍ਹਾਇਆ ਜਾਣਾ। ਜਸਟਿਸ ਡੀਕੇ ਉਪਾਧਿਆਏ ਨੇ ਪਟੀਸ਼ਨਰ ਨੂੰਪੁੱਛਿਆ ਕਿ ਕੀ ਦੇਸ਼ ਦਾ ਇਤਿਹਾਸ ਤੁਹਾਡੇ ਮੁਤਾਬਕ ਪੜ੍ਹਿਆ ਜਾਵੇਗਾ? ਤਾਜ ਮਹਿਲ ਕਦੋਂ ਬਣਿਆ, ਕਿਸ ਨੇ ਬਣਾਇਆ? ਜਾ ਕੇ ਪਹਿਲਾਂ ਇਹ ਪੜ੍ਹੋ।

# ਪੰਜਾਬ ਸਰਕਾਰ ਨੇ ਇੱਕੋ ਪਿੰਡ ਤੋਂ 417 ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਾਏ

*** ਅੱਜ ਤੱਕ 1008 ਏਕੜ ਜ਼ਮੀਨ ਤੋਂ ਕਬਜ਼ੇ ਛੁਡਾਉਣ ਦਾ ਦਾਅਵਾ**

ਚੰਡੀਗੜ੍ਹ, 12 ਮਈ, (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਾਅਵਾ ਕੀਤਾ ਹੈ ਕਿ ਨਜਾਇਜ਼ ਕਬਜ਼ੇ ਛੁਡਾਉਣ ਦੀ ਮੁਹਿੰਮ ਵਿੱਚ ਸਰਕਾਰ ਨੇ ਅੱਜ ਤੱਕ 1008 ਏਕੜ ਪੰਚਾਇਤੀ ਜ਼ਮੀਨ ਤੋਂ ਕਬਜ਼ਾ ਛੁਡਾ ਲਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਪੀਲ ਦਾ ਅਸਰ ਪਿਆ ਅਤੇ ਲੋਕ ਪੰਚਾਇਤੀ ਜ਼ਮੀਨ ਛੱਡ ਰਹੇ ਹਨ। ਅੱਜ ਫਿਰ 417 ਏਕੜ ਜ਼ਮੀਨ ਛੁਡਾਈ ਗਈ ਹੈ।

ਇਸ ਸੰਬੰਧ ਵਿੱਚ ਪੇਂਡੂ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿਪੰਚਾਇਤਾਂ ਦੀ ਕੁੱਲ 1008 ਏਕੜਜ਼ਮੀਨਖਾਲੀ ਕਰਵਾਈ ਗਈ ਹੈ, ਜਿਸ ਦੀ ਕੀਮਤ ਕਰੀਬ 302 ਕਰੋੜ ਰੁਪਏ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਅਗਲੇ ਹਫ਼ਤੇ ਤੋਂ ਰੋਜ਼ 200 ਏਕੜ ਛੁਡਾਈ ਜਾਏਗੀ। ਮੰਤਰੀ ਨੇ ਅਪੀਲ ਕੀਤੀ ਕਿ 31 ਮਈ ਤੱਕ ਨਜਾਇਜ਼ ਕਬਜੇ ਵਾਲੀ ਪੰਚਾਇਤੀ ਜ਼ਮੀਨ ਖੁਦ ਖਾਲੀ ਕੀਤੀ ਜਾਵੇ।ਮੰਤਰੀ ਨੇ ਦੱਸਿਆ



ਕਿ ਇੱਕ ਪਰਿਵਾਰ ਦਾ ਸਾਲ 1904 ਤੋਂ ਕਬਜ਼ਾ ਸੀ, ਪਰ ਉਨ੍ਹਾਂ ਨੇ ਜ਼ਮੀਨ ਛੱਡਦਿੱਤੀ ਹੈ।ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਜਿੱਥੇ ਸੰਭਵ ਹੋਇਆ, ਕਬਜ਼ੇ ਵਾਲੇ ਲੋਕਾਂ ਨੂੰ ਇਹ ਜ਼ਮੀਨਜਾਇਜ਼ ਰੇਟ ਉੱਤੇ ਦਿੱਤੀ ਜਾਏਗੀ। ਉਨ੍ਹਾ ਦੱਸਿਆ ਕਿ 417 ਏਕੜ ਪੰਚਾਇਤੀ ਜ਼ਮੀਨ ਸਰਹਿੰਦ ਬਲਾਕ ਦੇ ਪਿੰਡ ਛਲੇੜੀ ਵਿੱਚ ਖਾਲੀ ਕਰਾਈ ਗਈ ਹੈ। ਵਿਭਾਗ ਨੇ ਸ਼ਾਮਲਾਟ ਸੈੱਲ ਬਣਾਇਆ ਹੈ ਤੇ ਇੱਕ ਪੰਜ ਮੈਂਬਰੀ ਕਮੇਟੀ ਪੰਚਾਇਤੀ ਜ਼ਮੀਨਾਂ ਦਾ ਸਾਰਾ ਡਾਟਾ ਇਕੱਠਾ ਕਰੇਗੀ ਅਤੇ ਕਾਨੂੰਨੀ ਮਸਲੇ ਵੀ ਇਹੀ ਸੈੱਲ ਵੇਖੇਗਾ।

# ਦਿੱਲੀ ਸੀ ਬੀ ਆਈ ਦੇ 4 ਐੱਸ ਆਈ ਚੰਡੀਗੜ੍ਹ ਵਿੱਚੋਂ ਗ੍ਰਿਫ਼ਤਾਰ

*** ਕਾਰੋਬਾਰੀ ਤੋਂ 25 ਲੱਖ ਮੰਗਦੇ ਨੌਕਰੀ ਵੀ ਗੁਆ ਬੈਠੇ**

ਚੰਡੀਗੜ੍ਹ, 12 ਮਈ, (ਪੋਸਟ ਬਿਊਰੋ)- ਸੀ ਬੀ ਆਈ ਦੇ ਦਿੱਲੀ ਦਫਤਰ ਨਾਲ ਸੰਬੰਧਤ ਚਾਰ ਸਬ-ਇੰਸਪੈਕਟਰਾਂ ਨੂੰ ਮੰਗਲਵਾਰ ਦੇਰ ਰਾਤ ਏਥੇ ਆਈਟੀ ਪਾਰਕ ਵਿੱਚਇੱਕ ਕੰਪਨੀ ਦੇ ਦਫਤਰ ਵਿੱਚ ਜ਼ਬਰਦਸਤੀ ਵੜਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਨੇ ਫਰਮ ਦੇ ਭਾਈਵਾਲ ਵਿਰੁੱਧ ਗੰਭੀਰ ਕੇਸਵਿੱਚ ਸਬੂਤ ਦੱਸ ਕੇ 25 ਲੱਖ ਰੁਪਏ ਦੀ ਮੰਗ ਕੀਤੀ ਸੀ। ਜਾਂਚ ਏਜੰਸੀ ਨੇ ਉਸ ਕਾਰੋਬਾਰੀ ਦੇ ਖਿਲਾਫ ਵੀ ਕੇਸ ਦਰਜ ਕੀਤਾ ਹੈ।ਦੋਸ਼ੀਆਂ ਦੀ ਪਛਾਣ ਐੱਸ ਆਈਜ਼ ਪ੍ਰਦੀਪ ਰਾਣਾ, ਅੰਕੁਰ ਕੁਮਾਰ, ਆਕਾਸ਼ ਅਹਲਾਵਤ ਅਤੇ ਸੁਮਿਤ ਗੁਪਤਾ ਵਜੋਂ ਹੋਈ ਹੈ। ਉਨ੍ਹਾਂ ਦੇ ਨਾਲ ਇਸ ਘਟਨਾ ਵਿੱਚ ਦੋ ਨਿੱਜੀ ਵਿਅਕਤੀ ਵੀ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਪਿੱਛੋਂਸੀ ਬੀ ਆਈ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਚਾਰਾਂ ਨੂੰ ਚੰਡੀਗੜ੍ਹ ਦੀ ਸੀ ਬੀ ਆਈ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਲਿਆ ਗਿਆ ਹੈ।

ਪਤਾ ਲੱਗਾ ਹੈ ਕਿ ਸੀ ਬੀ ਆਈ ਦੇ ਚਾਰ ਐੱਸ ਆਈਜ਼ ਸਮੇਤ ਛੇ ਮੁਲਜ਼ਮਾਂ ਨੇ ਮਿਲ ਕੇ ਏਥੇ ਆਈਟੀ ਪਾਰਕ ਵਿਚਲੀਇੱਕ ਫਰਮ ਵਾਲੇ ਕਾਰੋਬਾਰੀ ਨੂੰ ਮਿਲ ਕੇ 25 ਲੱਖ ਰੁਪਏ ਮੰਗੇ ਤੇ ਜ਼ਬਰਦਸਤੀ ਉਸ ਦੇ ਦਫ਼ਤਰ ਵਿੱਚਜਾ ਕੇ ਕਾਰੋਬਾਰੀ ਨੂੰ ਕਾਰ ਵਿੱਚ ਬਿਠਾ ਕੇ ਲੈ ਗਏ ਤੇ ਉਸ ਬਾਰੇ ਸ਼ੱਕੀ ਗਤੀਵਿਧੀਆਂ ਵਿੱਚ ਸਬੂਤ ਦੱਸ ਕੇ ਗ੍ਰਿਫ਼ਤਾਰੀ ਦਾ ਡਰ ਪਾਉਣਾ ਸ਼ੁਰੂ ਕਰ ਦਿੱਤਾ। ਇਸ ਪਿੱਛੋਂ ਉਨ੍ਹਾਂ ਨੇ ਉਸ ਨੂੰ 25 ਲੱਖ ਰੁਪਏ ਬਦਲੇ ਛੱਡਣ ਦੀ ਗੱਲ ਕਹੀ। ਜਦੋਂ ਇਸ ਬਾਰੇ ਝਗੜਾ ਹੋਇਆ ਤਾਂ ਉਨ੍ਹਾਂ ਦੇ ਦਫ਼ਤਰ ਵਿੱਚੋਂ ਕਿਸੇ ਨੇ ਚੰਡੀਗੜ੍ਹ ਪੁਲਨੂੰ ਸੂਚਨਾ ਦੇਦਿੱਤੀ। ਇਸ ਪਿੱਛੋਂਐੱਸਐੱਸਪੀ ਕੁਲਦੀਪ ਸਿੰਘ ਚਾਹਲ ਸਮੇਤ ਸ਼ਹਿਰ ਦੀ ਪੁਲਿਸ ਸਰਗਰਮ ਹੋਈ ਅਤੇ ਬਾਪੂ ਧਾਮ ਲਾਈਟਾਂ ਨੇੜੇ ਸੈਕਟਰ-26 ਥਾਣਾ ਪੁਲਿਸ ਨੇ ਸੀ ਬੀ ਆਈ ਦੇ ਚਾਰ ਐੱਸਆਈਜ਼ਘੇਰ ਲਏ। ਮੌਕੇ ਉੱਤੇ ਪੁੱਛਗਿੱਛ ਵਿੱਚ ਦੋਸ਼ਾਂ ਤੋਂ ਇਨਕਾਰ ਕਰਨ ਵਾਲੇ ਇਹ ਲੋਕ ਥਾਣੇ ਆਏ ਅਤੇ ਖੁਦ ਨੂੰ ਸੀ ਬੀ ਆਈ ਅਫਸਰਦੱਸ ਕੇ ਧਮਕੀਆਂ ਦੇਣ ਲੱਗੇ। ਇਸ ਉੱਤੇ ਪੁਲਿਸ ਅਫਸਰਾਂ ਨੇ ਚੰਡੀਗੜ੍ਹ ਸੀ ਬੀ ਆਈ ਨੂੰ ਪਛਾਣ



ਲਈ ਸੱਦਿਆ ਤਾਂਸੀ ਬੀ ਆਈ ਟੀਮ ਸੈਕਟਰ-26 ਥਾਣੇ ਪੁੱਜੀ ਤੇ ਮੁਲਜ਼ਮਾਂ ਦੀ ਪਛਾਣ ਕਰਕੇ ਗ੍ਰਿਫਤਾਰ ਕਰ ਲਿਆ। ਦੇਰ ਰਾਤ ਤੱਕ ਕਾਰਵਾਈ ਤੋਂ ਬਾਅਦ ਵਿਭਾਗ ਨੇ ਦਿੱਲੀਸੀ ਬੀ ਆਈਦੇ ਚਾਰੇ ਸਬ-ਇੰਸਪੈਕਟਰਾਂਨੂੰ ਗ੍ਰਿਫ਼ਤਾਰ ਕਰਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ।

ਸੀ ਬੀ ਆਈ ਦੇ ਡਾਇਰੈਕਟਰ ਸੁਬੋਧ ਕੁਮਾਰ ਜੈਸਵਾਲ ਨੇ ਭ੍ਰਿਸ਼ਟਾਚਾਰ ਲਈ ਜ਼ੀਰੋ ਟਾਲਰੈਂਸ ਦੀ ਨੀਤੀ ਹੇਠ ਇਸ ਕੇਸ ਦੀ ਜਾਂਚ ਕੀਤੀ ਤੇ ਪਹਿਲੀ ਨਜ਼ਰੇ ਦੋਸ਼ੀ ਪਾਏ ਗਏ ਅਧਿਕਾਰੀਆਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਹੁਕਮ ਦੇ ਦਿੱਤੇ। ਦੋਸ਼ੀਆਂ ਖਿਲਾਫ ਸੰਵਿਧਾਨ ਦੀ ਧਾਰਾ 311 ਹੇਠ ਕਾਰਵਾਈ ਕੀਤੀ ਗਈ, ਜਿਨ੍ਹਾਂ ਵਿੱਚ ਸੁਮਿਤ ਗੁਪਤਾ, ਪ੍ਰਦੀਪ ਰਾਣਾ, ਅੰਕੁਰ ਕੁਮਾਰ ਤੇ ਆਕਾਸ਼ ਅਹਲਾਵਤ ਨੂੰ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕਰਕੇ ਹਿਰਾਸਤ ਵਿੱਚ ਲੈ ਲਿਆ ਹੈ।ਇਨ੍ਹਾਂ ਧਾਰਾਵਾਂ ਹੇਠ ਘੱਟੋ-ਘੱਟ ਸਜ਼ਾ 10 ਸਾਲ ਕੈਦ ਅਤੇ ਵੱਧ ਤੋਂ ਵੱਧ ਉਮਰ ਕੈਦ ਹੋ ਸਕਦੀ ਹੈ।












# ਸੰਪਾਦਕੀ

## ਡੱਗ ਫੋਰਡ ਸਰਕਾਰ ਦੇ ਮੁੜ ਜਿੱਤਣ ਦੇ ਵੱਧ ਰਹੇ ਆਸਾਰ

ਉਂਟੇਰੀਓ ਵਿੱਚ ਡੱਗ ਫੋਰਡ ਸਰਕਾਰ ਦੇ ਮੁੜ ਸੱਤਾ ਵਿੱਚ ਪਰਤਣ ਬਾਰੇ ਕਿਆਸ ਅਰਾਈਆਂ ਦਿਨੋਂ ਦਿਨ ਮਜ਼ਬੂਤ ਹੁੰਦੀਆਂ ਜਾ ਰਹੀਆਂ ਹਨ। ਇੱਥੇ ਤੱਕ ਕਿ ਆਮ ਕਰਕੇ ਉਂਟੇਰੀਓ ਸਰਕਾਰ ਦੀ ਨੁਕਤਾਚੀਨੀ ਕਰਨ ਵਾਲੇ ਟੋਰਾਂਟੋ ਸਟਾਰ ਵਰਗੇ ਅਖਬਾਰ ਵੀ ਇਹ ਆਖ ਰਹੇ ਕਿ ਡੱਗ ਫੋਰਡ ਦੇ ਦੁਬਾਰਾ ਸੱਤਾ ਵਿੱਚ ਆਉਣ ਦੇ ਪੂਰੇ ਆਸਾਰ ਹਨ। 338Canada ਵੈੱਬਸਾਈਟ ਦੇ ਇਸ ਹਫ਼ਤੇ (11 ਮਈ 2022) ਦੇ ਅਨੁਮਾਨ ਦੱਸਦੇ ਹਨ ਕਿ ਕੰਜ਼ਰਵੇਟਿਵ ਪਾਰਟੀ ਵੱਲੋਂ ਸਰਕਾਰ ਬਣਾਏ ਜਾਣ ਦੇ 81% ਚਾਂਸ ਹਨ। ਪੀ ਸੀ ਪਾਰਟੀ ਨੂੰ 2018 ਵਿੱਚ 68 ਸੀਟਾਂ ਪ੍ਰਾਪਤ ਹੋਈਆਂ ਸਨ ਜਿਹਨਾਂ ਦੀ ਗਿਣਤੀ 2 ਜੂਨ ਨੂੰ ਵੱਧ ਕੇ 80 ਜਾਂ ਇਸਤੋਂ ਵੱਧ ਹੋ ਸਕਦੀ ਹੈ। 338Canada ਇੱਕ ਰਾਜਨੀਤਕ ਸੋਚ ਤੋਂ ਮੁਕਤ ਚੋਣਾਂ ਦਾ ਵਿਸ਼ਲੇਸ਼ਣ ਕਰਨ ਵਾਲੀ ਵੈੱਬਸਾਈਟ ਹੈ ਜਿਸਨੂੰ ਮਾਂਟਰੀਅਲ ਦੇ ਫਿਜ਼ੀਕਸ ਅਤੇ ਖਗੋਲ ਭੌਤਿਕੀ ਦੇ ਪ੍ਰੋਫੈਸਰ ਫਿਲਿਪ ਫੋਰਨੀਏ ਵੱਲੋਂ ਚਲਾਇਆ ਜਾਂਦਾ ਹੈ। 2017 ਤੋਂ ਇਹ ਵੈੱਬਸਾਈਟ ਲੱਗਭਗ ਸਾਰੀਆਂ ਫੈਡਰਲ ਅਤੇ ਪ੍ਰੋਵਿੰਸ਼ੀਅਲ ਚੋਣਾਂ ਦਾ ਸਫ਼ਲਤਾ ਨਾਲ ਵਿਸ਼ਲੇਸ਼ਣ ਕਰਦੀ ਆ ਰਹੀ ਹੈ।

ਕੱਲ ਜਾਰੀ ਹੋਏ Legal Poll ਦੇ ਸਰਵੇਖਣ ਅਨੁਸਾਰ ਗਰੇਟਰ ਟੋਰਾਂਟੋ ਏਰੀਆ ਵਿੱਚ ਪੀ ਸੀ ਪਾਰਟੀ ਨੂੰ 50% ਤੋਂ ਵੱਧ ਵੋਟਾਂ ਪ੍ਰਾਪਤ ਹੋਣਗੀਆਂ ਜਦੋਂ ਕਿ ਲਿਬਰਲ ਪਾਰਟੀ ਨੂੰ 22%, ਐਨ ਡੀ ਪੀ ਨੂੰ 20% ਅਤੇ ਗਰੀਨ ਪਾਰਟੀ 4 ਕੁ ਪ੍ਰਤੀਸ਼ਤ ਵੋਟਾਂ ਹਾਸਲ ਕਰ ਸਕੇਗੀ। ਇਸ ਸਾਲ ਲਿਬਰਲ ਪਾਰਟੀ ਬੇਸ਼ੱਕ ਆਪਣੀ 2018 ਦੀ ਕਾਰਗੁਜ਼ਾਰੀ ਵਿੱਚ 20 ਸੀਟਾਂ ਲੈ ਕੇ ਅੱਛਾ ਖਾਸਾ ਸੁਧਾਰ ਕਰ ਸਕੇਗੀ ਪਰ ਐਨ ਡੀ ਪੀ (23 ਸੀਟਾਂ) ਤੋਂ ਪਿੱਛੇ ਹੀ ਰਹਿਣ ਦੀ ਸੰਭਾਵਨਾ ਹੈ। ਇਹ ਅਨੁਮਾਨ 338Canada ਦੇ ਅੰਕੜਿਆਂ ਅਨੁਸਾਰ ਹਨ।

ਪੀਲ ਰੀਜਨ ਦੇ ਗੱਲ ਕੀਤੀ ਜਾਵੇ ਤਾਂ ਸਾਰੀਆਂ ਰਾਈਡਾਂ ਉੱਤੇ ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰਾਂ ਦੇ ਜਿੱਤਣ ਦੇ ਆਸਾਰ ਹਨ। ਬਰੈਂਪਟਨ ਸੈਂਟਰ ਵਿੱਚ ਪੀ ਸੀ ਉਮੀਦਵਾਰ ਸ਼ਾਰਮੇਨ ਵਿਲੀਅਮਜ਼ ਆਪਣੇ ਨੇੜਲੇ ਲਿਬਰਲ ਉਮੀਦਵਾਰ ਤੋਂ 10% ਵੋਟਾਂ ਨਾਲ ਅੱਗੇ ਹੈ ਜਦੋਂ ਕਿ ਵਰਤਮਾਨ ਐਮ ਪੀ ਪੀ ਸਾਰਾ ਸਿੰਘ ਤੀਜੇ ਨੰਬਰ ਉੱਤੇ ਚੱਲ ਰਹੀ ਹੈ। ਬਰੈਂਪਟਨ ਵੈਸਟ ਤੋਂ ਪੀ ਸੀ ਦੇ ਹਰਦੀਪ ਸਿੰਘ ਗਰੇਵਾਲ ਆਪਣੇ ਨੇੜਲੇ ਵਿਰੋਧੀ ਐਨ ਡੀ ਪੀ ਦੇ ਐਮ ਪੀ ਪੀ ਗੁਰਰਤਨ ਸਿੰਘ ਤੋਂ 8% ਵੋਟਾਂ ਨਾਲ ਅੱਗੇ ਹਨ। ਇਵੇਂ ਹੀ ਪੀ ਸੀ ਪਾਰਟੀ ਦੇ ਬਰੈਂਪਟਨ ਨੌਰਥ ਤੋਂ ਗਰਾਹਮ ਮੈਕਗਰੈਗਰ, ਬਰੈਂਪਟਨ ਸਾਊਥ ਤੋਂ ਪ੍ਰਭਮੀਤ ਸਰਕਾਰੀਆ ਅਤੇ ਬਰੈਂਪਟਨ ਵੈਸਟ ਤੋਂ ਅਮਨਜੋਤ ਸੰਧੂ ਆਪਣੇ ਨੇੜਲੇ ਵਿਰੋਧੀਆਂ ਤੋਂ 8% ਵੋਟਾਂ ਨਾਲ ਅੱਗੇ ਹਨ। ਪੀਲ ਰੀਜਨ ਵਿੱਚ ਪੀ ਸੀ ਪਾਰਟੀ ਦੀ ਲੀਡ ਵਿੱਚ ਹੋਰ ਕਾਰਣਾਂ ਤੋਂ ਇਲਾਵਾ ਹਾਈਵੇਅ 413 ਲਈ ਫੋਰਡ ਸਰਕਾਰ ਦੀ ਨਿੱਠਤਾ ਵੱਡਾ ਕਾਰਣ ਹੈ।

ਜਿੱਥੇ ਤੱਕ ਪਾਰਟੀ ਲੀਡਰਾਂ ਦਾ ਸੁਆਲ ਹੈ, ਡੱਗ ਫੋਰਡ ਨੂੰ ਇਹ ਸਿਹਰਾ ਜਾਂਦਾ ਹੈ ਕਿ ਉਸਨੂੰ ਪਸੰਦ ਅਤੇ ਨਾਪਸੰਦ ਕਰਨ ਵਾਲੇ ਵੋਟਰ ਬਰਾਬਰ ਢੁੱਕਦੇ ਹਨ। ਜਦੋਂ ਗੱਲ ਆਉਂਦੀ ਹੈ ਕਿ ਕਿਹੜਾ ਲੀਡਰ ਆਪਣੇ ਵਾਅਦੇ ਪੂਰੇ ਕਰਨ ਲਈ ਵਚਨਬੱਧ ਰਹਿੰਦਾ ਹੈ ਜਾਂ ਵਚਨਬੱਧ ਵਿਖਾਈ ਦੇਂਦਾ ਹੈ ਤਾਂ ਬਹੁ ਗਿਣਤੀ ਵੋਟਰ ਡੱਗ ਫੋਰਡ ਵੱਲ ਇਸ਼ਾਰਾ ਕਰਦੇ ਹਨ। ਡੱਗ ਫੋਰਡ ਦੀ ਭਰੋਸਯੋਗ ਲੀਡਰਸ਼ਿੱਪ ਵਿੱਚ 38% ਲੋਕ ਯਕੀਨ ਕਰਦੇ ਹਨ ਜਦੋਂ ਕਿ ਐਨ ਡੀ ਪੀ ਦੀ ਐਂਡਰੀਆ ਹਾਵਰਥ ਨੂੰ 30% ਅਤੇ ਲਿਬਰਲ ਆਗੂ ਡੈਲ ਡੂਕਾ ਨੂੰ 23% ਲੋਕਾਂ ਦਾ ਹੱਕ ਹਾਸਲ ਹੈ। ਲਿਬਰਲ ਲੀਡਰ ਡੈਲ ਡੂਕਾ ਪੀਲ ਰੀਜਨ ਵਿੱਚ ਕੋਈ ਭਰੋਸੇਯੋਗ ਪ੍ਰਭਾਵ ਪੈਦਾ ਨਹੀਂ ਕਰ ਸਕਿਆ ਹੈ। ਪੀਲ ਅਤੇ ਟੋਰਾਂਟੋ ਵਿੱਚੋਂ ਸੀਟਾਂ ਲਏ ਬਿਨਾ ਉਂਟੇਰੀਓ ਵਿੱਚ ਜਿੱਤ ਦੇ ਖ਼ੁਆਬ ਸੱਚ ਹੋਣਾ ਹਮੇਸ਼ਾ ਹੀ ਔਖਾ ਰਿਹਾ ਹੈ।

ਚੋਣਾਂ ਦੇ ਦਿਨ 2 ਜੂਨ ਵਿੱਚ ਹਾਲੇ ਤਕਰੀਬਨ 20 ਦਿਨ ਬਾਕੀ ਹਨ ਅਤੇ ਕੋਈ ਸ਼ੱਕ ਨਹੀਂ ਕਿ ਸਮੀਕਰਣ ਬਦਲ ਸਕਦੇ ਹਨ। ਪਰ ਕੋਵਿਡ 19 ਦੇ ਦੋ ਸਾਲਾਂ ਦੌਰਾਨ ਜਿਸ ਢੰਗ ਨਾਲ ਡੱਗ ਫੋਰਡ ਨੇ ਦਲੇਰੀ ਨਾਲ ਹਰ ਨੁਕਤਾਚੀਨੀ ਦਾ ਸਾਹਮਣਾ ਕਰਦੇ ਹੋਏ ਨਿੱਗਰ ਲੀਡਰਸ਼ਿੱਪ ਵਿਖਾਈ ਹੈ, ਉਸਦਾ ਲਾਭ ਜਰੂਰ ਉਸਦੇ ਹੱਕ ਵਿੱਚ ਰਹੇਗਾ। ਜੇ ਅਜਿਹਾ ਹੁੰਦਾ ਹੈ ਤਾਂ ਉਂਟੇਰੀਓ ਵਿੱਚ ਪੀ ਸੀ ਪਾਰਟੀ ਲਗਾਤਾਰ ਦੋ ਚੋਣਾਂ ਜਿੱਤਣ ਦਾ ਇਤਿਹਾਸ ਸਿਰਜੇਗੀ।

# ਕੈਨੇਡਾ ਦੀ ਆਰਥਿਕ ਸਥਿਰਤਾ ਤੇ ਸਾਖ਼ ਦੀ ਕੋਈ ਪਰਵਾਹ ਨਹੀਂ ਪੌਲੀਏਵਰ ਨੂੰ : ਟਰੂਡੋ

...ਪੰਨਾ 1 ਦਾ ਬਾਕੀ

ਵੀਰਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਇਸ ਸਬੰਧੀ ਪੁੱਛੇ ਜਾਣ ਉੱਤੇ ਟਰੂਡੋ ਨੇ ਆਖਿਆ ਕਿ ਬੈਂਕ ਆਫ ਕੈਨੇਡਾ ਦੁਨੀਆ ਭਰ ਵਿੱਚ ਸੱਭ ਤੋਂ ਮਜ਼ਬੂਤ, ਸੱਭ ਤੋਂ ਸਥਿਰ ਤੇ ਪੂਰੀ ਸਾਖ਼ ਵਾਲਾ ਬੈਂਕਿੰਗ ਸਿਸਟਮ ਹੈ। ਸਮੇਂ ਦੀ ਸਰਕਾਰ ਤੋਂ ਇਸ ਨੂੰ ਆਜ਼ਾਦ ਰੱਖਿਆ ਜਾਣਾ ਅਹਿਮ ਸਿਧਾਂਤ ਹੈ। ਉਨ੍ਹਾਂ ਆਖਿਆ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਦੀ ਸਥਿਰਤਾ ਨਾ ਸਿਰਫ ਕੈਨੇਡੀਅਨਜ਼ ਲਈ ਸਗੋਂ ਕੈਨੇਡੀਅਨ ਬਿਜ਼ਨਸਿਜ਼, ਕੈਨੇਡੀਅਨ ਨਿਵੇਸ਼ਕਾਂ ਤੇ ਨਿਵੇਸ਼ਾਂ, ਕੈਨੇਡਾ ਆਉਣ ਵਾਲੇ ਨਿਵੇਸ਼ਕਾਂ ਲਈ ਕਿੰਨੀ ਅਹਿਮੀਅਤ ਰੱਖਦੀ ਹੈ। ਦੁਨੀਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਕੋਲ ਅਜਿਹਾ ਮਜ਼ਬੂਤ ਸੈਂਟਰਲ ਬੈਂਕ ਹੈ ਜਿਹੜਾ ਸਿਆਸੀ ਮਸ਼ੀਨਰੀ ਤੇ ਦਖਲਅੰਦਾਜ਼ੀ ਤੋਂ ਆਜ਼ਾਦ ਹੈ।

# ਟੋਰੀ ਲੀਡਰਸ਼ਿਪ ਬਹਿਸ ਵਿੱਚ ਪੌਲੀਏਵਰ ਨੇ ਦਿੱਤਾ ਹਮਲਿਆਂ ਦਾ ਕਰਾਰਾ ਜਵਾਬ

...ਪੰਨਾ 1 ਦਾ ਬਾਕੀ

ਬਹਿਸ ਦੌਰਾਨ ਉਨ੍ਹਾਂ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ ਨੂੰ ਲੰਮੇਂ ਹੱਥੀਂ ਲੈਂਦਿਆਂ ਆਖਿਆ ਕਿ ਉਹ ਸੱਭ ਤੋਂ ਪਹਿਲਾਂ ਉਨ੍ਹਾਂ ਨੂੰ ਹਟਾਉਣ ਦਾ ਕੰਮ ਕਰਨਗੇ ਕਿਉਂਕਿ ਮਹਿੰਗਾਈ ਦੀ ਦਰ ਕਈ ਦਹਾਕਿਆਂ ਵਿੱਚ ਇਸ ਸਮੇਂ ਸੱਭ ਤੋਂ ਜ਼ਿਆਦਾ ਹੈ।

ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਨੇ ਆਖਿਆ ਕਿ ਐਮਪੀ ਦੀਆਂ ਟਿੱਪਣੀਆਂ ਬੜੀਆਂ ਗੈਰਜ਼ਿੰਮੇਵਰਾਨਾ ਹਨ ਤੇ ਉਨ੍ਹਾਂ ਵੱਲੋਂ ਸਿਸਟਮ ਉੱਤੇ ਬੇਭਰੋਸਗੀ ਪ੍ਰਗਟਾਈ ਗਈ ਹੈ। ਦੇਸ਼ ਭਰ ਵਿੱਚ ਹਜ਼ਾਰਾਂ ਦੀ ਭੀੜ ਇੱਕਠੀ ਕਰਨ ਵਾਲੇ ਪੌਲੀਏਵਰ ਉੱਤੇ ਵੱਖ ਵੱਖ ਉਮੀਦਵਾਰਾਂ ਵੱਲੋਂ ਗਰਭਪਾਤ ਬਾਰੇ ਉਨ੍ਹਾਂ ਦੇ ਵਿਚਾਰਾਂ ਤੇ ਕ੍ਰਿਪਟੋਕਰੰਸੀ ਬਿਟਕੁਆਇਨ ਦੀ ਪੈਰਵੀ ਕਰਨ ਕਾਰਨ ਵਾਰੀ ਵਾਰੀ ਉਂਗਲਾਂ ਉਠਾਈਆਂ ਗਈਆਂ। ਚਾਰੈਸਟ ਨੇ ਪਿੱਛੇ ਜਿਹੇ ਚੁਣੀ ਗਈ ਓਨਟਾਰੀਓ ਦੀ ਐਮਪੀ ਲੈਸਲਿਨ ਲੁਈ ਸਮੇਤ ਪੌਲੀਏਵਰ ਉੱਤੇ ਕੈਨੇਡੀਅਨਜ਼ ਨੂੰ ਡਿਜੀਟਲ ਕਰੰਸੀ ਵਿੱਚ ਨਿਵੇਸ਼ ਕਰਨ ਲਈ ਉਤਸਾਹਿਤ ਕਰਨ ਦੇ ਦੋਸ਼ ਲਾਏ।

ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਮੈਜਿਕ ਇੰਟਰਨੈੱਟ ਮਨੀ ਜਿਵੇਂ ਕਿ ਬਿਟਕੁਆਇਨ ਕਾਰਨ ਕਾਫੀ ਉਤਰਾਅ ਚੜ੍ਹਾਅ ਆ ਰਹੇ ਹਨ ਤੇ ਪੌਲੀਏਵਰ ਨੂੰ ਕੈਨੇਡਾ ਦੇ ਕਮਜ਼ੋਰ ਨਿਵੇਸ਼ਕਾਂ ਨੂੰ ਆਪਣੀ ਮਿਹਨਤ ਦੀ ਕਮਾਈ ਇਸ ਪਾਸੇ ਲਾਉਣ ਲਈ ਨਹੀਂ ਆਖਣਾ ਚਾਹੀਦਾ। ਜਵਾਬ ਵਿੱਚ ਪੌਲੀਏਵਰ ਨੇ ਆਖਿਆ ਕਿ ਉਹ ਕੈਨੇਡੀਅਨਜ਼ ਨੂੰ ਬਿਟਕੁਆਇਨ ਵਿੱਚ ਨਿਵੇਸ਼ ਕਰਨ ਲਈ ਹੱਲਾਸ਼ੇਰੀ ਨਹੀਂ ਦੇ ਰਹੇ ਪਰ ਨਿਵੇਸ਼ਕਾਂ ਨੂੰ ਇਹ ਹੱਕ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਆਪਣਾ ਪੈਸਾ ਕਿੱਥੇ ਖਰਚ ਕਰਨਾ ਹੈ।

ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਗਰਭਪਾਤ ਤੱਕ ਪਹੁੰਚ ਉੱਤੇ ਪਾਬੰਦੀ ਸਬੰਧੀ ਕਾਨੂੰਨ ਨਾ ਹੀ ਪੇਸ਼ ਕਰੇਗੀ ਤੇ ਨਾ ਹੀ ਪਾਸ ਕਰੇਗੀ। ਚਾਰੈਸਟ ਨੇ ਆਖਿਆ ਕਿ ਉਹ ਗਰਭਪਾਤ ਸਬੰਧੀ ਅਧਿਕਾਰਾਂ ਦੇ ਸਮਰਥਕ ਹਨ।

# ਮੁਜ਼ਾਹਰਾਕਾਰੀਆਂ ਵੱਲੋਂ ਜਗਮੀਤ ਸਿੰਘ ਨਾਲ ਕੀਤਾ ਗਿਆ ਦੁਰਵਿਵਹਾਰ

ਉਨ੍ਹਾਂ ਇਹ ਵੀ ਆਖਿਆ ਕਿ ਸਿਆ-ਸਤਦਾਨ ਇਹ ਗੱਲ ਚੇਤੇ ਰੱਖਣ ਕਿ ਸੁਸਾਇਟੀ ਵਿੱਚ ਡਰ ਫੈਲਾ ਕੇ ਤੇ ਵੰਡੀਆਂ ਪਾ ਕੇ ਕਿਸੇ ਤਰ੍ਹਾਂ ਦਾ ਲਾਹਾ ਨਹੀਂ ਲੈ ਸਕਦੇ। ਜਦੋਂ ਨਫਰਤ ਨੂੰ ਫੈਲਣ ਲਈ ਥਾਂ ਦਿੱਤੀ ਜਾਵੇ ਤਾਂ ਉਹ ਜੰਗਲ ਦੀ ਅੱਗ ਵਾਂਗੂ ਫੈਲਦੀ ਹੈ। ਪੀਟਰਬਰੋ ਦੀ ਪੁਲਿਸ ਵੱਲੋਂ ਵੀ ਇਸ ਘਟਨਾ ਨੂੰ ਮੰਦਭਾਗਾ ਦੱਸਿਆ ਗਿਆ ਹੈ। ਓਨਟਾਰੀਓ ਦੀ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਜਗਮੀਤ ਸਿੰਘ ਨੇ ਇਸ ਨਫਰਤ ਨੂੰ ਬਹੁਤ ਹੀ ਹਲੀਮੀ ਨਾਲ ਨਜਿੱਠਿਆ ਹੈ। ਪੀਸੀ ਉਮੀਦਵਾਰ ਡੇਵ ਸਮਿੱਥ, ਜੋ ਕਿ 2018 ਤੋਂ ਇਸ ਹਲਕੇ ਉੱਤੇ ਕਾਬਜ ਹਨ, ਨੇ ਜਗਮੀਤ ਸਿੰਘ ਦੇ ਬਿਆਨ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਆਖਿਆ ਕਿ ਪੀਟਰਬਰੋ ਵਿੱਚ ਉਨ੍ਹਾਂ ਦਾ ਹਮੇਸ਼ਾਂ ਸਵਾਗਤ ਹੈ ਤੇ ਉਨ੍ਹਾਂ ਆਗੂ ਤੇ ਉਨ੍ਹਾਂ ਦੇ ਪਰਿਵਾਰ ਨੂੰ ਬਾਰਬੀਕਿਊ ਉੱਤੇ ਆਉਣ ਦਾ ਸੱਦਾ ਵੀ ਦਿੱਤਾ।

## 'ਅੱਜ ਵਾਲੀ ਘਟਨਾ ਵਰਗਾ ਗੁੱਸਾ ਤੇ ਰੋਹ ਉਨ੍ਹਾਂ ਪਹਿਲਾਂ ਕਦੇ ਮਹਿਸੂਸ ਨਹੀਂ ਕੀਤਾ'

ਐਨਡੀਪੀ ਆਗੂ ਜਗਮੀਤ ਸਿੰਘ ਨੇ ਵੀਰਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਮਾਰਚ ਫੌਰ ਲਾਈਫ ਲਈ ਪ੍ਰੋ-ਚੁਆਇਸ ਮੁਜ਼ਾਹਰੇ ਦੌਰਾਨ ਆਖਿਆ ਕਿ ਅੱਜ ਵਾਲੀ ਘਟਨਾ ਵਰਗਾ ਗੁੱਸਾ ਤੇ ਰੋਹ ਉਨ੍ਹਾਂ ਪਹਿਲਾਂ ਕਦੇ ਮਹਿਸੂਸ ਨਹੀਂ ਕੀਤਾ। ਇਸ ਘਟਨਾ ਨਾਲ ਇੱਕ ਵਾਰੀ ਫਿਰ ਸਿਆਸਤਦਾਨਾਂ ਦੀ ਸਕਿਊਰਿਟੀ ਦਾ ਮੁੱਦਾ ਚਰਚਾ ਵਿੱਚ ਆ ਗਿਆ ਹੈ। ਜਗਮੀਤ ਸਿੰਘ ਨੇ ਭਾਵੇਂ ਇਹ ਆਖਿਆ ਕਿ ਇਹ ਇੱਕਲੀ ਕਾਰੀ ਘਟਨਾ ਸੀ ਪਰ ਉਨ੍ਹਾਂ ਇਹ ਗੱਲ ਜ਼ਰੂਰ ਆਖੀ ਕਿ ਭਾਵੇਂ ਕੋਈ ਆਗੂ ਚੁਣਿਆ ਹੋਵੇ ਜਾਂ ਨਾ, ਉਸ ਨੂੰ ਅਸੁਰੱਖਿਅਤ ਮਹਿਸੂਸ ਨਹੀਂ ਹੋਣਾ ਚਾਹੀਦਾ। ਪੀਟਰਬਰੋ ਦੀ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਰਿੰਮੀ ਝੱਜ ਦੇ ਚੋਣ ਦਫ਼ਤਰ ਦਾ ਸ਼ਾਨਦਾਰ ਉਦਘਾਟਨ

ਬਰੈਂਪਟਨ- ਬਰੈਂਪਟਨ ਵੈਸਟ ਤੋਂ ਆਗਾਮੀ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਨੌਜਵਾਨ ਉਮੀਦਵਾਰ ਰਿੰਮੀ ਝੱਜ ਦੇ ਚੋਣ ਦਫ਼ਤਰ ਦਾ ਉਦਘਾਟਨ ਸ਼ਨਿਚਰਵਾਰ 7 ਮਈ ਵਾਲੇ ਦਿਨ ਸਥਾਨਕ ਆਗੂਆਂ ਅਤੇ ਸਮਰੱਥਕਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਪੇਸ਼ੇ ਵਜੋਂ ਰਜਿਸਟਰਡ ਨਰਸ ਰਿੰਮੀ ਝੱਜ ਨੇ ਆਏ ਮਹਿਮਾਨਾਂ ਅਤੇ ਸਮਰੱਥਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਲੋਕਾਂ ਲਈ ਕੰਮ ਕਰਨਾ ਉਸਦਾ ਬਚਪਨ ਤੋਂ ਹੀ ਸ਼ੌਕ ਰਿਹਾ ਹੈ। ਰਿੰਮੀ ਨੇ ਦੱਸਿਆ ਕਿ ਕੋਵਿਡ-19 ਮਹਾਮਾਰੀ ਦੌਰਾਨ ਉਸਨੇ ਕਈ ਮੁਸ਼ਕਲਾਂ ਦੇ ਬਾਵਜੂਦ ਆਪਣੀ ਸੇਵਾ ਜਾਰੀ ਰੱਖੀ ਜਿਸ ਨਾਲ ਉਸਨੂੰ ਕਮਿਊਨਿਟੀ ਦੀਆਂ ਮੁਸ਼ਕਲਾਂ ਨੂੰ ਹੋਰ ਨੇੜੇ ਤੋਂ ਵੇਖਣ ਦਾ ਅਵਸਰ ਮਿਲਿਆ। ਵਰਨਣਯੋਗ ਹੈ ਕਿ ਰਿੰਮੀ ਖੁਦ ਵੀ ਕੋਵਿਡ-19 ਪਾਜ਼ਿਟਿਵ ਰਹਿ ਚੁੱਕੀ ਹੈ।



ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੀ ਬਰੈਂਪਟਨ ਵੈਸਟ ਤੋਂ ਫੈਡਰਲ ਮੈਂਬਰ ਪਾਰਲੀਮੈਂਟ ਕਮਲ ਖੈਹਰਾ ਨੇ ਰਿੰਮੀ ਝੱਜ ਲਈ ਸ਼ੁਭ ਕਾਮਨਾਵਾਂ ਪੇਸ਼ ਕਰਦੇ ਕਿਹਾ ਕਿ ਝੱਜ ਪਰਿਵਾਰ ਦੀ ਉਹ ਸਦਾ ਧੰਨਵਾਦੀ ਰਹੇਗੀ ਜਿਸਨੇ ਮੁੱਢ ਤੋਂ ਹੀ ਉਸਦੇ ਸਿਆਸੀ ਜੀਵਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਰਿੰਮੀ ਬਾਰੇ ਗੱਲ ਕਰਦੇ ਕਮਲ ਖੈਹਰਾ ਨੇ ਕਿਹਾ ਕਿ ਰਿੰਮੀ ਇੱਕ ਅਜਿਹੀ ਨੌਜਵਾਨ ਲੜਕੀ ਹੈ ਜੋ ਆਪਣੀ ਲਗਨ ਨਾਲ ਕਮਿਊਨਿਟੀ ਦੀਆਂ ਆਸਾਂ ਉੱਤੇ ਪੂਰਾ ਉੱਤਰੇਗੀ। ਕਮਲ ਖੈਹਰਾ ਅਨੁਸਾਰ ਰਿੰਮੀ ਨੂੰ ਕਮਿਊਨਿਟੀ ਨਾਲ ਜੁੜੇ ਮਸਲਿਆਂ ਦੀ ਬਾਖ਼ੂਬੀ ਸਮਝ ਹੈ ਅਤੇ ਉਹ ਕਮਿਊਨਿਟੀ ਦੀ ਕੁਈਨ ਪਾਰਕ ਵਿੱਚ ਨੁਮਾਇੰਦਗੀ ਕਰਨ ਲਈ ਪੂਰੀ ਤਰਾਂ ਤਿਆਰ ਹੈ। ਚੇਤੇ ਰਹੇ ਕਿ ਰਿੰਮੀ ਝੱਜ ਨੂੰ ਕਮਲ ਖੈਹਰਾ ਦੇ ਦਫ਼ਤਰ ਵਿੱਚ ਕੰਮ ਕਰਨ ਦਾ ਕਈ ਸਾਲ ਦਾ ਤਜੁਰਬਾ ਹੈ।

ਇਸ ਮੌਕੇ ਸਥਾਨਕ ਕਮਿਊਨਿਟੀ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਆਗੂ ਵੀ ਵੱਡੀ ਗਿਣਤੀ ਵਿੱਚ ਪੁੱਜੇ ਹੋਏ ਸਨ। ਸਾਬਕਾ ਮੈਂਬਰ ਪਾਰਲੀਮੈਂਟ ਕੋਲੀਨ ਬੋਮੀਏ ਕੁੱਝ ਕਾਰਣਾਂ ਕਰਕੇ ਸ਼ਾਮਲ ਨਹੀਂ ਹੋ ਸਕੇ ਲੇਕਿਨ ਉਹਨਾਂ ਨੇ ਆਪਣੀਆਂ ਸ਼ੁਭ ਕਾਮਨਾਵਾਂ ਭੇਜੀਆਂ। ਰਿੰਮੀ ਝੱਜ ਨੇ ਉਸਦੇ ਕੰਪੇਨ ਦਫ਼ਤਰ ਵਿੱਚ ਸਹਿਯੋਗ ਦੇਣ ਜਾਂ ਵਾਲੰਟੀਅਰ ਕਰਨ ਲਈ 905-450-3555 ਜਾਂ 25 ਵੈਨ ਕਿਰਕ ਡਰਾਈਵ ਯੂਨਿਟ 5, ਬਰੈਂਪਟਨ ਵਿਖੇ ਆ ਕੇ ਸੰਪਰਕ ਕਰਨ ਲਈ ਅਪੀਲ ਕੀਤੀ ਹੈ।

# ਟੋਰਾਂਟੋ ਦੇ ਪਾਰਕਾਂ ਵਿੱਚ ਸ਼ਰਾਬ ਪੀਣ ਦੀ ਮਿਲੇਗੀ ਖੁੱਲ੍ਹ!

ਟੋਰਾਂਟੋ, 12 ਮਈ (ਪੋਸਟ ਬਿਊਰੋ) : ਵਿਕਟੋਰੀਆ ਡੇਅ ਲਾਂਗ ਵੀਕੈਂਡ ਤੱਕ ਟੋਰਾਂਟੋ ਵਾਸੀ ਕਾਨੂੰਨੀ ਤੌਰ ਉੱਤੇ ਪਾਰਕਾਂ ਵਿੱਚ ਬੀਅਰ ਤੇ ਵਾਈਨ ਆਦਿ ਪੀ ਸਕਣਗੇ।



ਵੀਰਵਾਰ ਨੂੰ ਸਿਟੀ ਕਾਊਂਸਲ ਵੱਲੋਂ ਇਸ ਮਤੇ ਉੱਤੇ ਬਹਿਸ ਕੀਤੀ ਜਾਵੇਗੀ, ਜਿਸ ਤੋਂ ਬਾਅਦ 21 ਮਈ ਤੱਕ ਲੋਕਾਂ ਨੂੰ ਸਿਟੀ ਪਾਰਕਾਂ ਤੇ ਬੀਚਾਂ ਉੱਤੇ ਸ਼ਰਾਬ ਪੀਣ ਦੀ ਖੁੱਲ੍ਹ ਮਿਲ ਸਕਦੀ ਹੈ। ਇਹ ਮਤਾ ਕਾਊਂਸਲਰ ਜੋਸ਼ ਮੈਟਲੋਅ ਵੱਲੋਂ ਪੇਸ਼ ਕੀਤਾ ਗਿਆ ਤੇ ਅਕਤੂਬਰ ਦੇ ਅੰਤ ਤੱਕ ਇਸ ਤਹਿਤ ਸਵੇਰੇ 11:00 ਵਜੇ ਤੋਂ ਰਾਤ ਦੇ 9:00 ਵਜੇ ਤੱਕ ਪਾਰਕਾਂ ਤੇ ਬੀਚਾਂ ਉੱਤੇ ਸ਼ਰਾਬ ਪੀਣ ਦੀ ਖੁੱਲ੍ਹ ਦੇਣ ਦੀ ਗੱਲ ਕੀਤੀ ਗਈ।

ਇਸ ਤਰ੍ਹਾਂ ਦਾ ਮਤਾ ਮੈਟਲੋਅ ਵੱਲੋਂ ਕੋਵਿਡ-19 ਮਹਾਂਮਾਰੀ ਦੇ ਸਿਖਰ ਉੱਤੇ ਰਹਿੰਦਿਆਂ ਪਿਛਲੀ ਬਸੰਤ ਵਿੱਚ ਵੀ ਪੇਸ਼ ਕੀਤਾ ਗਿਆ ਸੀ। ਮਤੇ ਨੂੰ ਅਗਲੇ ਵਿਚਾਰ ਵਟਾਂਦਰੇ ਲਈ ਸਟਾਫ ਨੂੰ ਰੈਫਰ ਕਰ ਦਿੱਤਾ ਗਿਆ। ਪਾਇਲਟ ਪ੍ਰੋਜੈਕਟ ਤਹਿਤ 15 ਫੀ ਸਦੀ ਜਾਂ ਇਸ ਤੋਂ ਵੀ ਘੱਟ ਸ਼ਰਾਬ ਵਾਲੀਆਂ ਡ੍ਰਿੰਕਸ ਪਾਰਕਸ ਤੇ ਬੀਚਾਂ (ਜਿੱਥੇ ਵਾਸ਼ਰੂਮ ਹੋਣ) ਉੱਤੇ ਪੀਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਗਈ ਸੀ। ਪਲੇਅਗ੍ਰਾਊਂਡਸ ਤੇ ਖੇਡ ਦੇ ਮੈਦਾਨਾਂ ਨੇੜੇ ਇਸ ਤਰ੍ਹਾਂ ਦੇ ਪਦਾਰਥਾਂ ਦੀ ਮਨਾਹੀ ਹੋਵੇਗੀ।

ਕੁੱਝ ਰੈਜ਼ੀਡੈਂਟਸ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੀ ਇਜਾਜ਼ਤ ਦਿੱਤੇ ਜਾਣ ਨਾਲ ਪਾਰਕਾਂ ਵਿੱਚ ਗੰਦ ਫੈਲੇਗਾ ਤੇ ਗਲਤ ਕਿਸਮ ਦੇ ਵਿਵਹਾਰ ਨੂੰ ਹੱਲਾਸ਼ੇਰੀ ਮਿਲੇਗੀ। ਇਸ ਸਮੇਂ ਜੇ ਕੋਈ ਸਿਟੀ ਦੇ ਪਾਰਕਾਂ ਵਿੱਚ ਸ਼ਰਾਬ ਦੇ ਖੁੱਲ੍ਹੇ ਹੋਏ ਕੰਟੇਨਰ ਨਾਲ ਮਿਲ ਜਾਂਦਾ ਹੈ ਤਾਂ ਉਸ ਨੂੰ 300 ਡਾਲਰ ਜੁਰਮਾਨਾ ਕੀਤਾ ਜਾ ਸਕਦਾ ਹੈ।

# ਤਰਕਸ਼ੀਲ (ਰੈਸ਼ਨਲ) ਸੁਸਾਇਟੀ ਕੈਨੇਡਾ ਦੀ ਕਾਰਜਕਰਨੀ ਦੀ ਚੋਣ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਐਤਵਾਰ , ਕਨੇਡਾ ਭਰ ਵਿਚੋਂ ਵੱਖ ਵੱਖ ਪ੍ਰੋਵਿੰਸਾਂ ਦੀਆਂ ਤਰਕਸ਼ੀਲ ਸੋਸਾਇਟੀਆਂ ਦੇ ਭੇਜੇ ਨੁਮਾਂਇੰਦਿਆਂ ਨੇ ਜ਼ੁਮ ਮੀਟਿੰਗ ਕੀਤੀ ਜਿਸ ਵਿਚ ਸੁਸਾਇਟੀ ਦੇ ਬਣਾਏ ਐਲਾਨ ਨਾਮੇ ਅਤੇ ਸਵਿੰਧਾਨ ਨੂੰ ਬਰੀਕੀ ਨਾਲ ਵਿਚਾਰਨ ਉਪਰੰਤ ਅਗਲੇ ਦੋ ਸਾਲਾਂ ਲਈ ਸਰਵਸੰਮਤੀ ਨਾਲ ਕਾਰਜਕਰਨੀ ਦੀ ਚੋਣ ਕੀਤੀ ਗਈ। ਕਾਰਜਕਰਨੀ ਵਿਚੋਂ ਵੈਨਕੂਵਰ ਤੋਂ ਬਾਈ ਅਵਤਾਰ ਗਿੱਲ ਪ੍ਰਧਾਨ ਅਤੇ ਜਗਰੂਪ ਧਾਲੀਵਾਲ ਵਿੱਤ ਸਕੱਤਰ, ਟਰੋਂਟੋ ਤੋਂ ਬਲਵਿੰਦਰ ਬਰਨਾਲਾ ਮੀਤ ਪ੍ਰਧਾਨ, ਬਲਦੇਵ ਰਹਿਪਾ ਜਨਰਲ ਸਕੱਤਰ ਅਤੇ ਡਾਕਟਰ ਬਲਜਿੰਦਰ ਸੇਖੋਂ ਮੀਡੀਆ ਅਤੇ ਐਜੂਕੇਸ਼ਨ ਸਕੱਤਰ ਚੁਣੇ ਗਏ। ਇਸ ਤੋਂ ਇਲਾਵਾ ਕਾਰਜਕਰਨੀ ਵਿੱਚ ਟੋਰਾਂਟੋ ਤੋਂ ਨਵਕਿਰਨ ਸਿੱਧੂ ਅਤੇ ਵੈਨਕੂਵਰ ਤੋਂ ਪ੍ਰਮਿੰਦਰ ਸਵੈਚ ਮੈਂਬਰ ਹੋਣਗੇ। ਕੈਲਗਰੀ ਤੋਂ ਗੋਪਾਲ ਸਿੰਘ ਕਾਓਂਕੇ ਅਤੇ ਗੁਰਨਾਮ ਸਿੰਘ ਮਾਨ, ਵਿਨੀਪੈਗ ਤੋਂ ਜਸਵੀਰ ਕੌਰ ਮੰਗੂਵਾਲ/ ਰਾਜ ਬਲਵਿੰਦਰ ਸਿੰਘ ਨਿਮੰਤਰਤ ਮੈਂਬਰ ਹੋਣਗੇ। ਸਵਿੰਧਾਨ ਅਨੁਸਾਰ ਕੈਲਗਰੀ ਯੂਨਿਟ ਦੀ ਚੋਣ ਦੇ 6 ਮਹੀਨੇ ਪੂਰੇ ਹੋ ਜਾਣ ਤੇ ਉਹ ਪੱਕੇ ਤੌਰ ਤੇ ਕਾਰਜਕਰਨੀ ਦੇ ਮੈਂਬਰ ਬਣ ਜਾਣਗੇ। ਕਨੇਡਾ ਭਰ ਵਿਚ ਹੋਰ ਸ਼ਹਿਰਾਂ ਵਿਚ ਵੀ ਸੁਸਾਇਟੀ ਦੇ ਯੂਨਿਟ ਉਸਾਰੇ ਜਾ ਰਹੇ ਹਨ, ਜੋ ਬਾਅਦ ਵਿਚ ਸੁਸਾਇਟੀ ਦਾ ਹਿੱਸਾ ਬਣਦੇ ਰਹਿਣਗੇ। ਕਨੇਡਾ ਪੱਧਰ ਤੇ ਸੁਸਾਇਟੀ ਦਾ ਗੱਠਨ, ਲੰਬੇ ਸਮੇਂ ਤੋਂ ਕਨੇਡਾ ਭਰ ਵਿਚ ਸਰਗਰਮ ਜਥੇਬੰਦੀਆਂ ਦੇ ਨੁਮਾਂਇੰਦਿਆਂ ਦੀਆਂ ਬੀਤੇ ਕਈ ਮਹੀਨਿਆਂ ਤੋਂ ਇਸ ਮਨੋਰਥ ਲਈ ਚੱਲ ਰਹੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ, ਜਿਸ ਦੌਰਾਨ ਕਿਨੀਆਂ ਹੀ ਜ਼ੂਮ ਮੀਟਿੰਗਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਟੋਰਾਂਟੋ, ਵੈਨਕੂਵਰ, ਵਿਨੀਪੈਗ, ਐਡਮਿੰਟਨ, ਕੈਲਗਰੀ ਆਦਿ ਤੋਂ ਚੁਣੇ ਨੁਮਾਂਇਦੇ ਹਿੱਸਾ ਲੈਂਦੇ ਰਹੇ। ਤਰਕਸ਼ੀਲ ਸੁਸਾਇਟੀ ਦੀਆਂ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚਲੀਆਂ ਇਕਾਈਆਂ ਵਿ-ਗਆਨਕ ਸਮਝ ਦੇ ਪ੍ਰਸਾਰੇ ਲਈ ਆਪ੍ਣੀ ਸਮਰੁੱਥਾ ਅਨੁਸਾਰ ਕੰਮ ਕਰਦੀਆਂ ਹੋਈਆਂ ਪਖੰਡੀ ਸਾਧਾਂ-ਸੰਤਾਂ,ਵਹਿਮ-ਭਰਮ ਫੈਲਾਉਂਦੇ ਪੀਰਾਂ ਫਕੀਰਾਂ ਅਤੇ ਧਰਮ ਦੇ ਠੇਕੇਦਾਰਾਂ ਆਦਿ ਵੂੱਲੋਂ ਫੈਲਾਏ ਜਾ ਰਹੇ ਅੰਧਵਿਸ਼ਵਾਸਾਂ ਦਾ ਪਰਦਾ ਫਾਸ਼ ਕਰਦੀਆਂ ਰਹਿਣਗੀਆਂ। ਇਸ ਦੇ ਨਾਲ ਹੀ ਮਿਹਨਤਕਸ਼ ਜਮਾਤ ਦੀ ਹੋ ਰਹੀ ਲੁੱਟ ਬਾਰੇ ਅਤੇ ਪੈਦਾਵਾਰ ਦੀ ਉਚਿੱਤ ਵੰਡ ਲਈ ਲੋਕਾਂ ਨੂੰ ਜਾਗਰੂਕ ਕਰਦੇ ਹੋਏ, ਪੈਦਾਵਾਰ ਦੀ ਤਰਕ ਸੰਗਤ ਵੰਡ ਲਈ ਹੋ ਰਹੇ ਸੰਘਰਸ਼ਾਂ ਵਿਚ ਅਪਣਾ ਸਹਿਯੋਗ ਦਿੰਦੀਆਂ ਰਹਿਣਗੀਆਂ।



ਬਲਦੇਵ ਰਹਿਪਾ



ਅਵਤਾਰ ਗਿੱਲ

ਮੀਟਿੰਗ ਦਾ ਸੰਚਾਲਨ ਨਵਕਿਰਨ ਸਿੱਧੂ ਨੇ ਬਾਖੂਭੀ ਕੀਤਾ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਜਾਂ ਨਵੀਆਂ ਇਕਾਈਆਂ ਦੇ ਗੱਠਨ ਲਈ, ਬਰੈਂਪਟਨ ਵਿਚ ਬਲਦੇਵ ਰਹਿਪਾ (416 881 7202) ਅਤੇ ਵੈਨਕੂਵਰ ਵਿਚ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਹਾਈ ਕੋਰਟ ਨੇ ਪੁੱਛਿਆ: ਵਿਦੇਸ਼ ਬੈਠੇ ਨਸ਼ਾ ਤਸਕਰਾਂ ਨੂੰ ਭਾਰਤ ਲਿਆਉਣ ਲਈ ਕੀ ਕੀਤੈ

ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿੱਚ ਫੈਲੇ ਹਜ਼ਾਰਾਂ ਕਰੋੜ ਰੁਪਏ ਦੇ ਡਰੱਗਜ਼ ਧੰਦੇ ਉੱਤੇ ਸਖ਼ਤੀ ਵਿਖਾਈ ਹੈ। ਜਸਟਿਸ ਏ ਜੀ ਮਸੀਹ ਅਤੇ ਜਸਟਿਸ ਸੰਦੀਪ ਮੌਦਗਿਲ ਦੇ ਡਵੀਜ਼ਨ ਬੈਂਚ ਨੇ ਜਿੱਥੇ ਕੇਂਦਰ ਸਰਕਾਰ ਤੋਂ ਜਵਾਬ ਤਲਬ ਕੀਤਾ ਹੈ ਕਿ ਇਹ ਦੱਸਿਆ ਜਾਵੇ ਕਿ ਵਿਦੇਸ਼ਾਂ ਵਿੱਚ ਬੈਠੇ ਡਰੱਗਜ਼ ਤਸਕਰਾਂ ਨੂੰ ਭਾਰਤ ਲਿਆਉਣ ਲਈ ਅਜੇ ਤਕ ਕੀ ਕਾਰਵਾਈ ਕੀਤੀ ਗਈਹੈ, ਉਥੇ ਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਨਸ਼ੇ ਦੀ ਰੋਕਥਾਮ ਦੇ ਲਈ ਕੀ ਰਣਨੀਤੀ ਬਣਾਈ ਗਈ ਹੈ ਅਤੇ ਨਾਲ ਹੀ ਇਹ ਵੀ ਜਾਣਕਾਰੀ ਮੰਗੀ ਹੈ ਕਿ ਨਸ਼ਾ ਛੁਡਾਊ ਕੇਂਦਰਾਂ ਦੀ ਹਾਲਤ ਸੁਧਾਰਨ ਵਾਸਤੇ ਕੀ ਉਪਰਾਲੇ ਕੀਤੇ ਗਏ ਹਨ। ਵਰਨਣ ਯੋਗ ਹੈ ਕਿ ਹਾਈ ਕੋਰਟ ਨੇ ਤਿੰਨ ਸਾਲ ਪਹਿਲਾਂ ਇਸ ਕੇਸ ਵਿੱਚ ਵਿਦੇਸ਼ਾਂ ਵਿੱਚ ਬੈਠੇ ਨਸ਼ਾ ਤਸਕਰਾਂ ਨੂੰ ਭਾਰਤ ਲਿਆਉਣ ਲਈ ਯਤਨ ਕਰਨ ਦੀ ਹਦਾਇਤ ਕੀਤੀ ਸੀ ਤੇਕੱਲ੍ਹ ਪੁੱਛ ਲਿਆ ਕਿ ਅੱਜ ਤਕ ਕੀ ਕਾਰਵਾਈ ਕੀਤੀ ਗਈ ਹੈ। ਸੁਣਵਾਈ ਦੌਰਾਨ ਡਰੱਗ ਰੈਕਟ ਵਿੱਚ ਫਸੇ ਪੁਲਸ ਅਫ਼ਸਰਾਂ ਵਿਰੁੱਧ ਕਾਰਵਾਈ ਦੀ ਮੰਗ ਫੇਰ ਉਠੀਅ ਤੇ ਇਸ ਮੌਕੇ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਸਰਕਾਰ ਅਜਿਹੇ ਪੁਲਸ ਅਫ਼ਸਰਾਂ ਵਿਰੁੱਧ ਕਾਰਵਾਈ ਨਹੀਂ ਕਰਦੀ।

# ਕਲੀਵਵਿਊ ਸੀਨੀਅਰਜ਼ ਕਲੱਬ ਦਾ ਸਲਾਨਾ ਪ੍ਰੋਗਰਾਮ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਐਤਵਾਰ ਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਨੇੜਲੇ ਪਾਰਕ ਵਿਚ ਸਾਰੇ ਮੈਂਬਰਾਂ ਦਾ ਸਲਾਨਾ ਇਕੱਠ ਕੀਤਾ ਗਿਆ, ਜਿਸ ਵਿਚ ਬੀਤੇ ਸਾਲ ਦੇ ਪ੍ਰੋਗਰਾਮਾ ਨੂੰ ਵਿਚਾਰਿਆ ਗਿਆ ਅਤੇ ਇਸ ਸਾਲ ਕੀਤੇ ਜਾਣ ਵਾਲੇ ਸਮਾਗਮਾਂ ਬਾਰੇ ਕਾਰਜਕਰਨੀ ਵਲੋਂ ਮੈਂਬਰਾਂ ਨੂੰ ਦੱਸਿਆ ਗਿਆ। ਇਸ ਸਮੇਂ ਪ੍ਰੋਗਰਾਮ ਦੇ ਨਾਲ ਨਾਲ ਖਾਣ ਪੀਣ ਦਾ ਵੀ ਵੱਧੀਆ ਇੰਤਜ਼ਾਮ ਸੀ। ਨਵੇਂ ਉਸਰੇ ਇਸ ਇਲਾਕੇ ਵਿਚ ਵੱਖ ਵੱਖ ਕੌਮਾਂ ਦੇ ਪ੍ਰਵਾਰ ਆ ਕੇ ਵਸੇ ਹੋਏ ਹਨ। ਭਾਰਤ, ਪਾਕਿ-ਸਤਾਨ ਦੇ ਵੱਖ ਵੱਖ ਸੂਬਿਆਂ ਅਤੇ ਹੋਰ ਦੇਸ਼ਾਂ ਦੇ ਪਛੋਕੜ ਵਾਲੇ ਲੋਕ ਇਸ ਇਲਾਕੇ ਨੂੰ ਵੰਨ ਸੁਵੰਨਾ ਰੂਪ ਰੰਗ ਦਿੰਦੇ ਹਨ। ਇਸੇ ਵਭਿਨਤਾ ਵਿਚੋਂ ਇਕਜੁੱਟਤਾ ਦਰਸਾਉਂਦਾ ਇਹ ਪ੍ਰੋਗਰਾਮ ਬੜਾ ਸਫਲ ਰਿਹਾ।




ਪ੍ਰੋਗਰਾਮ ਦੇ ਸ਼ੁਰੂ ਵਿਚ ਕਲੱਬ ਦੇ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਕਲੱਬ ਵਲੋਂ ਅਧਿਕਾਰੀਆਂ ਨਾਲ ਸੰਪਰਕ ਕਰਕੇ ਆਲੇ ਦੁਆਲੇ ਨੂੰ ਹੋਰ ਚੰਗੇਰਾ ਬਣਾਉਣ ਅਤੇ ਪਾਰਕ ਵਿਚ ਹੋਰ ਬਿਹਤਰ ਸਹੂਲਤਾਂ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਕਲੱਬ ਦੇ ਪ੍ਰਧਾਨ ਡਾ ਬਲਜਿੰਦਰ ਸੇਖੋਂ ਨੇ ਅਪਣੇ ਵਿਚਾਰ ਰੱਖਦਿਆਂ, ਸੀਨੀਅਰ ਕਲੱਬ ਨੂੰ ਬਜ਼ੁਰਗਾਂ ਦੇ ਮਾਨਸਿਕ ਸਵਾਸਥ ਲਈ ਇੱਕ ਵਰਦਾਨ ਕਿਹਾ, ਜਿਥੇ ਆ ਕੇ ਉਹ ਇੱਕ ਦੂਜੇ ਨਾਲ ਗਲਬਾਤ ਕਰਦਿਆਂ, ਇੱਕ ਦੂਜੇ ਦੀਆਂ ਪ੍ਰੇਸ਼ਾਨੀਆਂ ਸੁਣ ਉਨ੍ਹਾਂ ਨੂੰ ਘਟਾਉਂਦੇ ਹਨ ਅਤੇ ਖੁਸ਼ੀ ਦੀਆਂ ਗੱਲਾਂ ਸਾਂਝੀਆਂ ਕਰ ਖੁਸ਼ੀ ਮਹਿਸੂਸ ਕਰਦੇ ਹਨ ਅਤੇ ਇਕੱਠੇ ਹੋ ਬੀਤੇ ਦੀਆਂ ਰੌਚਿਕ ਗੱਲਾਂ ਸੁਣਾ ਅਪਣੇ ਸਾਥੀਆਂ ਦਾ ਮਨਪ੍ਰਚਾਵਾ ਕਰਦੇ ਹਨ। ਕਲੱਬ ਦੇ ਸਰਪ੍ਰਸਤ ਕਰਨਲ ਗੁਰਮੇਲ ਸਿੰਘ ਸੋਹੀ ਨੇ 'ਮਾਂ ਦਿਵਸ' ਬਾਰੇ ਅਪਣੇ ਵਿਚਾਰ ਰੱਖੇ। ਮੀਤ ਪ੍ਰਧਾਨ ਮਿਸਟਰ ਜੇ ਨੇ ਇਸ ਸਾਲ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ ਅਤੇ ਸੁਖਵਿੰਦਰ ਜੀਤ ਨੇ ਕਲੱਬ ਦਾ ਹਿਸਾਬ ਕਿਤਾਬ ਮੈਂਬਰਾਂ ਨਾਲ ਸਾਂਝਾ ਕੀਤਾ। ਸਭਿਆਚਾਰਕ ਪ੍ਰੋਗਰਾਮ ਵਿਚ ਵੀ ਕਈ ਮੈਂਬਰਾਂ ਨੇ ਹਿੱਸਾ ਲਿਆ। ਕਲੱਬ ਬਾਰੇ ਹੋਰ ਜਾਣਕਾਰੀ ਲਈ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਪੰਜਾਬ ਦੀ ਨਵੀਂ ਸਰਕਾਰ: ਪਿੰਡ ਹਾਲੇ ਬੱਝਾ ਨਹੀਂ ਤੇ ਉਚੱਕੇ ਪਹਿਲਾਂ ਹੀ ਸਰਗਰਮ



ਜਤਿੰਦਰ ਪੰਨੂ

ਪੰਜਾਬ ਦੀ ਨਵੀਂ ਬਣੀ ਸਰਕਾਰ ਆਪਣੇ ਦੋ ਮਹੀਨੇ ਵੀ ਪੂਰੇ ਕਰਨ ਤੋਂ ਪਹਿਲਾਂ ਬਹੁਤ ਸਾਰੇ ਸੰਕਟਾਂ ਨਾਲ ਸਿੱਝਣ ਵਾਲੀ ਸਥਿਤੀ ਵਿੱਚ ਫਸੀ ਨਜ਼ਰ ਆਉਂਦੀ ਹੈ। ਰਾਜ ਦੀ ਵਿਰੋਧੀ ਧਿਰ ਦੀਆਂ ਪ੍ਰਮੁੱਖ ਤਿੰਨੇ ਪਾਰਟੀਆਂ ਦੇ ਵਫਦ ਪੰਜਾਬ ਦੇ ਗਵਰਨਰ ਕੋਲ ਇਸ ਸਰਕਾਰ ਦੇ ਖਿਲਾਫ ਮੈਮੋਰੈਂਡਮ ਦੇ ਆਏ ਹਨ ਤੇ ਜਨਤਕ ਤੌਰ ਉੱਤੇ ਇਹ ਮੰਗ ਚੁੱਕਣ ਲੱਗੇ ਹਨ ਕਿ ਇਹ ਸਰਕਾਰ ਅਸਤੀਫਾ ਦੇ ਦੇਵੇ। ਸਾਡੇ ਚੇਤੇ ਵਿੱਚ ਏਦਾਂ ਦੀ ਕੋਈ ਸਰਕਾਰ ਨਹੀਂ, ਜਿਹੜੀ ਬਣੀ ਨੂੰ ਹਾਲੇ ਦੋ ਮਹੀਨੇ ਨਾ ਹੋਏ ਹੋਣ ਅਤੇ ਉਸ ਦੇ ਖਿਲਾਫ ਮੰਗ-ਪੱਤਰ ਦੇਣ ਤੇ ਅਸਤੀਫਾ ਮੰਗਣ ਦੀ ਖੇਡ ਚੱਲ ਪਈ ਹੋਵੇ ਅਤੇ ਇਸ ਕੰਮ ਵਿੱਚ ਆਪਸੀ ਮੱਤਭੇਦ ਲਾਂਭੇ ਰੱਖ ਕੇ ਸਭ ਵਿਰੋਧੀ ਧਿਰਾਂ ਇਕੱਠੀਆਂ ਹੋ ਗਈਆਂ ਹੋਣ। ਕੁਝ ਸੱਜਣ ਇਹ ਕਹਿ ਰਹੇ ਹਨ ਕਿ ਇਸ ਖੇਡ ਦੀਆਂ ਤਾਰਾਂ ਪੰਜਾਬ ਵਿੱਚੋਂ ਨਹੀਂ, ਬਾਹਰ ਤੋਂ ਹਿਲਾਈਆਂ ਜਾ ਰਹੀਆਂ ਹਨ ਅਤੇ ਪੰਜਾਬ ਵਿਚਲੇ ਇਹ ਆਗੂ ਅਗਲੀਆਂ ਚੋਣਾਂ ਵਿੱਚ ਆਪੋ ਵਿੱਚ ਹੱਥ ਮਿਲਾਉਣ ਲਈ ਤਿਆਰੀਆਂ ਕਰਦੇ ਵੀ ਸੁਣਦੇ ਹਨ। ਕਾਂਗਰਸ ਵਾਲੇ ਕਦੀ ਵੀ ਅਕਾਲੀ ਦਲ ਨਾਲ ਸਿੱਧੀ ਸਾਂਝ ਨਹੀਂ ਪਾ ਸਕਦੇ, ਪਰ ਜ਼ਰਾ ਓਹਲੇ ਨਾਲ ਜਿਸ ਤਰ੍ਹਾਂਉਹ ਅੱਗੇ ਇੱਕ-ਦੂਸਰੀ ਧਿਰ ਨਾਲ ਮਿਲ ਕੇ ਆਪਣਾ ਬੰਦਾ ਹਰਾਉਣ ਤੇ ਦੂਸਰਿਆਂ ਦਾ ਜਿਤਾਉਣ ਦੀ ਖੇਡ ਖੇਡਦੇ ਹਨ, ਅਗਲੀ ਵਾਰੀ ਏਦਾਂ ਕਰਨ ਲਈ ਅਗੇਤੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਸੁਣੀਂਦੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਸੰਗਰੂਰ ਵਾਲੀ ਲੋਕ ਸਭਾ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਸ ਦੀ ਉੱਪ ਚੋਣ ਵੇਲੇ ਇਹ ਪਾਰਟੀਆਂ ਆਪਸ ਵਿੱਚ ਹੱਥ ਮਿਲਾਉਣ ਤੇ ਨਵੀਂ ਸਰਕਾਰ ਨੂੰ ਠਿੱਬੀ ਲਾਉਣ ਦਾ ਮਨ ਬਣਾਈ ਬੈਠੀਆਂ ਹੋਣ ਦੀ ਚਰਚਾ ਵੀ ਮੀਡੀਏ ਵਿੱਚ ਹੈ। ਇਹ ਖੇਡ ਕਿਸੇ ਕੰਮ ਆਵੇਗੀ ਕਿ ਨਹੀਂ, ਇਸ ਬਾਰੇ ਕੋਈ ਨਹੀਂ ਦੱਸ ਸਕਦਾ।

ਸਥਿਤੀ ਦਾ ਦੂਸਰਾ ਪਾਸਾ ਇਹ ਹੈ ਕਿ ਪੰਜਾਬ ਇੱਕ ਖਾਸ ਕਿਸਮ ਦੇ ਮਾਫੀਆ ਜਾਲ ਦੀ ਜਕੜ ਵਿੱਚ ਹੈ ਤੇ ਇਸ ਜਕੜ ਨੂੰ ਤੋੜਨਾ ਨਵੀਂ ਸਰਕਾਰ ਲਈ ਸੌਖਾ ਕੰਮ ਨਹੀਂ। ਨਵੀਂ ਸਰਕਾਰ ਮਾਫੀਆ ਜਕੜ ਨੂੰ ਤੋੜਨਾ ਚਾਹੇ ਤਾਂ ਉਹ ਲੋਕ ਪੰਜਾਬ ਦਾ ਕੰਮ-ਕਾਰ ਠੱਪ ਕਰ ਸਕਣ ਦੀ ਤਾਕਤ ਰੱਖਦੇ ਹਨ। ਮਿਸਾਲ ਵਜੋਂ ਰੇਤ ਦੀਆਂ ਖੱਡਾਂ ਵਿੱਚ ਹੁੰਦੀ ਨਾਜਾਇਜ਼ ਮਾਈਨਿੰਗ ਰੋਕਣੀ ਹੋਵੇ ਤਾਂ ਉਨ੍ਹਾਂ ਨੂੰ ਖੂੰਜੇ ਧੱਕ ਕੇ ਸਿੱਧੀ ਮਾਈਨਿੰਗ ਨਾਲ ਲੋਕਾਂ ਨੂੰ ਰੇਤ ਦੇਣੀ ਹੋਵੇਗੀ। ਕਹਿਣਾ ਸੌਖਾ ਹੋ ਸਕਦਾ ਹੈ, ਅਮਲ ਵਿੱਚ ਇਹ ਕੰਮ ਏਨਾ ਸੌਖਾ ਨਹੀਂ। ਮਾਫੀਆ ਲਈ ਕੰਮ ਕਰਦੀ ਧਾੜ ਨੂੰ ਉਨ੍ਹਾਂ ਵੱਲੋਂ ਸਿਰਫ ਇੱਕ ਇਸ਼ਾਰਾ ਮਿਲਣ ਦੀ ਦੇਰ ਹੈ, ਇਹ ਸਾਰੇ ਕੰਮ ਬੰਦ ਕਰ ਕੇ ਬੈਠ ਜਾਣਗੇ ਤੇ ਪੰਜਾਬ ਵਿੱਚ ਨਾ ਰੇਤ ਮਿਲੇਗੀ, ਨਾ ਬੱਜਰੀ ਤੇ ਨਾ ਉਸਾਰੀ ਦੇ ਕੰਮਾਂ ਲਈ ਲੋੜੀਂਦਾ ਹੋਰ ਸਮਾਨ ਮਿਲੇਗਾ। ਸ਼ਰਾਬ ਮਾਫੀਆ ਹਰ ਸਰਕਾਰ ਨੂੰ ਬਲੈਕਮੇਲ ਕਰਦਾਤੇ ਆਪਣੀ ਮਰਜ਼ੀ ਨਾਲ ਠੇਕੇ ਚਲਾਉਂਦਾ ਰਿਹਾ ਹੈ, ਉਸ ਦੀ ਮਰਜ਼ੀ ਦੇ ਬਗੈਰ ਕੰਮ ਕਰਨਾ ਸ਼ੁਰੂ ਕੀਤਾ ਤਾਂ ਅਗਲੇ ਦਿਨਾਂ ਵਿੱਚ ਸਭ ਠੇਕੇ ਬੰਦ ਕਰ ਦੇਣਗੇ ਅਤੇ ਸਰਕਾਰ ਕੋਲ ਬਦਲ ਨਹੀਂ ਹੋਵੇਗਾ। ਜਿਨ੍ਹਾਂ ਫੈਕਟਰੀਆਂ ਵਿੱਚ ਸ਼ਰਾਬ ਬਣਾ ਕੇ ਸਪਲਾਈ ਹੁੰਦੀ ਹੈ, ਉਨ੍ਹਾਂ ਨਾਲ ਮਾਫੀਆ ਦੀਆਂ ਸਾਂਝਾਂ ਤਾਂ ਹੋ ਸਕਦੀਆਂ ਹਨ, ਨਵੀਂ ਸਰਕਾਰ ਦੀਆਂ ਨਹੀਂ।

ਮੈਂ ਬਹੁਤ ਸਾਰੇ ਏਦਾਂ ਦੇ ਖੇਤਰ ਗਿਣਾ ਸਕਦਾ ਹਾਂ, ਜਿਨ੍ਹਾਂ ਵਿੱਚ ਮਾਫੀਆ ਆਪਣੀ ਮਰਜ਼ੀ ਮੁਤਾਬਕ ਸਾਰਾ ਕੁਝ ਚੱਲਦਾ ਰੱਖਣ ਦੀ ਆਦੀ ਹੈ ਅਤੇ ਨਵੀਂ ਸਰਕਾਰ ਬਣਦੇ ਸਾਰ ਉਸ ਦੇ ਸਰਗੁਣੇ ਮੀਟਿੰਗਾਂ ਲਾਉਂਦੇ ਤੇ ਸਰਕਾਰ ਦੇ ਨਾਸੀਂ ਧੂੰਆਂ ਦੇਣ ਲਈ ਗੋਂਦਾਂ ਗੁੰਦਦੇ ਸੁਣੇ ਜਾਂਦੇ ਹਨ। ਅੱਜਕੱਲ੍ਹ ਪੰਚਾਇਤੀ ਜ਼ਮੀਨਾਂ ਦੇ ਕਬਜ਼ੇ ਛੁਡਾਉਣ ਵਾਲੀ ਮੁਹਿੰਮ ਨਵੀਂ ਸਰਕਾਰ ਦੇ ਪੰਚਾਇਤ ਮੰਤਰੀ ਨੇ ਸ਼ੁਰੂ ਕੀਤੀ ਅਤੇ ਕਈ ਥਾਂਈਂ ਏਦਾਂ ਕਬਜ਼ੇ ਛੁਡਾਏ ਹਨ। ਸਾਡੀ ਸਮਝ ਸੀ ਕਿ ਪੰਜਾਬ ਵਿੱਚ ਪੰਜਾਹ ਹਜ਼ਾਰ ਏਕੜ ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ੇ ਹੋ ਸਕਦੇ ਹਨ, ਪਰ ਪੰਚਾਇਤ ਵਿਭਾਗ ਦੇ ਇੱਕ ਸੀਨੀਅਰ ਅਫਸਰ ਨੇ ਇਹ ਹੈਰਾਨੀ ਵਾਲੀ ਗੱਲ ਕਹਿ ਦਿੱਤੀ ਕਿ ਪੰਜਾਬ ਵਿੱਚ ਛੇ ਲੱਖ ਏਕੜ ਜ਼ਮੀਨ ਵੀ ਨਾਜਾਇਜ਼ ਕਬਜ਼ੇ ਹੇਠ ਹੋ ਸਕਦੀ ਹੈ। ਇਹ ਕਬਜ਼ੇ ਸਿਆਸੀ ਲੋਕਾਂ ਨੇ ਕੀਤੇ ਹਨ, ਸੀਨੀਅਰ ਸਿਵਲ ਜਾਂ ਪੁਲਸ ਅਫਸਰਾਂ ਨੇ ਵੀ ਅਤੇ ਉਨ੍ਹਾਂ ਦੀ ਸ਼ਹਿ ਨਾਲ ਸੰਬੰਧਤ ਪਿੰਡਾਂ ਵਿੱਚ ਬਦਮਾਸ਼ਾਂ ਨੇ ਵੀ ਇਹੋ ਕੁਝ ਕੀਤਾ ਪਿਆ ਹੈ। ਇਸ ਹਫਤੇ ਸਾਨੂੰ ਇਹ ਖਬਰ ਪੜ੍ਹਨ ਨੂੰ ਮਿਲੀ ਕਿ ਜਲੰਧਰ ਜ਼ਿਲੇ ਦੇ ਇੱਕ ਛੋਟੇ ਜਿਹੇ ਪਿੰਡ ਦੀ ਬਾਈ ਏਕੜ ਪੰਚਾਇਤੀ ਜ਼ਮੀਨ ਉੱਤੇ ਇੱਕ ਸੀਨੀਅਰ ਆਈ ਏ ਐੱਸ ਅਫਸਰ ਨੇ ਸਾਲ 1987 ਵਿੱਚ ਨਾਜਾਇਜ਼ ਕਬਜ਼ਾ ਕੀਤਾ ਸੀ, ਪੈਂਤੀ ਸਾਲ ਲੰਘ ਗਏ ਤੇ ਕਿਸੇ ਸਰਕਾਰ ਦੇ ਵਕਤ ਵੀ ਇਹ ਕਬਜ਼ਾ ਨਹੀਂ ਛੁਡਾਇਆ ਗਿਆ। ਉਹ ਅਫਸਰ ਰਿਟਾਇਰ ਹੋਣ ਦੇ ਬਾਅਦ ਸੰਸਾਰ ਤੋਂ ਚਲਾ ਗਿਆ ਤਾਂ ਉਸ ਦੇ ਪਰਵਾਰ ਨੇ ਬਾਅਦ ਵਿੱਚ ਵੀ ਕਬਜ਼ਾ ਕਰੀ ਰੱਖਿਆ ਸੀ। ਨਵੀਂ ਸਰਕਾਰ ਨੇ ਆ ਕੇ ਛੁਡਾ ਲਿਆ ਹੈ। ਮਾਝੇ ਵਿਚਲੇ ਇੱਕ ਪਿੰਡ ਬਾਰੇ ਪਤਾ ਲੱਗਾ ਹੈ ਕਿ ਓਥੇ ਕਈ ਸੌ ਏਕੜ ਜ਼ਮੀਨ ਉੱਤੇ ਜਿਸ ਜ਼ੋਰਾਵਰ ਦਾਨਾਜਾਇਜ਼ ਕਬਜ਼ਾ ਹੈ, ਉਸ ਹਲਕੇ ਦਾ ਵਿਧਾਇਕ ਅਕਾਲੀ ਹੋਵੇ ਜਾਂ ਕਾਂਗਰਸੀ, ਜਿੱਤਣ ਪਿੱਛੋਂ ਸਾਰੇ ਵਿਧਾਇਕ ਉਸ ਪਿੰਡ ਵਿੱਚ ਓਸੇ ਦੇ ਘਰ ਆਉਂਦੇ ਸਨ ਅਤੇ ਸਰਕਾਰੀ ਸਮਾਗਮਾਂ ਵਿੱਚ ਉਸ ਨੂੰ ਟਰਾਫੀਆਂ ਅਤੇਮਿਮੈਂਟੋ ਮਿਲਦੇ ਹਨ। ਜਦੋਂ ਰਾਜਨੀਤੀ ਦਾ ਚੱਕਾ ਕਿਸੇ ਪਾਸਿਉਂ ਵੀ ਘੁੰਮੇ, ਉਸ ਦਾ ਘਰ ਰਾਜਨੀਤੀ ਦਾ ਧੁਰਾ ਬਣਿਆ ਰਹਿੰਦਾ ਹੈ ਤਾਂ ਕਬਜ਼ਾ ਕੌਣ ਤੁੜਾਏਗਾ? ਨਵੀਂ ਸਰਕਾਰ ਨੇ ਕਹਿ ਦਿੱਤਾ ਹੈ ਕਿ ਏਦਾਂ ਦੇ ਕਬਜ਼ੇ ਤੁੜਾਉਣੇ ਹਨ ਤਾਂ ਅਫਸਰਸ਼ਾਹੀ ਦਾ ਇੱਕ ਹਿੱਸਾ ਡਿਊਟੀ ਵਜੋਂ ਇਸ ਸਰਕਾਰ ਦੇ ਨਾਲ ਤੁਰਿਆ ਜਾਂਦਾ ਦਿੱਸਦਾ ਹੈ, ਪਰ ਅੰਦਰੋਂ ਪੁਰਾਣੀਆਂ ਸਾਂਝ ਦੀਆਂ ਤੰਦਾਂ ਹੋਣ ਕਾਰਨ ਉਹ ਹਰ ਅਗਲੇ ਕਦਮ ਦੀਅਗੇਤੀ ਸੂਹ ਪੁਰਾਣੇ ਮਿੱਤਰਾਂ ਨੂੰ ਦੇ ਸਕਦੇ ਹਨ। ਨਵੀਂ ਸਰਕਾਰ ਕੁਝ ਕੰਮ ਕਰੇਗੀ ਜਾਂ ਅਫਸਰਾਂ ਦੇ ਫੋਨ ਟੈਪਿੰਗ ਕਰਨ ਦੇ ਲਈ ਵਕਤ ਜ਼ਾਇਆ ਕਰਦੀ ਰਹੇਗੀ, ਇਹ ਵੀ ਬਹੁਤ ਵੱਡਾ ਸਵਾਲ ਹੈ, ਜਿਸ ਦਾ ਜਵਾਬ ਨਹੀਂ ਮਿਲਦਾ।

ਸਰਕਾਰੀ ਸਕੀਮਾਂ ਨੂੰ ਵਰਤਣ ਵਾਲਾ ਮਾਫੀਆ ਅੱਜ ਵੀ ਸੈਕਟਰੀਏਟ ਵਿੱਚ ਫਿਰਦਾ ਹੈ ਤੇ ਉਹ ਕਿਸ ਤਰ੍ਹਾਂ ਕੰਮ ਕਰਦਾ ਹੈ, ਇਸ ਦੀ ਇੱਕ ਵੰਨਗੀ ਅਸੀਂ ਦੱਸ ਸਕਦੇ ਹਾਂ। ਕਈ ਸਾਲ ਪਹਿਲਾਂ ਇੱਕ ਛੋਟੇ ਸ਼ਹਿਰ ਦੇ ਬਾਹਰਵਾਰ ਸਸਤੀ ਜਿਹੀ ਜ਼ਮੀਨ ਲਈ ਅਚਾਨਕ ਗ੍ਰਾਹਕ ਆਏ ਅਤੇ ਮੁੱਲ ਪੁੱਛ ਕੇ ਜਿੰਨਾ ਕਿਸਾਨਾਂ ਨੇ ਦੱਸਿਆ, ਉਸ ਤੋਂ ਦਸ ਹਜ਼ਾਰ ਰੁਪਏ ਕਿੱਲੇ ਦੇ ਵੱਧ ਨਾਲ ਕਰੀਬ ਡੇਢ ਕਰੋੜ ਰੁਪਏ ਦੀ ਜ਼ਮੀਨ ਖਰੀਦ ਕੇਨਕਦ ਪੈਸੇ ਦੇ ਕੇ ਰਜਿਸਟਰੀ ਕਰਵਾ ਲਈ। ਆਮ ਤੌਰ ਉੱਤੇ ਏਦਾਂ ਖਰੀਦੀ ਜ਼ਮੀਨ ਦੀ ਸਰਕਾਰੀ ਰਿਕ-ਾਰਡ ਵਿੱਚ ਇੰਟਰੀ, ਜਿਸ ਨੂੰ ਇੰਤਕਾਲ ਕਿਹਾ ਜਾਂਦਾ ਹੈ, ਹੋਣ ਵਿੱਚ ਪੰਜ-ਸੱਤ ਮਹੀਨੇ ਲੱਗ ਸਕਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਉਸ ਜ਼ਮੀਨ ਦਾ ਇੰਤਕਾਲ ਦੋ ਦਿਨਾਂ ਵਿੱਚ ਕਰ ਦਿੱਤਾ ਗਿਆ ਅਤੇ ਘੇਰੇ-ਘੇਰੇ ਕੰਡੇਦਾਰ ਤਾਰ ਦੀ ਵਾੜ ਕਰ ਦਿੱਤੀ ਗਈ। ਅਗਲੇ ਹਫਤੇ ਅਖਬਾਰਾਂ ਵਿੱਚ ਇਸ਼ਤਿਹਾਰ ਛਪਿਆ ਕਿ ਉਸ ਜ਼ਮੀਨ ਉੱਤੇ ਫਲਾਣਾ ਸਰਕਾਰੀ ਪ੍ਰਾਜੈਕਟ ਲੱਗਣਾ ਹੈ, ਨਾ ਪੰਜ-ਦਸ ਫੁੱਟ ਵੱਧ ਅਤੇ ਨਾ ਘੱਟ, ਖਰੀਦੀ ਗਈ ਸਾਰੀ ਜ਼ਮੀਨ ਉਸ ਨਕਸ਼ੇ ਵਿੱਚ ਆ ਗਈ ਅਤੇ ਸਰਕਾਰੀ ਰੇਟ ਮੁਤਾਬਕ ਸਾਢੇ ਸੱਤ ਕਰੋੜ ਰੁਪਏ ਉਸ ਟੋਲੀ ਦੀ ਜੇਬ ਵਿੱਚ ਪੈ ਗਏ, ਜਿਨ੍ਹਾਂ ਨੇ ਮਸਾਂ ਡੇਢ ਕਰੋੜ ਦੀਜ਼ਮੀਨ ਖਰੀਦੀ ਸੀ। ਇਸ ਘਪਲੇ ਦੀ ਸ਼ਿਕਾਇਤ ਹੋਈ ਤਾਂ ਜਾਂਚ ਅਫਸਰ ਵੀ ਉਨ੍ਹਾਂ ਦੇ ਆਪਣੇ ਹੋਣ ਕਰ ਕੇ ਰਿਪੋਰਟ ਵਿੱਚ ਇਹ ਲਿਖ ਦਿੱਤਾ ਕਿ ਇਹ ਸਿਰਫ ਕੋ-ਇਨਸੀਡੈਂਸ (ਮੌਕਾ-ਮੇਲ) ਸੀ, ਉਂਜ ਇਸ ਵਿੱਚ ਕੋਈ ਸਾਜ਼ਿਸ਼ ਵਰਗੀ ਗੱਲ ਨਜ਼ਰ ਨਹੀਂ ਆਈ। ਜਿਨ੍ਹਾਂ ਲੋਕਾਂ ਨੇ ਉਹ ਚੁਸਤੀ ਕੀਤੀ ਸੀ, ਇਸ ਵਕਤ ਵੀ ਉਹ ਲੋਕ ਪੰਜਾਬ ਦੇ ਸਿਵਲ ਸੈਕਟਰੀਏਟ ਵਿੱਚ ਘੁੰਮਦੇ ਨਜ਼ਰ ਪੈ ਜਾਂਦੇ ਹਨ ਤੇ ਆਮ ਕਰ ਕੇ ਬਹੁਤ ਵੱਡੇ ਅਫਸਰਾਂ ਕੋਲ ਬੈਠੇ ਦਿਖਾਈ ਦੇਂਦੇ ਹਨ। ਨਵੀਂ ਬਣੀ ਸਰਕਾਰ ਨੂੰ ਇਸ ਚੱਕਰ ਦਾ ਪਤਾ ਹੀ ਨਹੀਂ ਲੱਗਦਾ।

ਸਾਡੀ ਸਮਝ ਹੈ ਅਤੇ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਸਮਝ ਵੀ ਇਹੋ ਹੈ ਕਿ ਨਵੀਂ ਸਰਕਾਰ ਦੇ ਮੁੱਖ ਮੰਤਰੀ ਜਾਂ ਉਸ ਦੇ ਮੰਤਰੀਆਂ ਦੀ ਨੀਤ ਵਿੱਚ ਕੋਈ ਖੋਟ ਨਾ ਵੀ ਹੋਵੇ ਤਾਂ ਉਨ੍ਹਾਂ ਦੇ ਘੇਰੇ ਜਿਹੜੀ ਬਦਮਾਸ਼ਾਂ ਦੀ ਧਾੜ ਫਿਰਦੀ ਹੈ, ਉਸ ਤੋਂ ਬਚ ਕੇ ਕੰਮ ਕਰਨਾ ਉਨ੍ਹਾਂ ਲਈ ਬਹੁਤ ਔਖਾ ਹੈ। ਇਹ ਸ਼ਤਰੰਜੀ ਖੇਡ ਹੈ, ਜਿਸ ਵਿੱਚ ਬਦਮਾਸ਼ ਕਾਮਯਾਬ ਨਾ ਹੋਏ ਤਾਂ ਸਦਾ ਲਈ ਮੈਦਾਨ ਤੋਂ ਨਿਕਲ ਜਾਣਗੇ ਅਤੇ ਉਹ ਏਨੇ ਕੱਚੇ ਖਿਡਾਰੀ ਨਹੀਂ ਕਿ ਇਹ ਨੌਬਤ ਆਉਣ ਦੀ ਉਡੀਕ ਕਰਨਗੇ। ਪੰਜਾਬੀ ਦਾ ਇੱਕ ਮੁਹਾਵਰਾ ਹੈ ਕਿ 'ਪਿੰਡ ਹਾਲੇ ਬੱਝਾ ਨਹੀਂ ਅਤੇ ਉਚੱਕੇ ਪਹਿਲਾਂ ਆ ਗਏ ਹਨ'। ਪੰਜਾਬ ਦੀ ਨਵੀਂ ਸਰਕਾਰ ਦੇ ਬਣਨ ਮਗਰੋਂ ਸੈਕਟਰੀਏਟ ਵਿੱਚ ਏਦਾਂ ਦੇ ਬੰਦੇ ਘੁੰਮਦੇ ਵੇਖ ਕੇ ਵੀ ਇਹੋ ਗੱਲ ਜਾਪਦੀ ਹੈ।

# ਚੋਅ ਉੱਤੇ ਵਸਿਆ ਪਿੰਡ

-ਕੁਲਦੀਪ ਸਿੰਘ ਧਨੌਲਾ

ਸੁਨਾਮ ਤੋਂ 21 ਕਿਲੋਮੀਟਰ, ਬੁਢਲਾਡਾ ਤੋਂ 18, ਭੀਖੀ ਤੋਂ 13 ਅਤੇ ਚੀਮਾ ਮੰਡੀ ਤੋਂ ਸੱਤ ਕਿਲੋਮੀਟਰ ਦੂਰ ਚੀਮਾ-ਲਹਿਰਾਗਾਗਾ ਸੜਕ ਦੀ ਇੱਕ ਕੰਨੀ ਉੱਤੇ ਹਟਵਾਂ ਛੋਟਾ ਜਿਹਾ ਪਿੰਡ ਸਤੌਜ ਸਰਹਿੰਦ ਚੋਅ ਉੱਤੇ ਵੱਸਿਆ ਹੈ। ਪਿੰਡ ਵਾਸੀਆਂ ਅਨੁਸਾਰ ਇਤਿਹਾਸ ਵਿੱਚ ਸਾਂਤਨੂ ਰਾਜੇ ਨੂੰ ਕੌਰਵਾਂ ਪਾਡਵਾਂ ਦਾ ਗੁਰੂ ਮੰਨਿਆ ਦਾ ਗੁਰੂ ਮੰਨਿਆ ਗਿਆ ਹੈ ਜਿਨ੍ਹਾਂ ਨੇ ਹਜ਼ਾਰਾਂ ਵਰ੍ਹੇ ਪਹਿਲਾਂ ਸੁਨਾਮ, ਸਰਹਿੰਦ, ਸਤੌਜ, ਦਲੇਵਾਂ ਵਿੱਚ ਪਾਣੀ ਦਾ ਸੋਮਾ ਨਾ ਹੋਣ ਕਾਰਨ ਸਰਹਿੰਦ ਚੋਅ (ਹੰਸਲਾ ਨਦੀ) ਉੱਤੇ ਇਹ ਪਿੰਡ ਵਸਾਏ ਸਨ। ਇਸ ਚੋਅ ਉੱਤੇ ਬਜ਼ੁਰਗ ਹੰਸਲਾ ਰਹਿੰਦਾ ਸੀ ਜਿਸ ਦੇ ਨਾਂਅ ਉੱਤੇ ਪਿੰਡ ਦਾ ਨਾਂਅ ਸਤੌਜ ਪੈ ਗਿਆ।ਕੁਝ ਲੋਕਾਂ ਦਾ ਮੱਤ ਹੈ ਕਿ ਇੱਥੇ ਸੱਤ-ਹੌਜ (ਪਾਣੀ ਜਮ੍ਹਾਂ ਕਰਨ ਵਾਲੇ ਤਲਾਅ) ਹੋਣ ਕਾਰਨ ਪਿੰਡ ਦਾ ਨਾਂਅ ਸਤੌਜ ਪਿਆ, ਜਿਨ੍ਹਾਂ ਵਿੱਚ ਇਸ ਨਦੀ ਦਾ ਪਾਣੀ ਭੰਡਾਰ ਕੀਤਾ ਜਾਂਦਾ ਸੀ। 70-80 ਵਰ੍ਹੇ ਪਹਿਲਾਂ ਬਾਬਾ ਅਮਰ ਸਿੰਘ ਨੇ ਸੁਨਾਮ ਤੋਂ ਖੇਤਾਂ ਵਿੱਚੋਂ ਪੈਦਲ ਚੱਲ ਕੇ ਜਦੋਂ ਪਿੰਡ ਸਤੌਜ ਵਿੱਚ ਆ ਕੇ ਕਿਹਾ ਸੀ ਕਿ ਇਸ ਧਰਤੀ ਥੱਲੇ ਸੱਤ ਤਲਾਅ ਹਨ ਤਾਂ ਲੋਕਾਂ ਨੇ ਉਨ੍ਹਾਂ ਨੂੰ ਪਾਗਲ ਤੱਕ ਕਹਿ ਦਿੱਤਾ ਸੀ, ਪਰ ਜਦੋਂ ਉਨ੍ਹਾਂ ਪੁਟਾਈ ਕਰਵਾ ਕੇ ਇੱਕ ਤਲਾਅ ਕੱਢ ਦਿਖਾਇਆ ਤਾਂ ਲੋਕ ਦੰਗ ਰਹਿ ਗਏ। ਅੱਜ ਵੀ ਇਹ ਤਲਾਅ ਪਿੰਡ ਵਿੱਚ ਹੈ। ਇਹ ਤਲਾਅ ਦੋ-ਦੋ ਫੁੱਟ ਲੰਮੀਆਂ ਤੇ ਫੁੱਟ-ਫੁੱਟ ਚੌੜੀਆਂ ਇੱਟਾਂ ਨਾਲ ਬਣਿਆ ਹੋਇਆ ਹੈ। ਇਨ੍ਹਾਂ ਇੱਟਾਂ ਉੱਤੇ ਲਿਖੀ ਭਾਸ਼ਾ ਅੱਜ ਤੱਕ ਕਿਸੇ ਤੋਂ ਪੜ੍ਹੀ ਨਹੀਂ ਗਈ। ਪੁਰਾਤੱਤਵ ਵਿਭਾਗ ਪਿੰਡ ਦਾ ਕੋਈ ਖੁਰਾ-ਖੋਜ ਕੱਢਣ ਦੀ ਕੋਸ਼ਿਸ਼ ਕਰ ਸਕਦਾ ਹੈ।

ਸਤੌਜ ਪਹਿਲਾਂ ਕਾਮੇਡੀ ਕਿੰਗ, ਫਿਰ ਲੋਕ ਸਭਾ ਮੈਂਬਰ ਤੇ ਅੱਜਕੱਲ੍ਹ ਮੁੱਖ ਮੰਤਰੀ ਬਣੇ ਭਗਵੰਤ ਮਾਨ ਦਾ ਜੱਦੀ ਪਿੰਡ ਹੈ। ਇਹ ਪਿੰਡ ਪਹਿਲੀ ਵਾਰ 2014 ਵਿੱਚ ਲੋਕ ਸਭਾ ਚੋਣਾਂ ਵੇਲੇ ਚਰਚਾ ਵਿੱਚ ਆਇਆ ਜਦੋਂ ਸੰਗਰੂਰ ਲੋਕ ਸਭਾ ਹਲਕੇ ਤੋਂ ਭਗਵੰਤ ਮਾਨ ਪੰਜਾਬ ਭਰ ਵਿੱਚੋਂ ਸਭ ਤੋਂ ਵੱਧ ਦੋ ਲੱਖ 11 ਹਜ਼ਾਰ 721 ਵੋਟਾਂ ਨਾਲ ਜਿੱਤਿਆ ਸੀ। 2019 ਵਿੱਚ ਫਿਰ ਜਿੱਤ ਗਿਆ ਅਤੇ ਅੱਜ ਵਿਧਾਨ ਸਭਾ ਹਲਕਾ ਧੂਰੀ ਤੋਂ ਚੋਣ ਜਿੱਤ ਕੇ ਪੰਜਾਬ ਦਾ ਮੁੱਖ ਮੰਤਰੀ ਹੈ।

ਗੁੰਮਨਾਮ ਰਹੇ ਬਾਬਾ ਅਮਰ ਸਿੰਘ ਦੇ ਨਾਂਅ ਉਤੇ ਪਿੰਡ ਦੇ ਕੁਝ ਅਗਾਂਹਵਧੂ ਨੌਜਵਾਨਾਂ ਨੇ ਲਾਇਬਰੇਰੀ ਬਣਾਈ ਅਤੇ ਭਗਵੰਤ ਮਾਨ ਨੇ ਬਤੌਰ ਲੋਕ ਸਭਾ ਮੈਂਬਰ ਬਿਲਡਿੰਗ ਬਣਵਾ ਦਿੱਤੀ। ਇਸ ਪਿੰਡ ਵਿੱਚ ਹਜ਼ਾਰਾਂ ਸਾਲ ਪੁਰਾਣੀਆਂ ਇਤਿਹਾਸਕ ਸਮਾਧਾਂ ਹਨ। ਸੱਥ ਵਿੱਚ ਬੈਠੇ ਬਜ਼ੁਰਗਾਂ ਨੇ ਦੱਸਿਆ ਕਿ ਪੰਜਾਹ-ਸੱਠ ਸਾਲ ਪਹਿਲਾਂ ਇਨ੍ਹਾਂ ਸਮਾਧਾਂ ਉੱਤੇ ਸਾਲਾਨਾ ਮੇਲਾ ਲੱਗਦਾ ਹੁੰਦਾ ਸੀ, ਫਿਰ ਬੰਦ ਹੋ ਗਿਆ। ਲੋਕਾਂ ਵਿੱਚ ਇਨ੍ਹਾਂ ਪ੍ਰਤੀ ਸ਼ਰਧਾ-ਸਤਿਕਾਰ ਜਿਉਂ ਦਾ ਤਿਉਂ ਹੈ।

ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਪਿੰਡ ਵਾਸੀ ਹਜ਼ੂਰਾ ਸਿੰਘ ਨੇ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲਿਆ, ਉਨ੍ਹਾਂ ਨੂੰ ਪੈਨਸ਼ਨ ਤੇ ਆਜ਼ਾਦੀ ਸੰਗਰਾਮੀਆਂ ਦੇ ਕੋਟੇ ਤੋਂ ਨੌਕਰੀ ਵੀ ਮਿਲੀ। ਉਨ੍ਹਾਂ ਅਕਾਲੀ ਮੋਰਚਿਆਂ ਦੌਰਾਨ ਜੇਲ੍ਹਾਂ ਵੀ ਕੱਟੀਆਂ। ਪੀ ਟੀ ਮਾਸਟਰ ਅਵਤਾਰ ਸਿੰਘ ਅਤੇ ਪਰਗਟ ਸਿੰਘ ਦੀ ਮਿਹਨਤ ਸਦਕਾ ਨੈਸ਼ਨਲ ਅਤੇ ਪੰਜਾਬ ਸਟਾਈਲ ਕਬੱਡੀ ਵਿੱਚ ਪਿੰਡ ਦੀਆਂ ਕੁੜੀਆਂ ਦੀ ਪੰਜਾਬ ਪੱਧਰ ਉੱਤੇ ਪ੍ਰਸਿੱਧ ਟੀਮ ਸੀ, ਜਿਨ੍ਹਾਂ ਵਿੱਚੋਂ ਜਸਵੀਰ ਕੌਰ ਤੇ ਬੀਰਪਾਲ ਕੌਰ ਕਮਾਲ ਦੀ ਕਬੱਡੀ ਖੇਡਦੀਆਂ ਸਨ।

ਭਾਰਤੀ ਸਾਹਿਤਅਕਾਦਮੀ ਦਾ ਯੁਵਾ ਪੁਰਸਕਾਰ ਜਿੱਤਣ ਵਾਲੇ ਨਾਵਲਕਾਰ ਪਰਗਟ ਸਿੰਘ ਸਤੌਜ ਵੀ ਇਸੇ ਪਿੰਡ ਦੇ ਹਨ, ਜਿਨ੍ਹਾਂ ਦੇ 'ਭਾਗੂ', 'ਤੀਵੀਆਂ', 'ਗਲਤ ਮਲਤ ਜ਼ਿੰਦਗੀ', 'ਖਬਰ ਇੱਕ ਪਿੰਡ ਦੀ' ਅਤੇ 'ਨਾਚਫਰੋਸ਼' ਛਪ ਚੁੱਕੇ ਹਨ। ਕੁਲਦੀਪ ਸਿੰਘ ਤੇ ਨਿਰਮਲ ਸਿੰਘ ਮਾਨ ਨੇ ਗੀਤਕਾਰੀ ਅਤੇ ਸਾਹਿਤ ਖੇਤਰ ਵਿੱਚ ਪਿੰਡ ਦਾ ਨਾਂਅ ਰੋਸ਼ਨ ਕੀਤਾ ਹੈ। ਭਗਵੰਤ ਮਾਨ ਨੇ ਆਪਣੀਆਂ ਕੈਸੇਟਾਂ ਵਿੱਚ ਭੋਲੇ ਕਾ ਟਿੱਡਾ, ਨੰਬਰਦਾਰਾਂ ਦਾ ਗੁਰਜੀਤ, ਮੰਗਾ, ਬੀਬੋ ਭੂਆ, ਭਾਨ ਕਾ ਮੰਗੂ ਬਾਣੀਆਂ, ਝੰਡਾ ਅਮਲੀ, ਦੌਲਾ ਆਦਿ ਜਿਹੜੇ ਪਾਤਰਾਂ ਦੇ ਨਾਂਅ ਲਏ, ਉਹ ਕੋਈ ਕਲਪਿਤ ਨਾਂਅ ਨਹੀਂ, ਸਗੋਂ ਇਹ ਸਾਰੇ ਪਿੰਡ ਸਤੌਜ ਦੇ ਵਾਸੀ ਹਨ।

ਪਹਿਲਾਂ ਪਿੰਡ ਪ੍ਰਾਇਮਰੀ ਅਤੇ ਮਿਡਲ ਸਕੂਲ ਤੱਕ ਸੀਮਿਤ ਸੀ, ਅੱਜਕੱਲ੍ਹ ਇੱਥੇ ਹਾਈ ਸਕੂਲ ਹੈ। ਹੋਰ ਪਿੰਡਾਂ ਦੇ ਸਕੂਲਾਂ ਵਾਂਗ ਇੱਥੇ ਵੀ ਅਧਿਆਪਕਾਂ ਦੀ ਘਾਟ ਹੈ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਡਾਕਖਾਨਾ ਧਰਮਗੜ੍ਹ ਨਾ ਹੋਣ ਕਾਰਨ ਡਾਕ ਆਉਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਇੱਕ ਵਾਰ ਪਿੰਡ ਦੀ ਅਣਵੰਡੀ ਡਾਕ ਦੀਆਂ ਦੋ ਬੋਰੀਆਂ ਫੜੀਆਂ ਗਈਆਂ ਸਨ। ਲੋਕਾਂ ਦੀ ਮੰਗ ਹੈ ਕਿ ਪਿੰਡ ਦੀ ਡਾਕ ਚੀਮਾ ਮੰਡੀ ਨਾਲ ਜੋੜੀ ਜਾਵੇ।

ਪਿੰਡ ਨਾਲ ਖਹਿ ਕੇ ਲੰਘਦੀ ਸਰਹਿੰਦ ਚੋਅ ਦੇ ਪੁਲ ਦੀ ਉਸਾਰੀ ਕਈ ਦਹਾਕਿਆਂ ਤੋਂ ਹਵਾ ਵਿੱਚ ਲਟਕੀ ਰਹੀ। ਇਸ ਪੁਲ ਬਾਰੇ ਭਗਵੰਤ ਮਾਨ ਨੇ ਦੱਸਿਆ: ਉਦੋਂ ਮੈਂ ਛੇਵੀਂ ਕਲਾਸ ਵਿੱਚ ਪੜ੍ਹਦਾ ਸੀ, ਜਦੋਂ ਪਿੰਡ ਦੇ ਟੂਰਨਾਮੈਂਟ ਉੱਤੇ ਸੁਖਦੇਵ ਸਿੰਘ ਢੀਂਡਸਾ ਨੇ ਆਉਣਾ ਸੀ ਅਤੇ ਪੰਚਾਇਤ ਵਾਲੇ ਮੇਰੇ ਪਿਤਾ ਦਾ ਨਾਂਅ ਲੈ ਕੇ ਕਹਿੰਦੇ, "ਮਾਸਟਰ ਮਹਿੰਦਰ ਸਿੰਘ ਦੇ ਮੁੰਡੇ ਦੀ ਲਿਖਾਈ ਵਧੀਐ, ਇਸ ਤੋਂ ਲਿਖਾਓ ਮੰਗ ਪੱਤਰ।" ਇਸ ਤਰ੍ਹਾਂ ਮੈਂ ਮੰਗ ਪੱਤਰ ਲਿਖਿਆ ਤੇ ਪੜ੍ਹਿਆ ਵੀ ਸੀ। ਇਸ ਤੋਂ ਕਾਫੀ ਸਮਾਂ ਬਾਅਦ ਮੈਂ ਪਿੰਡ ਦੇ ਯੂਥ ਸਪੋਰਟਸ ਕਲੱਬ ਦਾ ਪ੍ਰਧਾਨ ਬਣਿਆ ਅਤੇ ਟੂਰਨਾਮੈਂਟ ਉੱਤੇ ਯੁੱਧਵੀਰ ਮਾਣਕ ਸਮੇਤ ਹੋਰ ਵੀ ਕਈ ਕਲਾਕਾਰ ਆਏ ਸਨ, ਤੇ ਸੁਖਦੇਵ ਸਿੰਘ ਢੀਂਡਸਾ ਦੇ ਆਉਣ ਉੱਤੇ ਮੈਂ ਫੇਰ ਮੰਗ ਪੱਤਰ ਪੜ੍ਹਦਿਆਂ ਇਸ ਪੁਲ ਦਾ ਜ਼ਿਕਰ ਕੀਤਾ, ਪਰ ਪੁਲ ਨਾ ਬਣਿਆ। ਆਖਰ ਮੇਰੇ ਪਾਰਲੀਮੈਂਟ ਮੈਂਬਰ ਬਣਦਿਆਂ ਹੀ ਪ੍ਰਸ਼ਾਸਨ ਹਰਕਤ ਵਿੱਚ ਆਇਆ ਤੇ ਪੁਲ ਸਿਰੇ ਚੜ੍ਹਿਆ।

ਇਸ ਪਿੰਡ ਦਾ ਭਗਵੰਤ ਮਾਨ ਅੱਜ ਮੁੱਖ ਮੰਤਰੀ ਹੈ। ਪਿੰਡ ਵਾਸੀਆਂ ਨੂੰ ਆਸ ਹੈ ਕਿ ਉਨ੍ਹਾਂ ਦੇ ਪਿੰਡ ਦੀਆਂ ਸਭ ਸਮੱਸਿਆਵਾਂ ਦੂਰ ਹੋ ਜਾਣਗੀਆਂ।

# ਸਤਿਕਾਰ ਤੋਂ ਸੱਖਣੇ ਰਿਸ਼ਤੇ

ਇਨਸਾਨ ਦੇ ਜਨਮ ਲੈਣ ਨਾਲ ਹੀ ਕਈ ਰਿਸ਼ਤੇ ਉਸਦੇ ਨਾਲ ਹੀ ਜਨਮ ਲੈ ਲੈਂਦੇ ਹਨ। ਇਹਨਾਂ ਰਿਸ਼ਤਿਆਂ ਕਰਕੇ ਹੀ ਦੁਨੀਆਂ ਹਸੀਨ ਹੈ ਤੇ ਇਹਨਾਂ ਰਿਸ਼ਤਿਆਂ ਦੇ ਕਰਕੇ ਹੀ ਮਨੁੱਖ ਸਾਰੇ ਕਾਰ ਵਿਹਾਰ ਦੇ ਚੱਕਰ ਵਿੱਚ ਰੁੱਝਿਆ ਰਹਿੰਦਾ ਹੈ। ਇਹਨਾਂ ਰਿਸ਼ਤਿਆਂ ਦੀ ਮੌਜੂਦਗੀ ਹੀ ਮਨੁੱਖ ਨੂੰ ਮਾਨ ਅਪਮਾਨ ਦਾ ਅਹਿਸਾਸ ਕਰਵਾਉਂਦੀ ਹੈ ਇਹਨਾਂ ਸਾਰੇ ਨਾਤਿਆਂ ਕਰਕੇ ਹੀ ਮਨੁੱਖ ਕੋਸ਼ਿਸ਼ ਕਰਦਾ ਹੈ ਕਿ ਇੱਕ ਚੰਗਾ ਕਿਰਦਾਰ ਘੜ ਸਕੇ , ਤਾਂ ਜੋ ਉਸਦੇ ਰਿਸ਼ਤੇ ਨਾਤਿਆਂ ਵਿੱਚ ਉਸਦੀ ਚੰਗੀ ਸੋਭਾ ਹੋ ਕੇ। ਇਹ ਰਿਸ਼ਤੇ ਹੀ ਤਾਂ ਹਨ ਜਿਹੜੇ ਦੁੱਖ ਵਿੱਚ ਸਿਹਕਦੇ ਦਿਲਾਂ ਨੂੰ ਧਰਵਾਸ ਦਿੰਦੇ ਹਨ ਤੇ ਖੁਸ਼ੀਆਂ ਵੇਲੇ ਦਿਲਾਂ ਨੂੰ ਖੇੜਾ ਤੇ ਸਕੂਨ ਦਿੰਦੇ ਹਨ । ਇਸ ਵਿੱਚ ਵੀ ਕੋਈ ਦੋਰਾਇ ਨਹੀਂ ਕਿ ਮਨੁੱਖ ਦੀ ਹੋਂਦ ਹੀ ਇਹਨਾਂ ਰਿਸ਼ਤਿਆਂ ਕਰਕੇ ਹੈ।

ਆਪਣੇ ਜੀਵਨ ਕਾਲ ਦੌਰਾਨ ਮਨੁੱਖ ਕਈ ਤਰ੍ਹਾਂ ਦੇ ਰਿਸ਼ਤਿਆਂ ਵਿੱਚ ਬੱਝਦਾ ਹੈ, ਜਿੰਨਾਂ ਵਿੱਚ ਖੂਨ ਦੇ ਰਿਸ਼ਤੇ ਜਿਵੇਂ ਕਿ ਮਾਂ ਬਾਪ, ਭੈਣ ਭਾਈ ਆਦਿ, ਪਰਿਵਾਰਕ ਰਿਸ਼ਤੇ ਜਿਵੇਂ ਕਿ ਤਾਏ ਚਾਚੇ, ਮਾਮੇ ਮਾਸੀਆਂ, ਭੂਆਂ ਫੁੱਫੜ ਆਦਿ, ਕੁਝ ਰਿਸ਼ਤੇ ਭਾਵਨਾਤਮਕ ਰਿਸ਼ਤੇ ਹੁੰਦੇ ਹਨ, ਜਿੰਨਾ ਨਾਲ ਮਨੁੱਖ ਦੋਸਤਾਂ ਦੇ ਰੂਪ ਵਿੱਚ ਜੁੜਦਾ ਹੈ ਅਤੇ ਕੁਝ ਰਿਸ਼ਤੇ ਵਿਆਹ ਤੋਂ ਬਾਅਦ ਜੁੜਦੇ ਹਨ। ਇਹਨਾਂ ਸਾਰੇ ਰਿਸ਼ਤਿਆਂ ਦੀ ਸਾਡੀ ਜ਼ਿੰਦਗੀ ਵਿੱਚ ਆਪਣੀ ਆਪਣੀ ਖਾਸ ਜਗ੍ਹਾ ਹੈ, ਇਹ ਰਿਸ਼ਤੇ ਆਪਣੀ ਆਪਣੀ ਖਾਸ ਭੂਮਿਕਾ ਨਿਭਾਉਂਦੇ ਹਨ। ਕਿਸੇ ਰੁੱਖ ਦੇ ਵੱਧਣ ਫੁੱਲਣ ਲਈ ਜਿਵੇਂ ਉਸਨੂੰ ਲੋੜੀਂਦੇ ਪਾਣੀ, ਹਵਾ, ਰੌਸ਼ਨੀ ਤੇ ਸਾਂਭ ਸੰਭਾਲ ਦੀ ਜਰੂਰਤ ਹੁੰਦੀ ਹੈ, ਉਸੇ ਤਰ੍ਹਾਂ ਰਿਸ਼ਤਿਆਂ ਦੀਆਂ ਵੀ ਵੱਧਣ ਫੁੱਲਣ ਤੇ ਮਜ਼ਬੂਤੀ ਲਈ ਕੁਝ ਜਰੂਰਤਾਂ ਹੁੰਦੀਆਂ ਹਨ, ਜਿੰਨਾ ਵਿੱਚ ਰਿਸ਼ਤਿਆਂ ਵਿੱਚ ਇੱਕ ਦੂਸਰੇ ਦਾ ਸਤਿਕਾਰ, ਵਿਸ਼ਵਾਸ, ਪਿਆਰ, ਅਪਣੱਤਾਂ ਦੀਆਂ ਬੁਛਾੜਾਂ, ਸਹਿਕਦੇ ਦਿਲਾਂ ਨੂੰ ਧਰਵਾਸ ਦੇਣ ਲਈ ਆਪਣਿਆਂ ਦਾ ਹੌਂਸਲਾ, ਵਿਲਕਦੇ ਹਿਰਦਿਆਂ ਨੂੰ ਠਾਰਨ ਵਾਲੀ ਆਪਣਿਆਂ ਦੀ ਗਲਵੱਕੜੀ ਆਦਿ ਬਹੁਤ ਅਹਿਮ ਹਨ।

ਸਾਨੂੰ ਜੀਵਨ ਜਿਊਣ ਲਈ ਮਿਲਿਆ ਹੈ, ਪਰ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਸਭ ਭੌਤਿਕਵਾਦੀ ਸੁੱਖ ਅਰਾਮ ਹੋਣ ਦੇ ਬਾਵਜੂਦ ਵੀ ਚਿਹਰਿਆਂ ਤੋਂ ਰਵਾਨਗੀ ਨਹੀਂ ਹੁੰਦੀ, ਕਿਉਂਕਿ ਘਰਾਂ ਵਿੱਚ ਸੁੱਖ ਨਹੀਂ, ਆਪਣਿਆਂ ਦਾ ਪਿਆਰ ਨਹੀਂ, ਇੱਕ ਦੂਸਰੇ ਦਾ ਸਤਿਕਾਰ ਨਹੀਂ। ਜਿਸ ਕਾਰਣ ਲੋਕ ਜੀਵਨ ਨੂੰ ਬੋਝ ਸਮਝੀ ਬੈਠੇ ਹਨ। ਅਸਲ ਵਿੱਚ ਮੁੱਖ ਮੁੱਦਾ ਇਹ ਹੈ ਕਿ ਅਸੀਂ ਰਿਸ਼ਤਿਆਂ ਦਾ ਸਤਿਕਾਰ ਕਰਨਾ ਭੁੱਲ ਚੁੱਕੇ ਹਾਂ। ਰਿਸ਼ਤਾ ਕੋਈ ਵੀ ਹੋਵੇ ਉਸ ਵਿੱਚ ਸਤਿਕਾਰ ਹੋਣਾ ਬਹੁਤ ਜਰੂਰੀ ਹੈ, ਨਿੱਕਾ ਹੋਵੇ ਜਾਂ ਵੱਡਾ, ਹਰ ਇੱਕ ਦੀ ਹੋਂਦ ਦਾ ਸਤਿਕਾਰਿਆ ਜਾਣਾ ਅਹਿਮ ਹੈ। ਅੱਜ ਸਤਿਕਾਰਾਂ ਤੋਂ ਸੱਖਣੇ ਰਿਸ਼ਤੇ ਹੌਲੀ ਹੌਲੀ ਪਿਆਰਾਂ ਤੋਂ ਵੀ ਸੱਖਣੇ ਹੋਈ ਜਾ ਰਹੇ ਹਨ। ਰਿਸ਼ਤਿਆਂ ਦੀ ਕਦਰ ਘੱਟ ਰਹੀ ਹੈ, ਜਜ਼ਬਾਤਾਂ ਨਾਲ ਖਿਲਵਾੜ ਹੋ ਰਹੇ ਹਨ ਤੇ ਘਰ ਪਰਿਵਾਰ ਖੇਰੂੰ ਖੇਰੂੰ ਹੋ ਰਹੇ ਹਨ।

ਮੈਨੂੰ ਅੱਜ ਵੀ ਯਾਦ ਹੈ ਕਿ ਪਹਿਲੇ ਸਮਿਆਂ ਵਿੱਚ ਵਿਹੜੇ ਵਿੱਚ ਪਲੰਘ ਵਿਛਾਅ ਬੈਠੇ ਦਾਦੇ ਬਾਬਿਆਂ ਘਰ ਦੇ ਛੋਟੇ ਬੱਚਿਆਂ ਨੂੰ ਆਲੇ ਦੁਆਲੇ ਬਿਠਾ ਮਗਰ ਮਗਰ ਬੋਲਣ ਲਈ ਕਹਿਣਾ " ਜੀ ਕਹੋ ਜੀ ਕਹਾਉ" ਵੱਡਿਆਂ ਦਾ ਸਤਿਕਾਰ ਕਰੋ ਛੋਟਿਆਂ ਨਾਲ ਪਿਆਰ ਕਰੋ" ਅਜਿਹੀਆਂ ਹੋਰ ਬਹੁਤ ਸਾਰੀਆਂ ਨਿੱਕੀਆਂ ਨਿੱਕੀਆਂ ਪਰ ਕੀਮਤੀ ਗੱਲਾਂ ਬਚਪਨ ਤੋਂ ਸਮਝਾਈਆਂ ਤੇ ਸਿਖਾਈਆਂ ਜਾਂਦੀਆਂ ਸਨ, ਪਰ ਹੁਣ ਨਾ ਤਾਂ ਉਹ ਵੇਲੇ ਹਨ ਅਤੇ ਨਾਂ ਹੀ ਕੋਈ ਦਾਦੇ ਬਾਬਿਆਂ ਕੋਲ ਬੈਠਣ ਲਈ ਰਾਜ਼ੀ ਹੈ।

ਬਹੁਤ ਸਾਰੇ ਰਿਸ਼ਤੇ ਇਸ ਲਈ ਬੇਸੁਰੇ ਹੋ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਨਾ ਤਾਂ ਬਣਦਾ ਪਿਆਰ ਮਿਲਦਾ ਹੈ, ਨਾ ਸਤਿਕਾਰ ਅਤੇ ਨਾ ਹੀ ਸਮਾਂ ਜਿਸ ਕਾਰਨ ਹੌਲੀ ਹੌਲੀ ਰਿਸ਼ਤੇ ਮਿਠਾਸ ਹੀਣ ਹੋ ਜਾਂਦੇ ਹਨ ਅਤੇ ਲੋਕ ਸਿਰਫ਼ ਦੁਨੀਆਦਾਰੀ ਦੇ ਮੂੰਹ ਨੂੰ ਉਹਨਾਂ ਦਾ ਬੋਝ ਢਾਹੁੰਦੇ ਰਹਿੰਦੇ ਹਨ। ਬਹੁਤ ਸਾਰੇ ਜਗ੍ਹਾ ਤੇ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਕਈ ਲੋਕ ਬਾਹਰਲੇ ਜਾਂ ਅਣਜਾਣ ਲੋਕਾਂ ਨਾਲ ਬਹੁਤ ਖੁਸ਼ੀ ਖੁਸ਼ੀ ਜਾਂ ਸਤਿਕਾਰ ਨਾਲ ਪੇਸ਼ ਆਉਂਦੇ ਹਨ ਪਰ ਘਰ ਪਰਿਵਾਰ ਤੇ ਆਪਣਿਆਂ ਪ੍ਰਤੀ ਉਹਨਾਂ ਦਾ ਰਵੱਈਆ ਬਿਲਕੁੱਲ ਵੱਖਰਾ ਹੁੰਦਾ ਹੈ, ਜੋ ਅਕਸਰ ਪਰਿਵਾਰ ਵਿੱਚ ਵੱਡੀਆਂ ਤਰੇੜਾਂ ਪਾ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਰਿਸ਼ਤਿਆਂ ਵਿੱਚ ਤਾਜ਼ਗੀ ਕਿਵੇਂ ਬਰਕਰਾਰ ਰੱਖੀਏ। ਇੱਕ ਗੱਲ ਸਾਨੂੰ ਸਾਰਿਆਂ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਿੱਥੇ ਆਪਣਿਆਂ ਖੜ੍ਹ ਜਾਣਾ ਹੈ ਜਾਂ ਸਹਾਈ ਹੋਣਾ ਉੱਥੇ ਕੋਈ ਦੂਸਰਾ ਜਾਂ ਬੇਗਾਨਾ ਨਹੀਂ ਆ ਸਕਦਾ, ਇਸ ਲਈ ਸਭ ਤੋਂ ਪਹਿਲਾਂ ਜਰੂਰੀ ਹੈ ਕਿ ਆਪਣਿਆਂ ਦੀ ਅਹਿਮੀਅਤ ਨੂੰ ਸਮਝਣਾ, ਦੂਸਰਾ ਆਪਣਿਆਂ ਨੂੰ ਹਰ ਸਥਿਤੀ ਵਿੱਚ ਸਤਿਕਾਰ ਦੇਣਾ, ਉਹਨਾਂ ਦੀ ਹੋਂਦ ਦੇ ਅਹਿਮ ਨੂੰ ਸਮਝਣਾ, ਉਹਨਾਂ ਦੇ ਰਿਸ਼ਤੇ ਦੀ ਆਪਣੇ ਜੀਵਨ ਵਿੱਚ ਭੂਮਿਕਾ ਨੂੰ ਸਮਝਣਾ। ਇਸ ਤੋਂ ਇਲਾਵਾ ਆਪਣੇ ਨਾਲ ਜੁੜੇ ਹੋਏ ਰਿਸ਼ਤਿਆਂ ਦੀ ਸਿਫ਼ਤ ਕਰਨੀ, ਖਾਸ ਕਰ ਪਤੀ ਪਤਨੀ ਦੇ ਰਿਸ਼ਤੇ ਵਿੱਚ ਜੇਕਰ ਪਤੀ ਪਤਨੀ ਇੱਕ ਦੂਸਰੇ ਦੀ ਮੌਜੂਦਗੀ ਜਾਂ ਗੈਰਹਾਜ਼ਰੀ ਵਿੱਚ ਇੱਕ ਦੂਸਰੇ ਦੀ ਪ੍ਰਸੰਸਾ ਕਰਦੇ ਹਨ ਤਾਂ ਇਸ ਨਾਲ ਇੱਕ ਦੂਸਰੇ ਪ੍ਰਤੀ ਸਤਿਕਾਰ ਹੋਰ ਵੀ ਵੱਧਦਾ ਹੈ, ਇਹ ਨਿਯਮ ਮਾਪਿਆਂ ਅਤੇ ਬੱਚਿਆਂ ਤੇ ਵੀ ਲਾਗੂ ਹੁੰਦਾ ਹੈ। ਰਿਸ਼ਤਿਆਂ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਆਪਣਿਆਂ ਦੇ ਕੁਝ ਖਾਸ ਦਿਨ ਜਿਵੇਂ ਕਿ ਜਨਮਦਿਨ, ਵਿਆਹ ਦੀ ਵਰ੍ਹੇਗੰਢ ਆਦਿ ਯਾਦ ਰੱਖ ਕੇ ਉਹਨਾਂ ਨੂੰ ਛੋਟੇ ਜਿਹੇ ਰੂਪ ਵਿੱਚ ਮਨਾਇਆ ਜਾ ਸਕਦਾ ਹੈ, ਇਸ ਨਾਲ ਤੁਹਾਡੇ ਨਾਲ ਜੁੜੇ ਹੋਏ ਲੋਕ ਆਪਣੇ ਆਪ ਵਿੱਚ ਖਾਸ ਮਹਿਸੂਸ ਕਰਨਗੇ ਅਤੇ ਉਹਨਾਂ ਦੇ ਜੀਵਨ ਵਿੱਚ ਰੰਗ ਭਰੇ ਰਹਿਣਗੇ।

ਇਸ ਗੱਲ ਵਿੱਚ ਕੋਈ ਦੋਰ-ਾਇ ਨਹੀਂ ਕਿ ਦੁਨੀਆਂ ਪਿਆਰ ਦੀ ਭੁੱਖੀ ਹੈ, ਜਾਨਵਰ ਹੋਵੇ ਜਾਂ ਮਨੁੱਖ ਹਰ ਇੱਕ ਪਿਆਰ ਦੀ ਤਾਂਘ ਰੱਖਦਾ ਹੈ ਕਿਉਂਕਿ ਪਿਆਰ ਤੇ ਸਤਿਕਾਰ ਹੀ ਤਾਂ ਹੈ ਜੋ ਰਿਸ਼ਤਿਆਂ ਨੂੰ ਸਦੀਵੀ ਜੋੜ ਕੇ ਰੱਖਦਾ ਹੈ । ਅੱਜ ਬਹੁਤਾਤ ਲੋਕਾਂ ਨੂੰ ਖਾਸਕਰ ਨੌਜਵਾਨ ਪੀੜੀ ਨੂੰ ਲੱਗਦਾ ਹੈ ਕਿ ਉਹਨਾਂ ਦੇ ਜੀਵਨ ਵਿੱਚ ਪਦਾਰਥਵਾਦੀ ਚੀਜ਼ਾਂ, ਸੁੱਖ ਅਰਾਮ ਹੀ ਸਕੂਨ ਦੇ ਸਕਦੇ ਹਨ ਜਦਕਿ ਅਜਿਹਾ ਬਿਲਕੁਲ ਨਹੀਂ ਹੈ, ਜੋ ਖੁਸ਼ੀ ਆਪਣਿਆਂ ਨੂੰ ਖੁਸ਼ ਦੇਖ ਕੇ ਮਿਲਦੀ ਹੈ ਉਸਦਾ ਕੋਈ ਮੇਲ ਨਹੀਂ।

ਰਿਸ਼ਤਿਆਂ ਦਾ ਆਦਰ ਬਹੁਤ ਜਰੂਰੀ ਹੈ, ਤੁਸੀਂ ਬਾਹਰ ਲੋਕਾਂ ਨਾਲ ਲੱਖ ਸਤਿਕਾਰ ਜਾਂ ਪਿਆਰ ਨਾਲ ਪੇਸ਼ ਆਉ ਪਰ ਜੇਕਰ ਤੁਹ-ਾਡਾ ਵਤੀਰਾ ਘਰ, ਪਰਿਵਾਰ ਲਈ ਅਲੱਗ ਹੈ ਤਾਂ ਤੁਸੀਂ ਭੇਖੀ ਲੋਕਾਂ ਦੀ ਸ਼੍ਰੇਣੀ ਵਿੱਚ ਗਿਣੇ ਜਾਉਂਗੇ। ਹਰ ਰਿਸ਼ਤੇ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਫ਼ਰਜ਼ ਨੂੰ ਪਹਿਚਾਣੇ, ਰਿਸ਼ਤਿਆਂ ਦੀਆਂ ਮੋਹ ਦੀਆਂ ਤੰਦਾਂ ਨੂੰ ਮਜ਼ਬੂਤ ਰੱਖੇ, ਪਿਆਰ ਦੇ ਵਲੇਵੇ ਮਾਰ ਰਿਸ਼ਤਿਆਂ ਨੂੰ ਜਕੜ ਕੇ ਰੱਖੇ, ਅਪਣੱਤਾਂ ਦੇ ਛਿੱਟੇ ਪਾਉਂਦੀਆਂ ਗੱਲਾਂ ਨਾਲ ਆਪਣਿਆਂ ਦੇ ਕਾਲਜੇ ਠੰਡ ਪਾਵੇ। ਇਹ ਤਾਂ ਹੀ ਸੰਭਵ ਹੈ ਜੇ ਰਿਸ਼ਤਿਆਂ ਨੂੰ ਪਿਆਰਾਂ ਦਾ, ਸਤਿਕਾਰਾਂ ਦਾ, ਚਾਹਵਾਂ ਦਾ, ਮਲਾਰਾਂ ਦਾ ਹੁਲਾਰਾ ਮਿਲਦਾ ਰਹੇ।

-ਹਰਕੀਰਤ ਕੌਰ
9779118066


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਪੂਰਨ ਸਿੰਘ ਪਾਂਧੀ ਦੀ ਪੁਸਤਕ 'ਜਿਨ੍ਹ ਮਿਲਿਆਂ ਰੂਹ ਰੋਸ਼ਨ ਹੋਵੇ' ਪੜ੍ਹਦਿਆਂ ...

ਬੀਤੇ ਦਿਨੀਂ ਬਰੈਂਪਟਨ ਦੇ ਸੰਜੀਦਾ ਲੇਖਕ ਪੂਰਨ ਸਿੰਘ ਪਾਂਧੀ ਦੀ ਪੁਸਤਕ 'ਜਿਨ੍ਹ ਮਿਲਿਆਂ ਰੂਹ ਰੋਸ਼ਨ ਹੋਵੇ' ਪੜ੍ਹਨ ਦਾ ਸਬੱਬ ਬਣਿਆ। ਪਾਂਧੀ ਸਾਹਿਬ ਦੀ ਕਾਵਿ-ਮਈ ਕਲਾਤਮਿਕ ਵਾਰਤਕ ਦਾ ਅਨੰਦ ਮਾਣਦਿਆਂ ਇਸ ਪੁਸਤਕ ਵਿਚ ਦਰਜ ਨੌਂ ਮਹਾਨ ਸ਼ਖ਼ਸੀਅਤਾਂ ਦੇ 'ਦਰਸ਼ਨ-ਦੀਦਾਰੇ' ਹੋਏ। ਇੰਜ ਲੱਗ ਰਿਹਾ ਸੀ, ਜਿਵੇਂ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੂਨ 1984 ਦੇ ਪਹਿਲੇ ਹਫ਼ਤੇ ਹੋਏ 'ਬਲੂ ਸਟਾਰ ਆਪਰੇਸ਼ਨ' ਤੋਂ ਬਾਦ ਢਹਿ-ਢੇਰੀ ਹੋਏ ਖੰਡਰ-ਰੂਪੀ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਆਪਣਾ ਅਹਿਮ ਬਿਆਨ "ਕੋਠਾ ਸਾਹਿਬ ਠੀਕ ਠਾਕ ਹੈ" ਜਾਰੀ ਕਰ ਰਹੇ ਹੋਣ ਅਤੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇਜ਼-ਕਦਮੀਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਕਰ ਰਹੇ ਹੋਣ। ਸ਼੍ਰੋਮਣੀ ਪੰਥਕ-ਕਥਾਕਾਰ ਸੰਤ ਸਿੰਘ ਮਸਕੀਨ ਜੀ ਆਪਣੇ ਨਿਵੇਕਲੇ ਅੰਦਾਜ਼ ਵਿਚ ਗੁਰਬਾਣੀ ਦੀ ਕਿਸੇ ਤੁਕ ਦੀ ਪ੍ਰਮਾਣਾਂ ਸਹਿਤ ਵਿਆਖਿਆ ਕਰ ਰਹੇ ਹੋਣ। ਕਲਾਸੀਕਲ ਸੰਗੀਤ ਨਾਲ ਲਬਰੇਜ਼ ਗੁਰਬਾਣੀ ਕੀਰਤਨ ਦੇ 'ਝਰਨੇ' ਸੰਤ ਸੁਜਾਨ ਸਿੰਘ ਤੇ ਗਿਆਨੀ ਸ਼ੇਰ ਸਿੰਘ ਕਿਸੇ ਅਦੁੱਤੀ ਲੈਅ ਵਿਚ ਆਪ-ਮੁਹਾਰੇ ਝਰ-ਝਰ ਵਹਿ ਰਹੇ ਹੋਣ ਅਤੇ ਰੂਹਾਨੀਅਤ ਵਿਚ ਰੱਤੇ ਹੋਏ ਸੰਤ ਬਾਬਾ ਅਜਮੇਰ ਸਿੰਘ ਉਰਫ਼ 'ਰੱਬ ਜੀ' ਪ੍ਰਤੱਖ ਰੂਪ ਵਿਚ 'ਰੱਬ' (ਪ੍ਰਮਾਤਮਾ) ਨਾਲ ਗੱਲਾਂ ਕਰ ਰਹੇ ਹੋਣ। ਇੰਜ ਹੀ 'ਸੇਵਾ ਦੇ ਪੁੰਜ' ਅਤੇ ਸਾਦਗੀ ਤੇ ਸਿਮਰਨ ਦੇ ਸੋਮੇ ਸੰਤ ਚੰਦਾ ਸਿੰਘ ਕਿਸੇ ਪਿੰਡ ਦੇ ਗੁਰਦੁਆਰੇ, ਧਰਮਸਾਲਾ ਜਾਂ ਕਿਸੇ ਹੋਰ ਸਾਂਝੇ ਸਥਾਨ ਦੀ ਤਾਮੀਰ ਹੋ ਰਹੀ ਇਮਾਰਤ ਵਿਚ ਸਿਰ 'ਤੇ ਸੀਮੈਂਟ-ਬੱਜਰੀ ਦਾ ਬਾਟਾ ਚੁੱਕੀ ਆਪਣਾ ਯੋਗਦਾਨ ਪਾ ਰਹੇ ਹੋਣ ਅਤੇ ਇਸ ਦੇ ਨਾਲ ਹੀ ਇੰਜ ਲੱਗਿਆ ਜਿਵੇਂ ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਆਰੀਆ ਸਮਾਜ ਦੇ ਮੋਢੀ ਸੁਆਮੀ ਦਇਆ ਨੰਦ ਸਰਸਵਤੀ ਨਾਲ ਧਾਰਮਿਕ ਸੰਵਾਦ ਰਚਾਉਂਦੇ ਹੋਏ ਉਨ੍ਹਾਂ ਦੇ ਸੁਆਲਾਂ ਦੇ ਸਾਰਥਿਕ ਦਲੀਲਾਂ ਨਾਲ ਕਰਾਰੇ ਜੁਆਬ ਦੇ ਕੇ ਉਨ੍ਹਾਂ ਨੂੰ ਨਿਰ-ਉੱਤਰ ਕਰ ਰਹੇ ਹੋਣ। ਹੇਅਰ ਫਿਕਸਰ ਲਾ ਕੇ ਬੜੇ ਸਲੀਕੇ ਨਾਲ ਬੰਨ੍ਹੀ ਹੋਈ ਦਾੜ੍ਹੀ ਤੇ ਕੋਟ-ਪੈਂਟ ਵਾਲੇ ਅਜੋਕੇ 'ਮਾਡਰਨ ਸੰਤ' ਵੀਰ ਭੁਪਿੰਦਰ ਸਿੰਘ ਵੀ ਕਿਸੇ ਗੁਰਦੁਆਰੇ ਵਿਚ ਅੰਗਰੇਜ਼ੀ-ਪੰਜਾਬੀ ਦੀ ਰਲਵੀ ਮਿਲਵੀਂ ਭਾਸ਼ਾ ਵਿਚ ਕਥਾ ਕਰ ਰਹੇ ਹੋਣ।




ਪੁਸਤਕ ਦੇ ਆਰੰਭ ਵਿਚ ਜਦੋਂ ਪੰਜਾਬੀ ਦੇ ਵੱਡੇ ਲੇਖਕ ਵਰਿਆਮ ਸਿੰਘ ਸੰਧੂ ਦਾ ਲਿਖਿਆ ਹੋਇਆ ਵਿਸਥਾਰ ਪੂਰਵਕ ਮੁੱਖ-ਬੰਦ ਪੜ੍ਹਿਆ ਤਾਂ ਇਸ ਦੇ ਲੇਖਾਂ ਵਿਚਲੀਆਂ ਮਹਾਨ ਸ਼ਖ਼ਸੀਅਤਾਂ ਦੇ 'ਅੱਧ-ਪਚੱਧੇ ਦਰਸ਼ਨ' ਤਾਂ ਇਸ ਦੇ ਨਾਲ ਹੀ ਹੋ ਗਏ, ਪਰ ਨਾਲ ਹੀ ਉਨ੍ਹਾਂ ਬਾਰੇ ਹੋਣ ਜਾਣਨ ਦੀ ਤੀਬਰ ਇੱਛਾ ਵੀ ਮਨ ਵਿਚ ਜਾਗੀ ਅਤੇ ਜਿਵੇਂ-ਜਿਵੇਂ ਇਹ ਲੇਖ ਪੜ੍ਹਦਾ ਗਿਆ, ਤਿਵੇਂ-ਤਿਵੇਂ ਇਨ੍ਹਾਂ ਮਹਾਂ-ਪੁਰਖ਼ਾਂ ਵੱਲੋਂ ਧਾਰਮਿਕ ਅਤੇ ਸਮਾਜਿਕ ਖ਼ੇਤਰਾਂ ਵਿਚ ਕੀਤੀ ਗਈ ਘਾਲਣਾ ਬਾਰੇ ਨਵੀਂ ਜਾਣਕਾਰੀ ਉਪਲੱਭਧ ਹੁੰਦੀ ਗਈ। ਪਹਿਲਾਂ ਮਨ 'ਚ ਆਇਆ ਕਿ ਮੈਂ ਇਸ ਪੁਸਤਕ ਬਾਰੇ ਕੁਝ ਨਾ ਹੀ ਲਿਖਾਂ ਤਾਂ ਚੰਗਾ ਹੈ, ਕਿਉਂਕਿ ਜਦੋਂ ਵਰਿਆਮ ਸਿੰਘ ਸੰਧੂ ਵਰਗੇ ਵਿਦਵਾਨ ਨੇ ਇਸ ਪੁਸਤਕ ਬਾਰੇ ਏਨਾ ਵਧੀਆ ਲਿਖਿਆ ਹੈ ਅਤੇ ਹੋਰ ਲਿਖਣ ਦੀ ਗੁੰਜਾਇਸ਼ ਈ ਨਹੀਂ ਛੱਡੀ ਤਾਂ ਮੈਨੂੰ ਇਸ ਦੇ ਬਾਰੇ ਲਿਖਣ ਦੀ ਕੀ ਲੋੜ ਹੈ? ਪਰ ਪੁਸਤਕ ਨੂੰ ਪੜ੍ਹਨ ਤੋਂ ਬਾਦ ਫਿਰ ਇਸ ਸਬੰਧੀ ਆਪਣੇ ਹਾਵ-ਭਾਵ ਪ੍ਰਗਟ ਕਰਨ ਨੂੰ ਜੀਅ ਕਰ ਆਇਆ।

ਪਾਂਧੀ ਸਾਹਿਬ ਨੇ ਪੁਸਤਕ ਦਾ ਟਾਈਟਲ 'ਜਿਨ੍ਹ ਮਿਲਿਆ ਰੂਹ ਰੌਸ਼ਨ ਹੋਵੇ' ਬੜਾ ਸੋਚ ਵਿਚਾਰ ਕੇ ਰੱਖਿਆ ਹੈ, ਕਿਉਂਕਿ ਇਸ ਪੁਸਤਕ ਵਿਚ ਸ਼ਾਮਲ "ਨੌਂ ਰਤਨ" ਸਿੱਖੀ ਦੇ 'ਚਾਨਣ-ਮੁਨਾਰੇ ਹਨ ਅਤੇ ਉਨ੍ਹਾਂ ਨੂੰ ਮਿਲਣ ਤੇ ਉਨ੍ਹਾਂ ਬਾਰੇ ਜਾਣਨ ਨਾਲ ਵਾਕਿਆ ਈ ਰੂਹ ਰੌਸ਼ਨ ਹੁੰਦੀ ਹੈ। ਆਪੋ ਆਪਣੇ ਖ਼ੇਤਰਾਂ ਵਿਚ ਪਾਇਆ ਗਿਆ ਉਨ੍ਹਾਂ ਦਾ ਯੋਗਦਾਨ ਅਨਮੁੱਲਾ ਹੈ। ਜੇਕਰ ਸਿੰਘ ਸਾਹਿਬਾਨ ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਜੋਗਿੰਦਰ ਸਿੰਘ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਮਸਲਿਆਂ ਦੇ ਮਹਾਨ ਗਿਆਤਾ ਹਨ ਤਾਂ ਸੰਤ ਸੁਜਾਨ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਗੁਰਬਾਣੀ ਦੇ ਮਹਾਨ ਕੀਰਤਨੀਏ ਅਤੇ ਵਿਆਖਿਆਕਾਰ ਹੋਏ ਹਨ। ਹਾਰਮੋਨੀਅਮ, ਤਬਲੇ ਅਤੇ ਵੱਖ-ਵੱਖ ਤੰਤੀ-ਸਾਜ਼ਾਂ ਨਾਲ ਕੀਰਤਨ ਕਰਨ ਦੀ ਉਨ੍ਹਾਂ ਦੀ ਸਮਰੱਥਾ ਅਸੀਮ ਹੈ। ਗੁਰਬਾਣੀ ਦੇ ਮਹਾਨ ਵਿਦਵਾਨ ਅਤੇ ਕਥਾਕਾਰ ਵਜੋਂ ਗਿਆਨੀ ਸੰਤ ਸਿੰਘ ਮਸਕੀਨ ਦਾ ਕੋਈ ਸਾਨੀ ਨਹੀਂ ਹੈ। ਰਾਜਿੰਦਰ ਸਿੰਘ ਗੌਹਰ ਵਰਗੇ ਕਈ ਅਜੋਕੇ ਕਥਾਕਾਰ ਉਨ੍ਹਾਂ ਦੇ ਸਟਾਈਲ ਅਤੇ ਸ਼ੈਲੀ ਵਿਚ ਕਥਾ ਕਰਨ ਦੀ 'ਕੋਸ਼ਿਸ਼' (ਨਕਲ) ਕਰਦੇ ਹਨ ਪਰ ਉਹ ਗੱਲ ਕਿਵੇਂ ਬਣ ਸਕਦੀ ਹੈ।

ਏਸੇ ਤਰ੍ਹਾਂ ਸੰਤ ਚੰਦਾ ਸਿੰਘ ਅਤੇ ਸੰਤ ਬਾਬਾ ਅਜਮੇਰ ਸਿੰਘ 'ਰੱਬ ਜੀ' ਵਰਗੀਆਂ 'ਨਿਸ਼ਕਾਮ ਤੇ ਨਿਰ-ਸੁਆਰਥ ਰੂਹਾਂ' ਲੰਮੇਂ-ਲੰਮੇਂ ਚੋਲਿਆਂ ਵਾਲੇ ਅਜੋਕੇ ਪੇਖੀ ਸਾਧਾਂ-ਸੰਤਾਂ ਅੰਦਰ ਕਿੱਥੇ ਲੱਭਦੀਆਂ ਹਨ। ਅੱਜਕੱਲ੍ਹ ਦੇ 'ਕਾਰ-ਸੇਵਾ' ਵਾਲੇ ਬਹੁਤੇ 'ਬਾਬੇ' ਤਾਂ ਦੁਨਿਆਵੀ 'ਮਾਇਆ-ਜਾਲ' ਵਿਚ ਪੂਰੀ ਤਰ੍ਹਾਂ ਫਸੇ ਹੋਏ ਹਨ ਅਤੇ ਉਹ ਸੰਗਤਾਂ ਵੱਲੋਂ ਕੀਤੀ ਗਈ ਕਾਰ-ਸੇਵਾ ਵਿੱਚੋਂ ਵੀ 'ਕਮਾਈ' ਭਾਲਦੇ ਹਨ। ਗਿਆਨੀ ਦਿੱਤ ਸਿੰਘ ਵਰਗੇ ਮਿਸ਼ਨਰੀ ਭਾਵਨਾ ਵਾਲੇ ਵਿਦਵਾਨ ਅਤੇ ਪੰਥ-ਦਰਦੀ ਇਸ ਦੁਨੀਆਂ ਵਿਚ ਕਦੇ ਕਦੇ ਹੀ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਸਿੱਖ ਪੰਥ ਵਿਚ ਆਈ ਗਿਰਾਵਟ ਤੇ ਸਮਾਜਿਕ ਨਾ-ਬਰਾਬਰੀ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ ਅਤੇ ਪਵਿੱਤਰ ਹਰਿਮੰਦਰ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਤੋਂ ਛੁਡਵਾਇਆ। ਅਜੋਕੇ ਕਥਾਕਾਰ ਵੀਰ ਭੁਪਿੰਦਰ ਸਿੰਘ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਜਾਣਨ ਵਾਲਿਆਂ ਨੂੰ ਆਪਣੀ ਕਥਾ ਦੇ ਮਾਧਿਅਮ ਰਾਹੀਂ ਸਿੱਖੀ ਨਾਲ ਜੋੜਨ ਦਾ ਮਹਾਨ ਕਾਰਜ ਕਰ ਰਹੇ ਹਨ। ਇਨ੍ਹਾਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਬਾਰੇ ਪਾਂਧੀ ਸਾਹਿਬ ਨੇ ਇਸ ਪੁਸਤਕ ਵਿਚ ਬੜੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ, ਕਿਉਂਕਿ ਇਨ੍ਹਾਂ ਵਿੱਚੋਂ ਇਕ ਗਿਆਨੀ ਦਿੱਤ ਸਿੰਘ ਜੀ (1850-1940 ਈ.) ਨੂੰ ਛੱਡ ਕੇ ਉਹ ਇਨ੍ਹਾਂ ਸਾਰੀਆਂ ਸਮਕਾਲੀ ਸ਼ਖ਼ਸੀਅਤਾਂ ਦੀ ਸੰਗਤ ਨਿੱਜੀ ਤੌਰ 'ਤੇ ਮਾਣ ਚੁੱਕੇ ਹਨ। ਸੰਤ ਚੰਦਾ ਸਿੰਘ ਹੁਰਾਂ ਤੋਂ ਪਾਂਧੀ ਸਾਹਿਬ ਨੇ ਗੁਰਮੁਖੀ ਦਾ 'ਊੜਾ-ਐੜਾ' ਸਿੱਖਿਆ ਤੇ ਗੁਰਮਤਿ ਗਿਆਨ ਪ੍ਰਾਪਤ ਕੀਤਾ ਅਤੇ ਸੰਤ ਸੁਜਾਨ ਸਿੰਘ ਤੇ ਗਿਆਨੀ ਸ਼ੇਰ ਸਿੰਘ ਹੁਰਾਂ ਤੋਂ ਗੁਰਬਾਣੀ ਕੀਰਤਨ ਤੇ ਸੰਗੀਤ ਦੀਆਂ ਬਾਰੀਕੀਆਂ ਦੀ ਸਿੱਖਿਆ ਲਈ। ਸਿੰਘ ਸਾਹਿਬਾਨ ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਜਗਿੰਦਰ ਸਿੰਘ ਵੇਦਾਂਤੀ ਦਮਦਮੀ ਟਕਸਾਲ ਵਿਚ ਗੁਰਮਤਿ ਵਿੱਦਿਆ ਗ੍ਰਹਿਣ ਕਰਨ ਸਮੇਂ ਪਾਂਧੀ ਸਾਹਿਬ ਦੇ ਸਹਿਪਾਠੀ ਰਹੇ ਹਨ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9218

ਪੂਰਨ ਸਿੰਘ ਪਾਂਧੀ ਜੀ ਦੀ ਲੇਖਣੀ ਦਾ ਆਪਣਾ ਹੀ ਸਟਾਈਲ ਅਤੇ ਮੁਹਾਵਰਾ ਹੈ। ਛੋਟੇ-ਛੋਟੇ ਵਾਕਾਂ ਵਿਚ ਸਮ-ਅਰਥੀ ਅਤੇ ਬਹੁ-ਅਰਥੀ ਸ਼ਬਦ ਮਾਲ਼ਾ ਦੇ ਮਣਕਿਆਂ ਵਾਂਗ ਪਰੋ ਕੇ ਉਹ ਆਪਣੀ ਲਿਖਤ ਨੂੰ ਬੇਹੱਦ ਪ੍ਰਭਾਵਸ਼ਾਲੀ ਬਣਾਉਂਦੇ ਹਨ। ਪੁਸਤਕ ਵਿਚ ਥਾਂ ਪਰ ਥਾਂ ਅਜਿਹੇ ਬੇਅੰਤ ਵਿਵਰਣ ਮਿਲਦੇ ਹਨ। ਇਸ ਛੋਟੇ ਜਿਹੇ ਲੇਖ ਵਿਚ ਇਕ-ਦੋ ਉਦਾਹਰਣਾਂ ਪੇਸ਼ ਕਰਕੇ ਇਸ ਦੇ ਬਾਰੇ ਦੱਸਣ ਦੀ ਕੋਸ਼ਿਸ਼ ਕਰਾਂਗਾ।

'ਸੇਵਾ ਦੇ ਪੁੰਜ' ਸੰਤ ਚੰਦਾ ਸਿੰਘ ਬਾਰੇ ਬ੍ਰਿਤਾਂਤ ਵਿਚ ਕਤਰੀ ਦਾੜ੍ਹੀ ਵਾਲਾ ਜੈਮਲਪੱਤੀ ਦਾ ਬਿਹਾਰਾ ਸਿੰਘ ਖਰੀ ਤੇ ਖਰ੍ਹਵੀ ਗੱਲ ਕਰਨ ਵਾਲਾ ਮੂੰਹ-ਫੱਟ ਬੰਦਾ ਸੀ, ਸਾਰਿਆਂ ਤੋਂ ਅੱਗੇ ਹੋ ਕੇ ਕਹਿਣ ਲੱਗਾ:

"ਠਹਿਰੋ ਬਈ ਸੰਗਤੇ ਟੱਕ ਫੇਰ ਲਾਇਓ, ਪਹਿਲਾਂ ਮੇਰੀ ਗੱਲ ਸੁਣੋ। ਟੱਕ ਉਹ ਲਾਵੇ ਜਿਸ ਨੇ ਆਪ ਮੜ੍ਹਾਸਾ ਮਾਰਨੈ, ਟੋਕਰੀ ਆਪ ਚੁੱਕਣੀ ਹੈ ਤੇ ਸਾਰੇ ਕੰਮ ਦਾ ਭਾਰ ਆਪ ਆਪਣੇ ਸਿਰ 'ਤੇ ਚੁੱਕਣਾ ਹੈ। ਮੇਰੀ ਸਮਝ ਵਿਚ ਤਾਂ ਇੱਕੋ ਸੂਰਮਾ ਹੈ, ਇਹ ਸਾਰਾ ਭਾਰ ਚੁੱਕਣ ਵਾਲਾ ਹੈ, ਚੰਦਾ ਸਿਉਂ। ਮੇਰੀ ਮੰਨੋ ਤਾਂ ਇਹ ਕਬੀਲਦਾਰੀ ਇਸੇ ਦੇ ਮੜ੍ਹਾਸੇ 'ਤੇ ਸੁੱਟ ਦਿਓ ਤੇ ਟੱਕ ਇਸੇ ਨੂੰ ਲਾਉਣ ਦਿਓ।"

ਇਕ ਹੋਰ ਨਮੂਨਾ ਹਾਜ਼ਰ ਹੈ:

"ਗੁਰਦੁਆਰੇ ਦੇ ਐਨ ਮੂਹਰੇ ਇਕ ਛੱਪੜੀ ਸੀ; ਬੜੀ ਵਿਰਾਨ, ਮੁਸ਼ਕ ਮਾਰਦਾ ਗੰਦਾ ਪਾਣੀ, ਭੈੜਾ ਦ੍ਰਿਸ਼। ਦੋ-ਢਾਈ ਕਨਾਲ ਲੰਮੀ ਚੌੜੀ ਤੇ ਚਾਰ ਪੰਜ ਫੁੱਟ ਡੂੰਘੀ। ਮਿੱਟੀ ਨਾਲ ਇਹ ਭਰਨ ਦੀ ਵਿਉਂਤ ਬਣਾਈ। ਕੰਮ ਔਖਾ ਪਰ ਲੋਕ-ਸ਼ਕਤੀ ਅੱਗੇ ਕੀ ਔਖ ਤੇ ਕੀ ਸੌਖ? ਲੋਕ-ਸ਼ਕਤੀ ਪਰਬਤਾਂ ਨੂੰ ਮੱਥਾ ਲਾਉਣ ਤੋਂ ਗੁਰੇਜ਼ ਨਹੀਂ ਕਰਦੀ। ਨਾਲੇ ਸੰਤ ਇੰਦਰ ਸਿੰਘ ਦੀ ਪ੍ਰੇਰਨਾ। ਇਨ੍ਹਾਂ ਦੀ ਆਖੀ ਗੱਲ ਸਾਰਾ ਨਗਰ ਹੱਥ ਜੋੜ ਕੇ ਮੰਨਣ ਵਾਲਾ। ਸਾਰਾ ਨਗਰ 'ਕੱਠਾ, ਜੋੜ ਲਏ ਗੱਡੇ, ਰੱਖ ਲਈਆਂ ਮੋਢਿਆਂ 'ਤੇ ਕਹੀਆਂ। ਪਿੰਡ ਤੋਂ ਕੋਈ ਮੀਲ ਭਰ ਦੈੜਾਂ ਸਨ, ਰੇਤ ਦੇ ਟਿੱਬੇ। ਲਾ ਲਿਆ ਟਿੱਬਿਆਂ ਨੂੰ ਮੱਥਾ। ਕਹੀਆਂ-ਕੜਾਹੀਆਂ, ਟੋਕਰੀਆਂ ਨਾਲ ਭਰ ਭਰ ਗੱਡੇ ਆਉਣ ਲੱਗੇ। ਦਿਨ ਕੁਝ ਵੀ ਨਾ ਲੱਗੇ, ਛੱਪੜੀ ਕੁੱਖਾਂ ਤੱਕ ਭਰ ਗਈ। ਛੱਪੜੀ ਦਾ ਨਾਂ-ਨਿਸ਼ਾਨ ਮੁੱਕ ਗਿਆ। ਖ਼ੁਸ਼ੀ ਦੇ ਰਣਸਿੰਗੇ ਵੱਜੇ, ਜੈਕਾਰਿਆਂ ਨਾਲ ਨਗਰ ਗੂੰਜ ਉੱਠਿਆ।"

ਇਹ ਤਾਂ ਦਾਲ਼ ਵਿੱਚੋਂ ਦਾਣਾ ਟੋਹਣ ਵਾਂਗ ਹੀ ਹੈ। ਪੂਰੀ ਜ਼ਾਇਕੇਦਾਰ ਦਾਲ਼ ਦਾ ਨਜ਼ਾਰਾ ਤਾਂ ਇਹ ਪੁਸਤਕ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ। ਮਹਾਂਪੁਰਸ਼ਾਂ ਬਾਰੇ ਇਸ ਪੁਸਤਕ ਨੂੰ ਪਾਠਕਾਂ ਸਨਮੁੱਖ ਕਰਨ ਲਈ ਮੈਂ ਪੂਰਨ ਸਿੰਘ ਪਾਂਧੀ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ।

## ਪਹਿਲਾ ਘੱਲੂਘਾਰਾ



*ਮੁਗਲ ਹਕੂਮਤ ਨੇ ਸੌਂਹ ਖਾਧੀ, ਸਿੱਖਾਂ ਨੂੰ ਮਾਰ ਮੁਕਾਣਾ,*
*ਸਿੱਖ ਬੱਚਾ ਕੋਈ ਰਹਿਣ ਨਹੀਂ ਦੇਣਾ ਉਸ ਨੂੰ ਬੰਨੇ ਲਾਣਾ।*
*ਥਾਂ-ਥਾਂ ਤੋਂ ਸਿੱਖ ਹੁੰਦੇ ਹੋਏ, ਐਮਨਾਬਾਦ ਸੀ ਪੁੱਜੇ,*
*ਰੋੜੀ ਸਾਹਿਬ ਗੁਰਦੁਆਰੇ, ਦਰਸ਼ਨ ਕਰਨ ਲਈ ਰੁੱਝੇ।*

*ਜਸਪਤ ਰਾਏ ਫ਼ੌਜਦਾਰ ਨੇ ਸਿੱਖਾਂ ਨੂੰ ਹੁਕਮ ਸੁਣਾਇਆ,*
*ਏਥੋਂ ਹੁਣੇ ਹੀ ਚਾਲੇ ਪਾਓ, ਨਹੀਂ ਤਾਂ ਕਰੂੰ ਸਫਾਇਆ।*
*ਹੰਕਾਰੇ ਹੋਏ ਜਸਪਤ ਰਾਏ ਨੇ, ਫ਼ੌਜ ਦੁਆਲੇ ਕੀਤੀ,*
*ਸਿੱਖਾਂ ਨੂੰ ਇਹ ਕਾਰਾ ਤੱਕ ਕੇ, ਆਈ ਬੜੀ ਕਚੀਚੀ।*

*ਨਿਬਾਹੂ ਸਿੰਘ ਸੀ ਜ਼ੋਰ ਮਾਰ ਕੇ, ਹਾਥੀ ਉੱਤੇ ਚੜ੍ਹਿਆ,*
*ਸਿਰ ਵੱਢ ਕੇ ਜਸਪਤ ਰਾਏ ਦਾ ਹਿਸਾਬ ਪੂਰਾ ਕਰਿਆ।*
*ਲੱਖਪਤ ਰਾਏ ਭਰਾ ਉਸ ਦਾ, ਯਹੀਆ ਖਾਂ ਦਾ ਦੀਵਾਨ,*
*ਖ਼ਬਰ ਸੁਣੀ ਜਾਂ ਮੌਤ ਦੀ ਉਸ, ਰਹੀ ਨਾ ਜਾਨ 'ਚ ਜਾਨ।*

*ਪੱਗ ਆਪਣੀ ਵਗਾਹ ਕੇ ਉਸ ਨੇ, ਪੈਰਾਂ ਦੇ ਵਿੱਚ ਮਾਰੀ,*
*ਸਿੱਖਾਂ ਨੂੰ ਮਿਟਾਉਣ ਦੀ ਕੀਤੀ, ਉਸ ਨੇ ਖੂਬ ਤਿਆਰੀ।*
*ਲਾਹੌਰ ਦੇ ਸਿੱਖ ਸਾਰੇ ਉਸ ਨੇ, ਇੱਕ ਥਾਂ ਇਕੱਠੇ ਕੀਤੇ,*
*ਮੱਸਿਆ ਵਾਲੇ ਦਿਨ ਉਸ ਨੇ, ਸਾਰੇ ਸ਼ਹੀਦ ਸੀ ਕੀਤੇ।*

*ਸਰੂਪ ਗੁਰੂ ਗ੍ਰੰਥ ਸਾਹਿਬ ਦਾ ਖੂਹ ਵਿੱਚ ਸੁਟਵਾ ਦਿੱਤਾ,*
*ਅੰਮ੍ਰਿਤਸਰ ਸਰੋਵਰ ਨੂੰ ਸੀ, ਮਲਬਾ ਪਾ ਭਰਵਾ ਦਿੱਤਾ।*
*ਯਹੀਆ ਖਾਂ ਤੇ ਲੱਖਪਤ ਰਾਏ ਨੇ, ਫੌਜ ਲੈ ਲਈ ਭਾਰੀ,*
*ਸਿੱਖਾਂ ਨੂੰ ਉਹ ਮਾਰਨ ਤੁਰ ਪਏ ਕਰਕੇ ਪੂਰੀ ਤਿਆਰੀ।*

*ਪੰਦਰਾਂ ਕੁ ਹਜ਼ਾਰ ਸਿੱਖ ਜੋ ਸਨ, ਕਾਹਨੂੰ ਛੰਬ ਪਧਾਰੇ,*
*ਮੁਗਲ ਫ਼ੌਜਾਂ ਵੀ ਮਗਰੇ ਆਈਆਂ, ਜੰਗਲ ਟੱਪ ਕੇ ਸਾਰੇ।*
*ਅੱਧੀ ਰਾਤ ਸਿੱਖਾਂ ਹਮਲਾ ਕੀਤਾ, ਕਰਕੇ ਖੂਬ ਤਿਆਰੀ,*
*ਮੁਗਲ ਫੌਜ ਸੀ ਮਾਰੀ ਕਾਫ਼ੀ ਜੋ ਨਾਲ ਲਿਆਇਆ ਭਾਰੀ।*

*ਸੱਤ ਕੁ ਹਜਾਰ ਸਿੱਖ ਹੈ ਸਨ, ਮੌਤ ਦੀ ਬਲੀ ਚੜ੍ਹਾਏ,*
*ਤਿੰਨ ਹਜ਼ਾਰ ਕੈਦੀ ਬਣਾ ਕੇ, ਸ਼ਹਿਰ ਲਾਹੌਰ ਲਿਆਏ।*
*ਤਸੀਹੇ ਬੜੇ ਹੀ ਦਿੱਤੇ ਉਸ ਨੇ, ਸਿੰਘਾਂ ਸੀ ਨਾ ਕੀਤੀ,*
*ਆਪਣੇ ਧਰਮ ਦੀ ਖਾਤਰ ਉਨ੍ਹਾਂ, ਹੱਸ ਕੇ ਸ਼ਹੀਦੀ ਦਿੱਤੀ।*

*ਪ੍ਰਿੰ ਗਿਆਨ ਸਿੰਘ ਘਈ, 6476247733*

## ਮਿੰਨੀ ਕਹਾਣੀਆਂ

### ਨਵਾਂ ਸਵੇਰਾ

-ਮੁਕੇਸ਼ ਕੁਮਾਰ ਰਿਸ਼ੀ ਵਰਮਾ

ਉਹ ਸੌਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਨੀਂਦ ਉਸ ਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ। ਉਸ ਦੀ ਬੇਚੈਨੀ ਉਸ ਦੇ ਦਿਲ ਵਿੱਚ ਘਬਰਾਹਟ ਪੈਦਾ ਕਰ ਰਹੀ ਸੀ। ਉਸ ਦਾ ਬਲੱਡ ਪ੍ਰੈਸ਼ਰ ਲਗਤਰ ਵਧ ਘੱਟ ਰਿਹਾ ਸੀ। ਉਸ ਨੂੰ ਅਣਹੋਣੀ ਦਾ ਖਦਸ਼ਾ ਹੋਇਆ। ਲੱਗਿਆ ਕਿ ਹਾਰਟ ਅਟੈਕ ਆਉਣ ਵਾਲਾ ਹੈ ਅਤੇ ਉਹ ਅੱਖਾਂ ਬੰਦ ਕਰ ਕੇ ਇੱਕ ਪਾਸੇ ਪੈ ਗਿਆ...।

ਬੇਹੋਸ਼ੀ ਤੋਂ ਬਾਹਰ ਨਿਕਲਿਆ ਤਾਂ ਦੇਖਿਆ ਕਿ ਪਤਨੀ ਉਸ ਨੂੰ ਹੱਥ ਨਾਲ ਪੱਖੀ ਝੱਲ ਰਹੀ ਹੈ ਅਤੇ ਛਾਤੀ ਉੱਤੇ ਮਾਲਿਸ਼ ਵੀ ਕਰ ਰਹੀ ਹੈ। ਪਤਨੀ ਦਾ ਮੁਸਕਰਾਉਂਦਾ ਚਿਹਰਾ ਉਸ ਨੂੰ ਦਿੱਸਿਆ। ਉਹ ਇਕਦਮ ਸ਼ਾਂਤ ਸੀ।

"ਤੁਸੀਂ ਪੁਰਾਣੀਆਂ ਗੱਲਾਂ ਭੁੱਲ ਕਿਉਂ ਨਹੀਂ ਜਾਂਦੇ, ਉਸ ਨੇ ਸਿਰਫ ਸਾਡੇ ਕੁਝ ਰੁਪਏ ਖਾਧੇ ਹਨ। ਸਾਡੀ ਕਿਸਮਤ ਸਾਡੇ ਕੋਲ ਹੈ, ਜੋ ਵਰਤਮਾਨ ਵਿੱਚ ਸਾਡੇ ਕੋਲ ਬਚਿਆ ਹੈ, ਅਸੀਂ ਉਸ ਵਿੱਚ ਗੁਜ਼ਾਰਾ ਕਰ ਲਵਾਂਗੇ। ਜੋ ਬੀਤ ਗਿਆ ਹੈ, ਉਹ ਵਾਪਸ ਕਦੇ ਨਹੀਂ ਆਵੇਗਾ। ਉਹ ਗੁਆਚੀ ਹੋਈ ਜਾਇਦਾਦ ਹੈ, ਉਸ ਨੂੰ ਭੁੱਲ ਜਾਓ।"

ਪਤਨੀ ਦੀਆਂ ਗੱਲਾਂ ਸੁਣ ਕੇ ਉਸ ਨੂੰ ਨਵੀਂ ਊਰਜਾ ਦਾ ਅਹਿਸਾਸ ਹੋਇਆ। ਉਸ ਦਾ ਮਨ ਹਲਕਾ ਹੋ ਗਿਆ। ਉਸ ਦੀ ਚਿੰਤਾ ਹਵਾ ਹੋ ਗਈ। ਉਸ ਨੇ ਪ੍ਰਣ ਕਰ ਲਿਆ ਕਿ ਪੁਰਾਣੀਆਂ ਗੱਲਾਂ ਭੁੱਲ ਜਾਏਗਾ, ਮਿਹਨਤ ਕਰੇਗਾ ਅਤੇ ਪ੍ਰਮਾਤਮਾ ਵਿੱਚ ਅਟੁੱਟ ਵਿਸ਼ਵਾਸ ਰੱਖੇਗਾ।ਸਮਾਂ ਆਉਣ ਉੱਤੇ ਕਿਸਮਤ ਉਸ ਦੀਆਂ ਸਮੱਸਿਆਵਾਂ ਦਾ ਹੱਲ ਖੁਦ ਹੀ ਕਰ ਦੇਵੇਗੀ। ਜਦੋਂ ਜਿਊਣ ਦਾ ਕੋਈ ਬਦਲ ਬਾਕੀ ਨਾ ਬਚੇ ਤਾਂ ਸਾਰਾ ਭਾਰ ਪ੍ਰਮਾਤਮਾ ਉੱਤੇ ਛੱਡ ਦੇਣਾ ਚਾਹੀਦਾ ਹੈ...। ਨਿਸ਼ਚਿਤ ਹੀ ਇੱਕ ਨਵਾਂ ਸਵੇਰਾ ਹੋਵਗਾ।

### ਅਸਲ ਜ਼ਿੰਦਗੀ

-ਜਗਰੂਪ ਸਿੰਘ ਗਿੱਲ

ਉਸ ਨੇ ਸ਼ੀਸ਼ੇ ਵਿੱਚ ਢਲਦੀ ਉਮਰ ਦੇਖ ਕੇ ਫੈਸਲਾ ਕੀਤਾ ਕਿ ਇਕੱਠੀ ਕੀਤੀ ਦੌਲਤ ਦਾ ਆਨੰਦ ਮਾਨਣਾ ਸ਼ੁਰੂ ਕੀਤਾ ਜਾਵੇ। ਇਹ ਸਭ ਸੋਚ ਹੀ ਰਿਹਾ ਸੀ ਕਿ ਅਚਾਨਕ ਬੂਹਾ ਖੜਕਿਆ।ਦੋ ਅਣਜਾਣ ਚਿਹਰੇ ਅੰਦਰ ਦਾਖਲ ਹੋਏ। ਕਹਿੰਦੇ: ਬਾਪੂ ਜੀ, ਚਲੋ, ਤੁਹਾਡਾ ਟਾਈਮ ਪੂਰਾ ਹੋ ਗਿਆ, ਤੁਰੋ ਸਾਡੇ ਨਾਲ।

ਕਹਿੰਦਾ: ਅਜੇ ਤਾਂ ਮਰ-ਮਰ ਕੇ ਇਕੱਠੀ ਕੀਤੀ ਦੌਲਤ ਦਾ ਆਨੰਦ ਵੀ ਨਹੀਂ ਮਾਣਿ-ਆ।

ਉਹ ਕਹਿੰਦੇ: ਤੁਹਾਡੀ ਇੱਕ ਗਲਤੀ ਲਈ ਅਸੀਂ ਜ਼ਿੰਮੇਵਾਰ ਨਹੀਂ।

ਉਹ ਥੋੜ੍ਹਾ ਸਹਿਮ ਗਿਆ...।

ਕਹਿੰਦਾ, ਤਿੰਨ ਕੁ ਸਾਲ ਹੋਰ ਦੇ ਦਿਓ, ਕਿਸੇ ਤਰ੍ਹਾਂ।

ਕਹਿੰਦੇ: ਨਹੀਂ...।

ਇੱਕ ਦੇ ਗੋਡੇ ਫੜ ਲਏ: ਤਿੰਨ ਮਹੀਨੇ ਹੀ ਦੇ ਦਿਓ, ਮਿਲ ਤਾਂ ਆਵਾਂ ਸੱਜਣ ਬੇਲੀਆਂ ਨੂੰ।

ਉਹ ਕਹਿੰਦੇ: ਕੋਈ ਗੁੰਜਾਇਸ਼ ਨਹੀਂ।

ਇਹ ਸੁਣ ਉਸ ਦਾ ਰੋਣਾ ਨਿਕਲ ਗਿਆ। ਸਾਰੀ ਜ਼ਿੰਦਗੀ ਦੀ ਕਮਾਈ ਲਿਆ, ਉਸ ਨੇ, ਉਨ੍ਹਾਂ ਦੇ ਮੂਹਰੇ ਢੇਰੀ ਕਰ ਦਿੱਤੀ।ਕਹਿੰਦਾ: ਰੱਬ ਦਾ ਵਾਸਤਾ, ਤਿੰਨ ਮਿੰਟ ਹੀ ਦੇ ਦਿਓ, ਇਸ ਸਾਰੀ ਦੌਲਤ ਦੇ ਬਦਲੇਬੱਚਿਆਂ ਲਈ ਇੱਕ ਸੁਨੇਹਾ ਲਿਖਣਾਕਾਗਜ਼ ਉੱਤੇ...।

ਇੱਕ ਨੂੰ ਤਰਸ ਆ ਗਿਆ, ਕਹਿੰਦਾ: ਇਹ ਢੇਰੀ ਕੀਤੀ ਦੌਲਤ ਸਾਡੇ ਕਿਸੇ ਕੰਮ ਦੀ ਨਹੀਂ, ਫੇਰ ਵੀਰੱਬ ਦਾ ਵਾਸਤਾ ਪਾਇਆ ਹੈ, ਜਾਹ ਦਿੱਤੇ ਤਿੰਨ ਮਿੰਟ, ਤੂੰ ਵੀ ਕੀ ਯਾਦ ਕਰੇਂਗਾ, ਲਿਖ ਲੈਜੋ ਲਿਖਣਾ...।

ਛੇਤੀ ਾਨਲ ਕਾਗਜ਼ ਕੱਢਿਆ, ਕੁਝ ਲਿਖਿਆ, ਉਸ ਕਾਗਜ਼ ਨੂੰ ਟੇਬਲ ਉੱਤੇ ਰੱਖ ਕੇ ਜਹਾਨ ਨੂੰ ਅਲਵਿਦਾ ਕਹਿ ਗਿਆ। ਕਾਗਜ਼ ਉੱਤੇ ਲਿਖਿਆ ਸੀ...

ਬੱਚਿਓ, ਜ਼ਿੰਦਗੀ ਵਿੱਚ ਕਦੇ ਕਿਸੇ ਵੱਡੀ ਖੁਸ਼ੀ ਦੀ ਉਡੀਕ ਵਿੱਚ ਨਿੱਕੀਆਂ ਖੁਸ਼ੀਆਂ ਕੁਰਬਾਨ ਨਾ ਕਰਿਓ, ਨਹੀਂ ਤਾਂ ਮੇਰੇ ਵਰਗਾ ਹਾਲ ਹੋਊ। ਮੈਂ ਬਦਕਿਸਮਤਸੌਂ ਪਾਪੜ ਵੇਲ ਕਮਾਈ ਇਸ ਦੌਲਤ ਨਾਲ ਜ਼ਿੰਦਗੀ ਦੇ ਤਿੰਨ ਮਿੰਟ ਵੀ ਨਾ ਖਰੀਦ ਸਕਿਆ।ਵਰਤਮਾਨ ਵਿੱਚ ਰਹਿ ਕੇ, ਹੱਸਦਿਆਂ ਖੇਡਦਿਆਂ, ਖੁੱਲ੍ਹ ਕੇ ਬਿਤਾਇਆ ਹੋਇਆ ਹਰ ਦਿਨ ਹੀ ਪੂਰੀ ਜ਼ਿੰਦਗੀ ਹੈ।ਬਾਕੀ ਸਭ, ਕੰਧ ਉੱਤੇ ਟੰਗੇ ਕੈਲੰਡਰ ਦੀਆਂ ਲੰਘ ਚੁੱਕੀਆਂ ਤੇ ਆਉਣ ਵਾਲੀਆਂ ਤਰੀਕਾਂ ਹੀ ਹਨ।

# ਧਰਤੀ ਨੂੰ ਬਚਾਉਣ ਲਈ ਚੁਣੌਤੀ



ਭਾਰਤ ਉਨ੍ਹਾਂ ਇੱਕ ਸੌ 75 ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਲਈ ਮਤਾ ਪਾਸ ਕੀਤਾ ਹੈ। ਸੰਯੁਕਤ ਰਾਸ਼ਟਰ ਵਿਚ ਲਿਆਂਦਾ ਗਿਆ ਇਹ ਮਤਾ ਕਮਜ਼ੋਰ ਸੀ ਕਿਉਂਕਿ ਇਸ ਨੇ ਹਰੇਕ ਦੇਸ਼ ਨੂੰ ਆਪਣੇ ਟੀਚੇ ਤੈਅ ਕਰਨ ਦੀ ਆਜ਼ਾਦੀ ਦਿੱਤੀ ਸੀ। ਇਹ ਵੀ ਕਿਹਾ ਗਿਆ ਕਿ ਵਿਕਾਸ ਨੀਤੀਆਂ ਦੇ ਮੱਦੇਨਜ਼ਰ ਕੋਈ ਹੋਰ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਸੰਧੀ ਨੂੰ ਲਾਗੂ ਨਹੀਂ ਕੀਤਾ ਜਾਵੇਗਾ।

ਕੁਝ ਸਮਾਂ ਪਹਿਲਾਂ ਆਈ ਇੰਟਰਗਵਰਨਮੈਂਟਲ ਪੈਨਲ ਆਨ ਕਲਾਈਮੇਟ ਕਰਾਈਸਿਸ (ਆਈ.ਪੀ.ਸੀ.ਸੀ.) ਦੀ ਰਿਪੋਰਟ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਧਰਤੀ ਦੇ ਹੋਰ ਤਪਸ਼ ਨੂੰ ਰੋਕਣ ਲਈ ਜੋ ਉਪਾਅ ਕੀਤੇ ਜਾਣੇ ਸਨ, ਅਸੀਂ ਉਨ੍ਹਾਂ ਵਿਚ ਅਸਫਲ ਰਹੇ ਹਾਂ। ਪੈਰਿਸ ਸਮਝੌਤੇ ਅਨੁਸਾਰ ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣੇ ਸਨ ਕਿ ਧਰਤੀ ਦਾ ਤਾਪਮਾਨ ਡੇਢ ਤੋਂ ਦੋ ਡਿਗਰੀ ਤੱਕ ਹੋਰ ਨਾ ਵਧੇ। ਇਸ ਦੇ ਲਈ ਕਈ ਦੇਸ਼ਾਂ ਨੂੰ ਅਜਿਹੇ ਉਪਾਅ ਕਰਨੇ ਪਏ, ਜਿਸ ਨਾਲ ਤਾਪਮਾਨ ਵਧਣ ਤੋਂ ਰੋਕਿਆ ਜਾ ਸਕੇ।

ਪਰ ਹੁਣ ਤੱਕ ਇਸ ਦਿਸ਼ਾ ਵਿੱਚ ਕੋਈ ਖਾਸ ਪ੍ਰਗਤੀ ਨਹੀਂ ਹੋਈ ਹੈ। ਪੈਰਿਸ ਸਮਝੌਤੇ ਦੇ ਅਨੁਸਾਰ, ਇਸ ਟੀਚੇ ਨੂੰ 2025 ਤੱਕ ਤੇਜ਼ ਕੀਤਾ ਜਾਣਾ ਅਤੇ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ 43 ਪ੍ਰਤੀਸ਼ਤ ਤੱਕ ਘਟਾਉਣਾ ਸੀ। ਇਸ ਦਿਸ਼ਾ ਵਿੱਚ ਸਾਰਥਕ ਕਦਮ ਚੁੱਕਣ ਵਿੱਚ ਕੱਲ੍ਹ ਦੀ ਦੇਰੀ ਨੇ ਅੱਜ ਸਾਨੂੰ ਔਖੀਆਂ ਚੁਣੌਤੀਆਂ ਵਿੱਚ ਘਿਰਿਆ ਹੋਇਆ ਹੈ। ਜਿਵੇਂ ਕਿ ਉਦਯੋਗ ਵਿੱਚ ਜਲਦੀ ਹੀ ਨੈੱਟ-ਜ਼ੀਰੋ ਐਮੀਸ਼ਨ ਨੂੰ ਹਕੀਕਤ ਵਿੱਚ ਬਦਲਣਾ। ਇਸ ਟੀਚੇ ਵੱਲ ਇੱਕ ਮਹੱਤਵਪੂਰਨ ਕਦਮ ਨਿਰਮਾਣ ਕਾਰਜਾਂ ਵਿੱਚ ਅਜਿਹੀ ਸਮੱਗਰੀ ਜਾਂ ਪਦਾਰਥਾਂ ਦੀ ਵਰਤੋਂ ਕਰਨਾ ਹੈ ਜੋ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਸਹਾਇਕ ਹਨ।

ਹਾਲ ਹੀ ਵਿੱਚ, ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਨੇ ਸੰਯੁਕਤ ਰਾਸ਼ਟਰ ਵਿੱਚ ਇੱਕ ਮਤਾ ਪਾਸ ਕਰਕੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਦਾ ਪ੍ਰਣ ਲਿਆ ਹੈ। ਜਲਵਾਯੂ ਸੰਕਟ ਅਤੇ ਪਲਾਸਟਿਕ ਵਿਚਕਾਰ ਇੱਕ ਨਜ਼ਦੀਕੀ ਸਬੰਧ ਹੈ. ਇਕੱਲੇ ਪਲਾਸਟਿਕ ਦਾ 3.8 ਪ੍ਰਤੀਸ਼ਤ ਵਿਸ਼ਵ ਨਿਕਾਸੀ ਹੈ, ਜੋ ਅੱਜ ਇੱਕ ਗੰਭੀਰ ਸਮੱਸਿਆ ਬਣ ਗਿਆ ਹੈ। 1907 ਤੋਂ ਲੈ ਕੇ ਅੱਜ ਤੱਕ ਦੇ ਇਸ ਛੋਟੇ ਜਿਹੇ ਸਫ਼ਰ ਵਿੱਚ ਪਲਾਸਟਿਕ ਦਾ ਸਫ਼ਰ ਇੱਕ ਚਮਤਕਾਰੀ ਖੋਜ ਤੋਂ ਇੱਕ ਜ਼ਹਿਰੀਲੇ ਸੱਚ ਵਿੱਚ ਬਦਲ ਗਿਆ ਹੈ। ਇਸ ਤੱਥ ਦੇ ਅਣਗਿਣਤ ਸਬੂਤਾਂ 'ਤੇ ਇਕ ਝਾਤ ਮਾਰਨ ਨਾਲ ਇਕ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ।

ਉਹ ਇਹ ਹੈ ਕਿ ਇਸ ਜ਼ਹਿਰ ਨਾਲ ਧਰਤੀ ਦਾ ਦਮ ਘੁੱਟ ਰਿਹਾ ਹੈ। ਪਲਾਸਟਿਕ ਪ੍ਰਦੂਸ਼ਣ ਇਸ ਹੱਦ ਤੱਕ ਫੈਲ ਗਿਆ ਹੈ ਕਿ ਆਉਣ ਵਾਲੇ ਤਿੰਨ ਦਹਾਕਿਆਂ (2050 ਤੱਕ) ਸਮੁੰਦਰਾਂ ਵਿੱਚ ਮੱਛੀਆਂ ਤੋਂ ਵੱਧ ਪਲਾਸਟਿਕ ਦਾ ਕੂੜਾ ਹੋਵੇਗਾ। ਇੱਕ ਭਿਆਨਕ ਸੱਚਾਈ ਇਹ ਹੈ ਕਿ ਸੰਸਾਰ ਵਿੱਚ ਪੈਦਾ ਹੋਣ ਵਾਲੇ ਪਲਾਸਟਿਕ ਦਾ ਨੱਬੇ ਫੀਸਦੀ ਹਿੱਸਾ ਹੀ ਰਹਿ ਜਾਂਦਾ ਹੈ ਅਤੇ ਪਲਾਸਟਿਕ ਦੇ ਕੂੜੇ ਦਾ ਸਿਰਫ਼ ਇੱਕੀ ਫੀਸਦੀ ਹੀ ਰੀਸਾਈਕਲ ਹੁੰਦਾ ਹੈ।

ਭਾਰਤ ਵੀ ਇਸ ਮਾਮਲੇ ਵਿੱਚ ਬੇਦਾਗ ਨਹੀਂ ਹੈ। ਪ੍ਰੀ-ਮਹਾਂਮਾਰੀ 2019 ਦੀਆਂ ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਇਹ ਸਮੱਸਿਆ ਨਵੀਂ ਨਹੀਂ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਾਂਮਾਰੀ ਤੋਂ ਬਾਅਦ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਗਈ ਹੋਵੇਗੀ। 2020 ਦੀ ਇੱਕ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਸਮੁੰਦਰਾਂ ਵਿੱਚ ਪਲਾਸਟਿਕ ਸੁੱਟਣ ਦੇ ਮਾਮਲੇ ਵਿੱਚ ਭਾਰਤ ਵੀ ਇੱਕ ਪ੍ਰਮੁੱਖ ਦੇਸ਼ ਹੈ। ਸੰਸਦ ਵਿੱਚ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਪਲਾਸਟਿਕ ਦਾ ਕੂੜਾ ਦੁੱਗਣਾ ਹੋ ਗਿਆ ਹੈ ਅਤੇ ਪੈਦਾ ਹੋਏ ਕੂੜੇ ਦਾ ਸਿਰਫ਼ ਇੱਕ ਚੌਥਾਈ ਹਿੱਸਾ ਰੀਸਾਈਕਲ ਕੀਤਾ ਜਾਂਦਾ ਹੈ। ਇਨ੍ਹਾਂ ਤੱਥਾਂ ਦੇ ਨਾਲ, ਕੀ ਭਾਰਤ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਬਣਨ ਦਾ ਹੱਕਦਾਰ ਹੈ, ਜਿਵੇਂ ਕਿ ਸਦਨ ਵਿੱਚ ਦਾਅਵਾ ਕੀਤਾ ਗਿਆ ਹੈ?

ਇਨ੍ਹਾਂ ਸਾਰੇ ਤੱਥਾਂ ਅਤੇ ਹਕੀਕਤਾਂ ਦੇ ਮੱਦੇਨਜ਼ਰ ਬਹੁਤ ਹੀ ਅਜੀਬ ਗੱਲ ਇਹ ਹੈ ਕਿ ਭਾਵੇਂ ਭਾਰਤ ਉਨ੍ਹਾਂ 175 ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪਲਾ-ਸਟਿਕ ਪ੍ਰਦੂਸ਼ਣ ਨੂੰ ਘਟਾਉਣ ਲਈ ਮਤਾ ਪਾਸ ਕੀਤਾ ਹੈ। ਸੰਯੁਕਤ ਰਾਸ਼ਟਰ ਵਿਚ ਲਿਆਂਦਾ ਗਿਆ ਇਹ ਮਤਾ ਕਮਜ਼ੋਰ ਸੀ ਕਿਉਂਕਿ ਇਸ ਨੇ ਹਰੇਕ ਦੇਸ਼ ਨੂੰ ਆਪਣੇ ਟੀਚੇ ਤੈਅ ਕਰਨ ਦੀ ਆਜ਼ਾਦੀ ਦਿੱਤੀ ਸੀ। ਇਹ ਵੀ ਕਿਹਾ ਗਿਆ ਕਿ ਵਿਕਾਸ ਨੀਤੀਆਂ ਦੇ ਮੱਦੇਨਜ਼ਰ ਕੋਈ ਹੋਰ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਸੰਧੀ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਇਸ ਪਹੁੰਚ ਨੂੰ ਅਪਣਾਉਣਾ ਪੂਰੀ ਤਰ੍ਹਾਂ ਆਪਣੀ ਪਹਿਲਾਂ ਦੀ ਸਥਾਪਨਾ ਦੇ ਵਿਰੁੱਧ ਹੈ, ਕਿਉਂਕਿ ਭਾਰਤ ਨੇ 2019 ਵਿੱਚ ਹੋਈ ਅੰਤਰਰਾਸ਼ਟਰੀ ਵਾਤਾਵਰਣ ਕਾਨਫਰੰਸ ਵਿੱਚ ਇਸ ਤੱਥ ਨੂੰ ਉਜਾਗਰ ਕੀਤਾ ਸੀ।

ਆਖ਼ਰਕਾਰ, ਭਾਰਤ ਕਾਨੂੰਨੀ ਤੌਰ 'ਤੇ ਬੰਧਨ ਵਾਲੀ ਸੰਧੀ ਲਈ ਸਹਿਮਤ ਹੋਣਾ ਕੋਈ ਵੱਡੀ ਗੱਲ ਨਹੀਂ ਹੈ। ਪਰ ਇਸ ਤੱਥ ਦੇ ਮੱਦੇਨਜ਼ਰ ਕਿ ਸਾਡੀ ਵਿਧਾਨ ਸਭਾ ਅਤੇ ਕਾਰ-ਜਪਾਲਿਕਾ ਦੋਵੇਂ ਕੰਮ ਕਰਨ ਤੋਂ ਝਿਜਕਦੀਆਂ ਹਨ, ਇਸ ਸਾਲ ਦਾ ਬਜਟ ਪੂਰੀ ਤਰ੍ਹਾਂ ਵਾਤਾਵਰਣ ਵਿਰੋਧੀ ਜਾਪਦਾ ਹੈ।

> **ਧਰਤੀ 'ਤੇ ਜੀਵਾਂ ਦੇ ਬਚਾਅ ਲਈ ਸ਼ੁੱਧ ਵਾਤਾਵਰਨ ਦੀ ਲੋੜ ਹੈ**

ਜਿਵੇਂ ਕਿ ਛੱਤੀਸਗੜ੍ਹ ਦੇ ਵਿਸ਼ਾਲ ਹਸਦੇਓ ਰਿਜ਼ਰਵ ਵਿੱਚ ਮਾਈਨਿੰਗ ਦੀ ਇਜਾਜ਼ਤ ਦੇਣਾ, ਇਹ ਜਾਣਦੇ ਹੋਏ ਕਿ ਇਸ ਨਾਲ ਜੰਗਲ ਦਾ ਭਾਰੀ ਨੁਕਸਾਨ ਹੋਵੇਗਾ; ਪੰਜ ਦਹਾਕਿਆਂ ਦੀ ਪਾਬੰਦੀ ਤੋਂ ਬਾਅਦ ਘੋੜਿਆਂ ਦੇ ਵਪਾਰ ਦੇ ਹਿੱਤ ਵਿੱਚ ਸਦਨ ਵਿੱਚ ਕਾਨੂੰਨ ਪੇਸ਼ ਕਰਨਾ; ਜੰਗਲ ਦੇ ਭਾਰੀ ਨੁਕਸਾਨ ਦੀ ਕੀਮਤ 'ਤੇ ਕੋਂਕਣ ਰੇਲਵੇ ਦੇ ਇੱਕ ਹਿੱਸੇ ਦਾ ਨਿਰਮਾਣ; ਜ਼ਮੀਨ ਖਿਸਕਣ ਦੇ ਖਤਰੇ ਦੇ ਬਾਵਜੂਦ ਚਾਰ-ਧਾਮ ਸੜਕ ਦਾ ਚੌੜਾ ਹੋਣਾ ਸੁਭਾਵਿਕ ਤੌਰ 'ਤੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਭਾਰਤ ਕਿੱਥੇ ਪਹੁੰਚੇਗਾ, ਜਦੋਂ ਇਨ੍ਹਾਂ ਸਭ ਦੀ ਤਰ੍ਹਾਂ, ਪਲਾਸਟਿਕ ਨੂੰ ਘਟਾਉਣ ਦੇ ਲੰਬੇ ਸਮੇਂ ਦੇ ਹਿੱਤ ਵਿਕਾਸ ਜਾਂ ਕਾਰੋਬਾਰ ਕਰਨ ਵਿੱਚ ਆਸਾਨੀ ਨਾਲ ਪ੍ਰੇਰਿਤ ਹੋਣਗੇ। ਦੇ ਹਿੱਤਾਂ ਅੱਗੇ ਝੁਕਣਾ ਪਵੇਗਾ

ਇਸ ਤਰ੍ਹਾਂ ਦੇ ਹੋਰ ਵੀ ਕਈ ਸਵਾਲ ਮਨ ਵਿਚ ਆਉਂਦੇ ਹਨ। ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਅਜਿਹੇ 'ਚ ਜਦੋਂ ਜਲਵਾਯੂ ਸੰਕਟ ਦੇ ਪ੍ਰਭਾਵ ਤੇਜ਼ੀ ਨਾਲ ਸਾਹਮਣੇ ਆ ਰਹੇ ਹਨ ਤਾਂ ਯਕੀਨਨ ਸਾਡੇ ਕਈ ਸ਼ਹਿਰ ਹੋਰ ਖ਼ਤਰੇ 'ਚ ਹੋਣਗੇ। ਇਸ ਲਈ ਸਾਡੇ ਕੋਲ ਕਿਹੜਾ ਵਿਕਲਪ ਬਚੇਗਾ? ਜਦੋਂ ਆਰਥਿਕਤਾ ਲਈ ਪੰਜ ਲੱਖ ਕਰੋੜ ਰੁਪਏ ਦਾ ਟੀਚਾ ਰੱਖਿਆ ਗਿਆ ਹੈ, ਤਾਂ ਕੀ ਇਸ ਵਾਧੇ ਵਿੱਚ ਵਾਤਾਵਰਨ ਨੂੰ ਮਹੱਤਵ ਦਿੱਤਾ ਜਾਵੇਗਾ, ਜਿੱਥੇ ਇਹ ਮਨੁੱਖੀ ਇੱਛਾਵਾਂ, ਇੱਛਾਵਾਂ ਦੇ ਬਰਾਬਰ ਹੈ ਅਤੇ ਉਨ੍ਹਾਂ ਤੋਂ ਘੱਟ ਨਹੀਂ? ਕੀ ਭਾਰਤ ਵਾਤਾਵਰਣ ਨੂੰ ਬਚਾਉਣ ਦੇ ਯਤਨਾਂ ਵਿੱਚ ਪੂਰਾ ਭਾਗੀਦਾਰ ਹੋਵ-ੇਗਾ?

ਆਈਪੀਸੀਸੀ ਦੀ ਰਿਪੋਰਟ 'ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਕਿਹਾ ਕਿ ਇਹ ਮਨੁੱਖਤਾ ਦੇ ਦੁੱਖ ਦਾ ਇੱਕ ਵੱਡਾ ਸੂਚਕ ਹੈ ਅਤੇ ਜਲਵਾਯੂ ਸੰਕਟ ਦੀ ਅਸਫਲਤਾ ਦਾ ਪ੍ਰਤੀਕ ਹੈ। ਇਸ ਲਈ ਇਹ ਸੋਚਣਾ ਲਾਜ਼ਮੀ ਹੈ ਕਿ ਇਨ੍ਹਾਂ ਹਾਲਾਤਾਂ ਨੂੰ ਕਿਵੇਂ ਬਦਲਿਆ ਜਾਵੇ। ਇਹ ਤਬਦੀਲੀ ਸਾਡੀ ਸੋਚ ਤੋਂ ਸ਼ੁਰੂ ਹੋਵੇਗੀ, ਜਿੱਥੇ ਇਹ ਸਥਾਪਿਤ ਕੀਤਾ ਗਿਆ ਹੈ ਕਿ ਵਾਤਾਵਰਣ ਦੂਜਾ ਹੈ ਅਤੇ ਮਨੁੱਖੀ ਇੱਛਾਵਾਂ ਪਹਿਲਾਂ ਹਨ। ਜਦਕਿ ਸੱਚਾਈ ਇਸ ਦੇ ਉਲਟ ਜਾਪਦੀ ਹੈ। ਧਰਤੀ 'ਤੇ ਜੀਵਾਂ ਦੇ ਜਿਉਂਦੇ ਰਹਿਣ ਲਈ ਸ਼ੁੱਧ ਵਾਤਾਵਰਨ ਦੀ ਲੋੜ ਹੈ, ਇਸ ਗੱਲ ਨੂੰ ਹੁਣ ਸਮਝਣਾ ਪਵੇਗਾ।

ਜੇਕਰ ਸਮੱਸਿਆ ਕਾਨੂੰਨ ਜਾਂ ਇਸ ਨੂੰ ਲਾਗੂ ਕਰਨ ਦੀ ਹੈ, ਤਾਂ ਇਸ ਦਾ ਕਾਰਨ ਸਿੱਖਣ ਅਤੇ ਸਿੱਖਿਅਤ ਕੀਤੀ ਜਾ ਰਹੀ ਹੈ। ਇੱਕ ਖੋਜ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 1997 ਤੋਂ ਬਾਅਦ ਪੈਦਾ ਹੋਈ ਪੀੜ੍ਹੀ ਜਲਵਾਯੂ ਸੰਕਟ ਪ੍ਰਤੀ ਬਹੁਤ ਜਾਗਰੂਕ ਹੈ। ਇਸ ਲਈ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਬਹੁਤ ਜ਼ਰੂਰੀ ਹੈ, ਖਾਸ ਕਰਕੇ ਜੋ ਨੀਤੀਆਂ ਸਰਕਾਰਾਂ ਬਣਾ ਰਹੀਆਂ ਹਨ, ਉਨ੍ਹਾਂ ਪ੍ਰਤੀ ਜਾਗਰੂਕ ਹੋਣ ਦੀ ਵੀ ਲੋੜ ਹੈ।

ਆਰਥਿਕ ਲੋੜਾਂ ਅਤੇ ਰਾਜਨੀਤਿਕ ਲਾਭਾਂ ਨੂੰ ਇੱਕ-ਅਯਾਮੀ ਵਿਕਾਸ ਦੁਆਰਾ ਪਛਾੜ ਦਿੱਤਾ ਗਿਆ ਹੈ। ਮਾਹਰ ਅਤੇ ਆਲੋਚਕ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਜਲਵਾਯੂ ਸੰਕਟ ਹੁਣ ਲਗਭਗ ਵਿਨਾਸ਼ਕਾਰੀ ਹੈ। ਅਤੇ ਇਹ ਸਪੱਸ਼ਟ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਸਾਡੇ ਵੱਲੋਂ ਅਗਾਂਹਵਧੂ ਦੇਸ਼ ਹੋਣ ਦੇ ਬਹਾਨੇ ਕਮਜ਼ੋਰ ਨੀਤੀਆਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਪਲਾਸਟਿਕ ਦੀ ਵਰਤੋਂ ਘਟਾਉਣ ਬਾਰੇ ਤੱਥ ਸਾਹਮਣੇ ਆਏ ਹਨ, ਜੋ ਕੌਮੀ ਪੱਧਰ 'ਤੇ ਪਾਏ ਯੋਗਦਾਨ ਨੂੰ ਨਾਕਾਫ਼ੀ ਠਹਿਰਾਉਂਦੇ ਹਨ।

ਅਜਿਹੀ ਸਥਿਤੀ ਵਿੱਚ, ਸਵਾਲ ਪੁੱਛਿਆ ਜਾਣਾ ਸਧਾਰਨ ਹੈ ਕਿ ਜੇਕਰ ਸਾਡਾ ਧਿਆਨ ਜਲਵਾਯੂ ਸੰਕਟ ਦੇ ਅਨੁਕੂਲ ਹੋਣ ਦੀਆਂ ਪ੍ਰਕਿਰਿਆਵਾਂ 'ਤੇ ਨਹੀਂ ਹੈ, ਤਾਂ ਇਹ ਆਰਥਿਕ ਵਿਕਾਸ ਕਿਸ ਲਈ ਹੈ? ਇਹ ਸਥਿਤੀ ਮਨੁੱਖਤਾ ਦੀਆਂ ਤਰਜੀਹਾਂ ਬਾਰੇ ਕੀ ਕਹਿੰਦੀ ਹੈ ਜਦੋਂ ਬਚਾਅ ਦੀ ਬਹੁਤ ਸੰਭਾਵਨਾ ਸਵਾਲ ਵਿੱਚ ਹੈ? ਇਸ ਪ੍ਰਤੱਖ ਜਾਂ ਅਸਿੱਧੇ ਸੱਚ ਤੋਂ ਲੋਕਾਂ ਨੂੰ ਜਾਨ-ਮਾਲ ਦੇ ਖ਼ਤਰੇ ਤੋਂ ਸੁਚੇਤ ਕਰਨਾ ਅਤਿ ਜ਼ਰੂਰੀ ਜਾਪਦਾ ਹੈ, ਪਰ ਜਦੋਂ ਇਹ ਗੱਲ ਵਾਰ-ਵਾਰ ਸਾਹਮਣੇ ਆਉਂਦੀ ਹੈ ਕਿ ਹਰ ਚੀਜ਼ ਨੂੰ ਨਫ਼ੇ-ਨੁਕਸਾਨ ਦੇ ਹਿਸਾਬ ਨਾਲ ਤੋਲਿਆ ਜਾਂਦਾ ਹੈ, ਤਾਂ ਸਭ ਕੁਝ ਹਾਰਨ ਵਾਲੀ ਜੰਗ ਵਾਂਗ ਜਾਪਦਾ ਹੈ। .

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*




## ਸਰਕਾਰ ਨੇ ਸ਼ਹੀਦ ਸੁਖਦੇਵ ਥਾਪਰ ਟਰੱਸਟ ਦੀਆਂ ਮੰਗਾਂ ਮੰਨੀਆਂ



ਲੁਧਿਆਣਾ, 12 ਮਈ (ਪੋਸਟ ਬਿਊਰੋ)- ਇੱਥੇ ਨੌਘਰਾ ਮੁਹੱਲੇ ਵਿੱਚ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਥਾਪਰ ਦੇ ਜੱਦੀ ਘਰ ਦੇ ਸੁੰਦਰੀਕਰਨ ਲਈ ਪਿਛਲੇ ਅੱਠ ਦਿਨਾਂ ਤੋਂ ਚੱਲਦੀ ਭੁੱਖ ਹੜਤਾਲ ਦੇ ਮਾਮਲੇ ਵਿੱਚ ਕੱਲ੍ਹ ਆਖਰ ਸਰਕਾਰ ਜਾਗੀ ਤੇ ਸ਼ਹੀਦ ਸਖਦੇਵ ਥਾਪਰ ਮੈਮੋਰੀਅਲ ਟਰੱਸਟ ਦੀਆਂ ਤਿੰਨ ਮੰਗਾਂ ਮੰਨ ਲਈਆਂ। ਇਸ ਪਿੱਛੋਂ ਸਰਕਾਰ ਦੇ ਪ੍ਰਤੀਨਿਧੀ ਬਣ ਕੇ ਪੁੱਜੇ ਵਿਧਾਇਕ ਮਦਨ ਲਾਲ ਬੱਗਾ, ਅਸ਼ੋਕ ਪਰਾਸ਼ਰ ਪੱਪੀ ਤੇ ਕੁਲਵੰਤ ਸਿੱਧੂ ਨੇ ਮਹੰਤ ਨਾਰਾਇਣ ਦੀ ਅਗਵਾਈ ਹੇਠ ਟਰੱਸਟ ਦੇ ਪ੍ਰਧਾਨ ਤੇ ਹੋਰ ਲੋਕਾਂ ਦੀ ਭੁੱਖ ਹੜਤਾਲ ਖਤਮ ਕਰਵਾਈ।

ਇਸ ਟਰੱਸਟ ਦੇ ਪ੍ਰਧਾਨ ਅਸ਼ੋਕ ਥਾਪਰ ਨੇ ਦੱਸਿਆ ਕਿ ਤਿੰਨ ਵਿਧਾਇਕਾਂ, ਡਿਪਟੀ ਕਮਿਸ਼ਨਰ ਸੁਰਭੀ ਮਲਿਕ ਤੇ ਪੁਲਸ ਕਮਿਸ਼ਨਰ ਨੇ ਇਹ ਭਰੋਸਾ ਦਿੱਤਾ ਹੈ ਕਿ ਸ਼ਹੀਦ ਥਾਪਰ ਦੇ ਜੱਦੀ ਘਰ ਦੇ ਸੁੰਦਰੀਕਰਨ ਦਾ ਕੰਮ ਜਲਦੀ ਕੀਤਾ ਜਾਵੇਗਾ। ਇਸ ਦੇ ਨਾਲ ਚੌੜਾ ਬਾਜ਼ਾਰ ਵਿੱਚੋਂ ਸ਼ਹੀਦ ਥਾਪਰ ਦੇ ਘਰ ਨੂੰ ਸਿੱਧੇ ਰਸਤੇ ਲਈ ਵੀ ਅਧਿਕਾਰੀਆਂ ਦੀ ਡਿਊਟੀ ਲਾਈ ਗਈ ਹੈ। ਇਸ ਥਾਂਸੁੰਦਰੀਕਰਨ ਦਾ ਕੰਮ ਪੂਰਾ ਹੋਣ ਉਤੇ ਮੁੱਖ ਮੰਤਰੀ ਭਗਵੰਤ ਮਾਨ ਖੁਦ ਇਸ ਦਾ ਉਦਘਾਟਨ ਕਰਨ ਲਈ ਆਉਣਗੇ। ਅਸ਼ੋਕ ਥਾਪਰ ਨੇ ਇਨ੍ਹਾਂ ਮੰਗਾਂ ਦੇ ਮੰਨਣ ਉੱਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

## ਮੁਹਾਲੀ ਧਮਾਕਾ: ਰਾਕਟ ਨੂੰ ਇੱਟਾਂ ਦੇ ਥੜ੍ਹੇ ਉੱਤੇ ਰੱਖ ਕੇ ਚਲਾਇਆ ਗਿਆ ਸੀ

ਐਸ ਏ ਐਸ ਨਗਰ, 12 ਮਈ (ਪੋਸਟ ਬਿਊਰੋ)- 9 ਮਈ ਦੀ ਸ਼ਾਮ ਨੂੰ ਮੁਹਾਲੀ ਵਿਚਲੇ ਸਟੇਟ ਪੁਲਸ ਇੰਟੈਲੀਜੈਂਸ ਦੇ ਦਫ਼ਤਰ ਵਿੱਚ ਧਮਾਕਾ ਹੋਣ ਬਾਰੇ ਮੁਹਾਲੀ ਪੁਲਸ ਨੂੰ ਇਮਾਰਤ ਦੇ ਸਾਹਮਣੇ ਵਾਲੀ ਖਾਲੀ ਥਾਂ ਤੋਂ ਰਾਕਟ ਲਾਂਚਰ ਦੇ ਕੁਝ ਪੁਰਜੇ ਮਿਲੇ ਹਨ, ਜਿਸ ਬਾਰੇ ਪੁਲਸ ਅਗਲੀ ਜਾਂਚ ਕਰ ਰਹੀ ਹੈ।



ਜਾਣਕਾਰ ਸੂਤਰਾਂ ਅਨੁਸਾਰ ਪੁਲਸ ਤੇ ਹੋਰ ਏਜੰਸੀਆਂ ਦੀ ਮੁੱਢਲੀ ਪੜਤਾਲ ਤੋਂ ਇਹ ਗੱਲ ਸਪੱਸ਼ਟ ਹੋਈ ਹੈ ਕਿ ਹਮਲਾਵਰਾਂ ਨੇ ਉਕਤ ਖਾਲੀ ਥਾਂ ਉੱਤੇ ਪਹਿਲਾਂ ਇੱਟਾਂ ਦਾ ਥੜ੍ਹਾ ਬਣਾਇਆ ਤੇ ਉਸ ਥੜ੍ਹੇ ਤੋਂ ਇੰਟੈਲੀਜੈਂਸ ਦੀ ਇਮਾਰਤ ਉੱਤੇ ਰਾਕਟ ਦਾਗਿਆ। ਇਸ ਬਾਰੇ ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਧਮਾਕਾ ਹੁੰਦਾ ਦਿਖਾਈ ਦੇ ਰਿਹਾ ਹੈ। ਪੁਲਸ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵੀਡੀਓ ਵਿੱਚ ਧਮਾਕਾ ਹੋਣ ਸਮੇਂ ਉਥੋਂ ਨਿਕਲਦੀ ਕਾਰ ਵਿੱਚੋਂ ਕਿਸੇ ਨੇ ਧਮਾਕਾ ਨਹੀਂ ਕੀਤਾ। ਇਹ ਵੀਡੀਓ ਇੰਟੈਲੀਜੈਂਸ ਦੀ ਇਮਾਰਤ ਸਾਹ-ਮਣੇ ਪੈਂਦੇ ਨਿੱਜੀ ਹਸਪਤਾਲ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਤੋਂ ਲਈ ਗਈ ਹੈ।

ਇਸ ਦੌਰਾਨ ਉਚ ਪੱਧਰ ਦੇ ਅਧਿਕਾਰੀਆਂ ਵੱਲੋਂ ਨਿਸ਼ਾਨ ਸਿੰਘ ਵਾਸੀ ਤਰਨਤਾਰਨ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਧਮਾਕੇ ਬਾਰੇ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂੰ ਨੇ ਜੋ ਧਮਕੀ ਦੀ ਆਡੀਓ ਪਾਈ ਸੀ, ਮੁਹਾਲੀ ਪੁਲਸ ਦਾ ਸਾਈਬਰ ਸੈਲ ਇਸ ਦੀ ਵੀ ਜਾਂਚ ਕਰ ਰਿਹਾ ਹੈ ਕਿ ਪੰਨੂੰ ਵੱਲੋਂ ਇਸ ਹਮਲੇ ਸਬੰਧੀ ਲਈ ਜ਼ਿੰਮੇਵਾਰੀ ਵਿੱਚ ਕਿੰਨੀ ਕੁ ਸੱਚਾਈ ਹੈ। ਇਸੇ ਤਰ੍ਹਾਂ ਗੈਂਗਸਟਰ ਬਣਨ ਤੋਂ ਬਾਅਦ ਪਾਕਿ-ਸਤਾਨ ਭੱਜੇ ਹਰਵਿੰਦਰ ਸਿੰਘ ਉਰਫ ਰਿੰਦਾ ਦੀ ਵੀ ਇਸ ਹਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਹੋਣ ਬਾਰੇ ਮੁਹਾਲੀ ਪੁਲਸ ਵੱਖਰੇ ਤੌਰ ਉੱਤੇ ਜਾਂਚ ਕਰ ਰਹੀ ਹੈ।

## ਸ਼੍ਰੋਮਣੀ ਕਮੇਟੀ ਦੇ ਸਿੱਖਿਆ ਵਿਭਾਗ ਦੀ ਡਾਇਰੈਕਟਰ ਵੱਲੋਂ ਅਸਤੀਫ਼ਾ



ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖਿਆ ਵਿਭਾਗ ਦੀ ਡਾਇਰੈਕਟਰ ਡਾ. ਤੇਜਿੰਦਰ ਕੌਰ ਧਾਲੀਵਾਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਡਾ. ਧਾਲੀਵਾਲ ਨੇ ਅਸਤੀਫ਼ਾ ਦੇਣ ਦਾ ਕਾਰਨ ਬੇਸ਼ਕ ਘਰੇਲੂ ਸਮੱਸਿਆ ਅਤੇ ਸਿਹਤ ਦਾ ਠੀਕ ਨਾ ਹੋਣਾ ਦੱਸਿਆ ਹੈ, ਪ੍ਰੰਤੂ ਮਿਲੀ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਹੇਠ ਚਲਦੇ ਬਹੁਤੇ ਕਾਲਜਾਂ ਵਿੱਚ ਪਿਛਲੇ ਕਈ-ਕਈ ਮਹੀਨਿਆਂ ਤੋਂ ਸਟਾਫ ਨੂੰ ਤਨਖ਼ਾਹਾਂ ਨਹੀਂ ਮਿਲੀਆਂ। ਇੱਥੋਂ ਤਕ ਕੇ ਸੇਵਾ-ਮੁਕਤ ਹੋ ਰਹੇ ਸਟਾਫ਼ ਨੂੰ ਵੀ ਨਿਯਮਾਂ ਅਨੁਸਾਰ ਬਣਦੀਆਂ ਅਦਾਇਗੀਆਂ ਨਹੀਂ ਹੋ ਰਹੀਆਂ, ਜਿਸ ਕਾਰਨ ਮੁਲਾਜ਼ਮ ਡਾਇਰੈਕਟੋਰੇਟ ਤੋਂ ਵਿੱਤੀ ਲਾਭ ਲੈਣ ਲਈ ਪਿਛਲੇ ਲੰਮੇ ਸਮੇਂ ਤੋਂ ਵਾਰ-ਵਾਰ ਮੰਗ ਕਰ ਰਹੇਹਨ। ਜਦੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਸਿੱਖਿਆ ਸੁਖਮਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਾ. ਤੇਜਿੰਦਰ ਕੌਰ ਧਾਲੀਵਾਲ ਕੋਲ ਡਾਇਰੈਕਟਰ ਦਾ 'ਐਡੀਸ਼ਨਲ' ਚਾਰਜ ਸੀ, ਸੋ ਉਨ੍ਹਾਂ ਘਰੇਲੂ ਕਾਰਨਾਂ ਕਰ ਕੇਅਤੇ ਦੂਸਰਾ ਗੁਰੂ ਨਾਨਕ ਕਾਲਜ ਮੁਕਤਸਰ ਸਾਹਿਬ, ਜਿੱਥੇ ਉਹ ਪ੍ਰਿੰਸੀਪਲ ਹਨ, ਦੇ ਵਿਦਿਆਰਥੀਆਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ, ਉਸ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਉਨ੍ਹਾਂ ਨੇ ਡਾਇਰੈਕਟਰ ਦਾ ਅਹੁਦਾ ਛੱਡ ਦਿੱਤਾ ਹੈ।

## ਸੈਲਰੀ ਵੰਡ ਰਹੇ ਅਕਾਊਂਟੈਂਟਾਂ ਤੋਂ 15 ਲੱਖ ਰੁਪਏ ਲੁੱਟੇ



ਲੁਧਿਆਣਾ, 12 ਮਈ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਕੱਲ੍ਹਲੁਟੇਰਿਆਂ ਨੇ ਦਿਨ ਦੀਵੀਂ ਗੋਲੀਆਂ ਚਲਾ ਕੇ ਫੋਕਲ ਪਵਾਇੰਟ ਦੀ ਇੱਕ ਫੈਕਟਰੀ ਤੋਂ 15 ਲੱਖ ਦੀ ਲੁੱਟ ਕੀਤੀ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਫੋਕਲ ਪਵਾਇੰਟ ਦੇ ਕੇਸ-7 ਵਿੱਚ ਫਾਰੇਨਹੀਟ ਕਲੋਥਿੰਕ ਇੰਡੀਆ ਪ੍ਰਾਈਵੇਟ ਲਿਮਿਟਡ ਦੇ ਨਾਮ ਦੀ ਫੈਕਟਰੀ ਵਿੱਚ ਕੱਪੜੇ ਦਾ ਕਾਰੋਬਾਰ ਹੁੰਦਾ ਹੈ। ਹਰ ਮਹੀਨੇ 10 ਜਾਂ 11 ਤਰੀਖ ਨੂੰ ਫੈਕਟਰੀ ਦੇ ਮਜ਼ਦੂਰਾਂ ਨੂੰ ਤਨਖ਼ਾਹ ਦਿੱਤੀ ਜਾਂਦੀ ਹੈ। ਕੱਲ੍ਹ ਫੈਕਟਰੀ ਦੇ ਅਕਾਊਂਟੈਂਟ ਅਰੁਣ ਕੁਮਾਰ ਅਤੇ ਪ੍ਰਦੀਪ ਕੁਮਾਰ ਨੇ ਬੈਂਕ ਤੋਂ 18 ਲੱਖ ਰੁਪਏ ਨਕਦੀ ਕੱਢਵਾਈ ਸੀ ਤਾਂਕਿ ਮਜ਼ਦੂਰਾਂ ਨੂੰ ਤਨਖ਼ਾਹ ਦਿੱਤੀ ਜਾ ਸਕੇ।ਦੁਪਹਿਰੇ ਕਰੀਬ ਡੇਢ ਵਜੇ ਪਹਿਲੀ ਮੰਜ਼ਿਲ ਉੱਤੇ ਆਪਣੇ ਦਫ਼ਤਰ ਵਿੱਚ ਦੋਨੋਂ ਅਕਾਊਂਟੈਂਟ ਮਜ਼ਦੂਰਾਂ ਨੂੰ ਤਨਖ਼ਾਹ ਵੰਡ ਰਹੇ ਸੀ ਤਾਂ ਦੋ ਬਾਈਕਾਂ ਉੱਤੇ ਛੇ ਲੁਟੇਰੇ ਫੈਕਟਰੀ ਦੇ ਬਾਹਰ ਆਏ, ਜਿਨ੍ਹਾਂ ਨੇ ਮੂੰਹ ਕੱਪੜੇ ਨਾਲ ਢੱਕੇ ਹੋਏਅਤੇ ਲੁੱਟ ਕੇ ਫਰਾਰ ਹੋ ਗਏ।

## ਸਰਕਾਰੀ ਵਕੀਲਾਂ ਦੀ ਟੀਮ ਬਹਿਬਲ ਕਲਾਂ ਇਨਸਾਫ਼ ਮੋਰਚੇ ਕੋਲ ਪੁੱਜੀ

ਕੋਟਕਪੂਰਾ, 12 ਮਈ (ਪੋਸਟ ਬਿਊਰੋ)- ਬੇਅਦਬੀ ਕੇਸਾਂ ਦੇ ਇਨਸਾਫ਼ ਲਈ ਬਹਿਬਲ ਕਲਾਂ ਮੋਰਚੇ ਵਿੱਚ ਬੈਠੇ ਪੀੜਤ ਪਰਵਾਰਾਂ ਦੀ ਚੌਥੇ ਮੁੱਖ ਮੰਤਰੀ ਤੋਂ ਵੀ ਇਨਸਾਫ਼ ਦੀ ਆਸ ਮੱਧਮ ਹੁੰਦੀ ਜਾਂਦੀ ਹੈ ਕਿਉਂਕਿ ਦੋ ਪੀੜਤ ਪਰਵਾਰਾਂ ਵਿੱਚੋਂ ਇੱਕ ਪਰਵਾਰ ਨੇ ਇਸ ਸਰਕਾਰ ਤੋਂ ਵੀ ਇਨਸਾਫ਼ ਦੀ ਆਸ ਛੱਡ ਦਿੱਤੀ ਹੈ, ਪਰ ਦੂਜੇ ਪਰਵਾਰ ਨੂੰ ਅਜੇ ਇਨਸਾਫ਼ ਦੀ ਆਸ ਹੈ ਤੇ ਉਹ ਆਮ ਆਦਮੀ ਪਾਰਟੀ ਸਰਕਾਰ ਦੀ ਕਾਰਵਾਈ ਨੂੰ ਸਹੀ ਦਿਸ਼ਾ ਵੱਲ ਜਾਂਦੀ ਦੱਸਦਾ ਹੈ।

ਵਰਨਣ ਯੋਗ ਹੈ ਕਿ ਬੇਅਦਬੀ ਕੇਸਾਂ ਦੇ ਇਨਸਾਫ਼ ਲਈ ਪੀੜਤ ਪਰਵਾਰਾਂ ਨੇ ਬਹਿਬਲ ਕਲਾਂ ਵਿਖੇ ਦਿਨ ਰਾਤ ਦਾ ਪੱਕਾ ਮੋਰਚਾ ਲਾਇਆ ਹੋਇਆ ਹੈ ਤੇ ਪਿਛਲੇ ਮਹੀਨੇ 6 ਅਪ੍ਰੈਲ ਨੂੰ ਜਲਦ ਇਨਸਾਫ਼ ਦੀ ਮੰਗ ਲਈ ਮੋਰਚੇ ਨੇ ਅਨੇਕਾਂ ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ ਤੇ ਪੰਥਦਰਦੀਆਂ ਦੇ ਸਹਿਯੋਗ ਨਾਲ ਨੈਸ਼ਨਲ ਹਾਈਵੇ ਨੰਬਰ 54 ਦੀ ਆਵਾਜਾਈ ਮੁਕੰਮਲ ਠੱਪ ਕਰ ਦਿੱਤੀ ਸੀ ਤਾਂ ਐਡਵੋਕੇਟ ਜਨਰਲ ਪੰਜਾਬ ਵੱਲੋਂ ਭੇਜੀ ਵਕੀਲਾਂ ਦੀ ਟੀਮ ਨੇ ਤਿੰਨ ਮਹੀਨਿਆਂ ਅੰਦਰ ਨਿਆਂ ਦੇਣ ਦਾ ਵਾਅਦਾ ਕਰਦਿਆਂ ਕਿਹਾ ਸੀ ਕਿ ਉਹ ਹਰ ਮਹੀਨੇ 10 ਤਰੀਕ ਨੂੰ ਪ੍ਰੋਗਰੈਸ ਰਿਪੋਰਟ ਪੇਸ਼ ਕਰਨਗੇ। ਕੱਲ੍ਹ ਸਹਾਇਕ ਐਡਵੋਕੇਟ ਜਨਰਲ ਸੰਤੋਖਇੰਦਰ ਸਿੰਘ ਨਾਭਾ ਦੀ ਅਗਵਾਈ ਵਾਲੀ ਟੀਮ ਨੇ ਵਿਸ਼ਵਾਸ ਦਿੱਤਾ ਕਿ ਸਰਕਾਰ ਵੱਲੋਂ ਯਤਨ ਜਾਰੀ ਹਨ ਤੇ ਦੋ ਮਹੀਨਿਆਂ ਦੇ ਅੰਦਰ ਦੋਸ਼ੀਆਂ ਨੂੰ ਸਜ਼ਾਵਾਂ ਤੇ ਪੀੜਤ ਪਰਵਾਰਾਂ ਨੂੰ ਇਨਸਾਫ਼ ਮਿਲਣਾ ਤੈਅ ਹੈ।ਵਕੀਲਾਂ ਦੇ ਵਫ਼ਦ ਦੀ ਗੱਲ ਸੁਣਨ ਤੋਂ ਬਾਅਦ ਸਿੱਖ ਸੰਗਤਾਂ ਦੇ ਵਕੀਲ ਹਰਪਾਲ ਸਿੰਘ ਖਾਰਾ ਨੇ ਸੰਤੁਸ਼ਟੀ ਜਾਹਰ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰ ਖ਼ੁਦ ਚੱਲ ਕੇ ਧਰਨੇ ਵਿੱਚ ਆਉਂਦੀ ਹੈ ਅਤੇ ਆਪਣੇ ਕੀਤੇ ਹੋਏ ਵਾਅਦੇ ਮੁਤਾਬਕ ਇੱਕ ਮਹੀਨੇ ਦੀ ਪ੍ਰੋਗਰੈਸ ਰਿਪੋਰਟ ਸੰਗਤ ਦੇ ਸਾਹਮਣੇ ਰੱਖਦੀ ਹੈ।




## ਹਾਦਸਿਆਂ ਵਿੱਚ ਮੌਤ ਦਰ ਘਟਾਉਣ ਲਈ ਪੰਜਾਬ ਵਿੱਚ ਸੀ ਸੀ ਟੀ ਵੀ ਕੈਮਰੇ ਲਾਏ ਜਾਣਗੇ

ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਹੈ ਕਿ ਸੜਕ ਹਾਦਸਿਆਂ ਵਿੱਚ ਮੌਤ ਦਰ ਘਟਾਉਣ ਲਈ ਸੜਕਾਂ ਉੱਤੇ ਸੀ ਸੀ ਟੀ ਵੀ ਕੈਮਰੇ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਵਾਜਾਈ ਕੰਟਰੋਲ ਕਰਨ ਅਤੇ ਸੜਕ ਹਾਦਸਿਆਂ ਦੌਰਾਨ ਮੌਤਾਂ ਘਟਾਉਣ ਲਈ ਸੁਪਰੀਮ ਕੋਰਟ ਦੀ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਹੂ-ਬ-ਹੂ ਲਾਗੂ ਕਰੇਗੀ ਤਾਂ ਕਿ ਲੋਕਾਂ ਦੀ ਭਲਾਈ ਹੋ ਸਕੇ।



ਕੱਲ੍ਹ ਏਥੇ ਪੰਜਾਬ ਭਵਨ ਵਿਖੇ ਸੜਕ ਸੁਰੱਖਿਆ ਟਰੈਫਿਕ ਪ੍ਰਬੰਧਾਂ ਤੇ ਸੜਕ ਸੁਰੱਖਿਆ ਦੀ ਜਾਇਜ਼ਾ ਮੀਟਿੰਗ ਮੌਕੇ ਟਰਾਂਸਪੋਰਟ ਮੰਤਰੀ ਨੇ ਪ੍ਰਿੰਸੀਪਲ ਸੈਕਟਰੀ ਨੂੰ ਆਦੇਸ਼ ਦਿੱਤੇ ਕਿ ਉਹ ਸੀ ਸੀ ਟੀ ਵੀ ਕੈਮਰੇ ਲਾਉਣ ਦਾ ਪ੍ਰੋਜੈਕਟ ਦਾ ਖਰਜ਼ਾ ਤੁਰੰਤ ਤਿਆਰ ਕਰਾਉਣ। ਭੁੱਲਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸੜਕ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ ਨੂੰ ਮੁੱਢਲੇ ਪੜਾਅ ਦੌਰਾਨ ਪੰਜਾਹ ਫੀਸਦੀ ਤਕ ਘਟਾਉਣ ਲਈ ਸਖਤ ਕਦਮ ਚੁੱਕਣ ਜਿਵੇਂ ਕਿ ਆਟੋਮੈਟਿਕ ਡਰਾਈਵਿੰਗ ਟੈਸਟ ਸਟੇਸ਼ਨਾਂ ਰਾਹੀਂ ਡਰਾਈਵਿੰਗ ਲਾਇਸੈਂਸ ਬਣਾਉਣਾ, ਤਸਦੀਕ ਅਤੇ ਜਾਰੀ ਕਰਨਾ ਹੈ।ਸਰਕਾਰੀ ਟਰਾਂਸਪੋਰਟ ਤੇ ਮਾਲ ਢੋਣ ਵਾਲੇ ਵਾਹਨਾਂ ਦੇ ਡਰਾਈਵਰਾਂ ਨੂੰ ਹੈਵੀ ਡਰਾਵਿੰਗ ਲਾਇਸੈਂਸ ਜਾਰੀ ਕਰਨ ਦੀ ਸਖਤੀ ਨਾਲ ਜਾਂਚ ਕੀਤੀ ਜਾਵੇ ਤੇ ਵਾਹਨਾਂ ਦੇ ਪਾਸਿੰਗ ਸਿਸਟਮ ਨੂੰ ਮਜ਼ਬੂਤ ਕੀਤਾ ਜਾਵੇ, ਕਿਉਂ ਜੋ ਵਾਹਨਾਂ ਦੀ ਮਾੜੀ ਹਾਲਤ ਵੀ ਹਾਦਸਿਆਂ ਦਾ ਕਾਰਨ ਬਣਦੀ ਹੈ। ਉਨ੍ਹਾਂ ਐਨ ਐਚ ਏ ਆਈ (ਨੈਸ਼ਨਲ ਹਾਈਵੇ ਅਥਾਰਟੀ), ਲੋਕ ਨਿਰਮਾਣ, ਸਥਾਨਕ ਸਰਕਾਰਾਂ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਨੈਸ਼ਨਲ ਹਾਈਵੇਜ਼, ਸਟੇਟ ਹਾਈਵੇਜ਼, ਨਗਰ ਨਿਗਮ ਦੀਆਂ ਸੜਕਾਂ ਤੇ ਹੋਰ ਪ੍ਰਮੁੱਖ ਸੜਕਾਂ ਉੱਤੇ 792 ਤੋਂ ਵੱਧ ਦੁਰਘਟਨਾ ਵਾਲੀਆਂ ਥਾਵਾਂ ਨੂੰ ਠੀਕ ਕਰਨ ਦੇ ਨਿਰਦੇਸ਼ ਦਿੱਤੇ।

## ਬੀਬੀ ਭੱਠਲ ਨੇ 40 ਸਾਲ ਪੁਰਾਣਾ ਨਾਜਾਇਜ਼ ਕਬਜ਼ਾ ਛੱਡਿਆ

ਲਹਿਰਾਗਾਗਾ, 11 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਅੰਦਰ ਸਰਕਾਰੀ ਥਾਵਾਂ ਉਪਰ ਕੀਤੇ ਨਾਜਾਇਜ਼ ਕਬਜ਼ੇ ਛੁਡਵਾਉਣ ਲਈ ਚਲਾਈ ਮੁਹਿੰਮ ਦੇ ਹੁੰਗਾਰੇ ਵਜੋਂ ਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਸ਼ਹਿਰ ਵਿਚਲੀ ਆਪਣੀ ਕੋਠੀ ਦੇ ਬਾਹਰ ਮੁੱਖ ਮਾਰਗ ਦਿਆਲਪੁਰਾ ਰਜਬਾਹੇ ਦੇ ਇੱਕ ਪਾਸੇ ਰਾਹ ਉੱਤੇ 40 ਸਾਲ ਪਹਿਲਾਂ ਕੀਤਾ ਨਾਜਾਇਜ਼ ਕਬਜ਼ਾ ਕੱਲ੍ਹ ਬਾਅਦ ਦੁਪਹਿਰੇਛੱਡ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਮਜ਼ਦੂਰਾਂ ਵੱਲੋਂ ਰਸਤੇ ਉੱਤੇ ਬਣਾਈ ਕੰਧ ਦੇ ਨਾਲ ਬਣੇ ਦੋ ਕਮਰਿਆਂ ਨੂੰ ਢਾਹਿਆ ਗਿਆ ਹੈ। ਪਿਛਲੇ ਲੰਬੇ ਸਮੇਂ ਤੋਂ ਬੰਦ ਪਏ ਰਸਤੇ ਦੇ ਖੁੱਲ੍ਹਣ ਨਾਲ ਲੋਕਾਂ ਵਿੱਚ ਖ਼ੁਸ਼ੀ ਪਾਈ ਹੈ ਕਿ ਸ਼ਹਿਰ ਵਾਸੀਆਂ ਨੂੰ ਕਰੀਬ 40 ਸਾਲ ਬਾਅਦ ਉਸ ਰਸਤੇ ਉੱਤੇ ਸਫ਼ਰ ਕਰਨ ਦਾ ਮੌਕਾ ਮਿਲੇਗਾ। ਇਸ ਬਾਰੇ ਬੀਬੀ ਭੱਠਲ ਦਾ ਕਹਿਣਾ ਹੈ ਕਿ ਉਨ੍ਹਾਂ ਕੋਈ ਨਾਜਾਇਜ਼ ਕਬਜ਼ਾ ਨਹੀਂ ਕੀਤਾ ਸੀ, ਸੁਰੱਖਿਆ ਕ੍ਰਮਚਾਰੀਆਂ ਲਈ ਕਮਰਾ ਬਣਾਇਆ ਸੀ। ਪਿਛਲੇ ਸਮੇਂ ਕਾਂਗਰਸ ਦੀ ਸਰਕਾਰ ਦੌਰਾਨ ਵੀ ਉਨ੍ਹਾਂ ਨਗਰ ਕੌਂਸਲ ਦੀ ਪ੍ਰਧਾਨ ਨੂੰ ਉਕਤ ਥਾਂ ਉਪਰ ਸੜਕ ਬਣਾਉਣ ਲਈ ਕਿਹਾ ਸੀ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਉਹ ਸੜਕ ਨਹੀਂ ਸੀ ਬਣ ਸਕੀ।

## ਨਿਜ਼ਾਮਪੁਰ ਕਤਲ ਕੇਸ: ਬਰਜਿੰਦਰ ਪਰਵਾਨਾ ਨੂੰ ਕਪੂਰਥਲਾ ਪੁਲਸ ਨੇ ਵੀ ਨਾਮਜ਼ਦ ਕੀਤਾ


ਕਪੂਰਥਲਾ, 12 ਮਈ (ਪੋਸਟ ਬਿਊਰੋ)- ਬੀਤੇ ਸਾਲ 18-19 ਦਸੰਬਰ ਰਾਤ ਪਿੰਡ ਨਿਜ਼ਾਮਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਆਏ ਇੱਕ ਲੜਕੇ ਦੀ ਕੁੱਟ-ਕੁੱਟ ਕੇ ਹੱਤਿਆ ਕਰਨ ਦੇ ਮਾਮਲੇ ਵਿੱਚ ਕੱਲ੍ਹ ਵੱਡਾ ਮੋੜ ਆਇਆ, ਜਦੋਂ ਪਟਿਆਲਾ ਹਿੰਸਾ ਦੇ ਦੋਸ਼ੀ ਬਰਜਿੰਦਰ ਸਿੰਘ ਪਰਵਾਨਾ ਨੂੰ ਥਾਣਾ ਕੋਤਵਾਲੀ ਦੀ ਪੁਲਸ ਨੇ ਨੌਜਵਾਨ ਦੇ ਕਤਲ ਕੇਸ ਵਿੱਚ ਨਾਮਜ਼ਦ ਕਰ ਕੇ ਉਸ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਰੋਪੜ ਜੇਲ੍ਹ ਤੋਂ ਗ੍ਰਿਫ਼ਤਾਰ ਕਰ ਲਿਆ।



ਵਰਨਣ ਯੋਗ ਹੈ ਕਿ ਬੀਤੇ ਸਾਲ 18-19 ਦਸੰਬਰ ਰਾਤ ਨੂੰ ਕਪੂਰਥਲਾ-ਸੁਭਾਨਪੁਰ ਮਾਰਗਦੇ ਪਿੰਡ ਨਿਜ਼ਾਮਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਇੱਕ 14-15 ਸਾਲ ਦਾ ਲੜਕਾ ਆਇਆ ਸੀ, ਜਿਸ ਨੂੰ ਓਥੋਂ ਦੇ ਸੇਵਾਦਾਰ ਅਮਰਜੀਤ ਸਿੰਘ ਨੇ ਫੜ ਲਿਆ ਅਤੇ ਕਾਫ਼ੀ ਕੁੱਟਮਾਰ ਕੀਤੀ ਸੀ, ਜਿਸ ਨਾਲ ਉਸ ਦੀ ਮੌਕੇ ਉੱਤੇ ਮੌਤ ਹੋ ਗਈ ਸੀ। ਇਸ ਬਾਰੇਕਪੂਰਥਲਾ ਪੁਲਸ ਨੇ ਕਤਲ ਦਾ ਕੇਸ ਦਰਜ ਕਰਕੇ ਅਮਰਜੀਤ ਸਿੰਘ ਤੇ ਉਸਦੇ ਸਾਥੀ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ।ਬਰਜਿੰਦਰ ਸਿੰਘਪਰਵਾਨਾ ਨੂੰ ਨਿਜ਼ਾਮਪੁਰ ਦੀ ਘਟਨਾ ਵਾਲੇ ਦਿਨ ਫੇਸਬੁੱਕ ਉੱਤੇ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਿੱਚੋਂ ਫੜੇ ਗਏ ਨੌਜਵਾਨ ਨੂੰ ਕਰਾਰਾ ਸਬਕ ਸਿਖਾਉਣ ਅਤੇ ਉਸ ਨੂੰ ਮਾਰਨ ਦੀਆਂ ਗੱਲਾਂ ਕਹਿਣ ਬਦਲੇ ਇਸ ਹੱਤਿਆ ਦੇ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ।

## ਹਾਈ ਕੋਰਟ ਵੱਲੋਂ ਤੇਜਿੰਦਰਪਾਲ ਬੱਗਾ ਦੀ ਗ੍ਰਿਫ਼ਤਾਰੀ ਉੱਤੇ ਰੋਕ

ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਰੇ ਟਵਿੱਟਰ ਉੱਤੇ ਟਿੱਪਣੀ ਕਰਨ ਦੇ ਕੇਸ ਵਿੱਚ ਫੱਸੇ ਦਿੱਲੀ ਦੇ ਭਾਜਪਾ ਆਗੂ ਤੇਜਿੰਦਰਪਾਲ ਸਿੰਘ ਬੱਗਾ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਰਾਹਤ ਦਿੱਤੀ ਅਤੇ ਉਸ ਦੀ ਗ੍ਰਿਫ਼ਤਾਰੀ ਉੱਤੇ ਅਗਲੀ ਸੁਣਵਾਈ 6 ਜੁਲਾਈ ਤਕ ਰੋਕ ਲਾ ਦਿੱਤੀ ਹੈ।




ਹਾਈ ਕੋਰਟ ਦੇ ਹੁਕਮ ਮੁਤਾਬਕ ਇਸ ਦੌਰਾਨ ਤੇਜਿੰਦਰਪਾਲ ਸਿੰਘ ਬੱਗਾ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ, ਪਰ ਪੰਜਾਬ ਪੁਲਸ ਉਸ ਨੂੰ ਸਾਈਬਰ ਥਾਣਾ ਮੁਹਾਲੀ ਨਹੀਂ ਬੁਲਾ ਸਕੇਗੀ, ਸਗੋਂ ਦਿੱਲੀ ਉਸ ਦੇ ਘਰ ਦੋ ਵਾਰ ਜਾ ਕੇ ਇੱਕ-ਇੱਕ ਘੰਟਾ ਪੁੱਛਗਿੱਛ ਕਰ ਸਕੇਗੀ ਤੇ ਉਹ ਵੀ ਬੱਗਾ ਦੇ ਵਕੀਲ ਦੀ ਮੌਜੂਦਗੀ ਵਿੱਚ। ਮੁਹਾਲੀ ਅਦਾਲਤ ਨੇ ਬੱਗਾ ਦੇ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਸੀ, ਜਿਸ ਨੂੰ ਬੱਗਾ ਨੇ ਹਾਈ ਕੋਰਟ ਵਿੱਚ ਉਸੇ ਦਿਨ ਚੁਣੌਤੀ ਦਿੱਤੀ ਸੀ ਤੇ ਜਸਟਿਸ ਅਨੂਪ ਚਿਤਕਾਰਾ ਦੇ ਸੈਕਟਰ-24 ਦੀ ਰਿਹਾਇਸ਼ ਉੱਤੇ ਕੈਂਪ ਆਫ਼ਿਸ ਵਿੱਚ ਦੇਰ ਰਾਤ ਸੁਣਵਾਈ ਪਿੱਛੋਂ ਜੱਜ ਨੇ ਗ੍ਰਿਫ਼ਤਾਰੀ ਉੱਤੇ ਰੋਕ ਲਾ ਦਿੱਤੀ ਸੀ। ਵਕੀਲਾਂ ਨੇ ਰਾਜਸਥਾਨ ਵਿੱਚ ਪੰਜਾਬ ਪੁਲਸ ਉੱਤੇ ਦਰਜ ਪਰਚੇ ਦਾ ਹਵਾਲਾ ਵੀ ਦਿੱਤਾ ਕਿ ਪੰਜਾਬ ਪੁਲਸ ਕਿੱਦਾਂ ਧੱਕਾ ਕਰਦੀ ਹੈ। ਪੰਜਾਬ ਸਰਕਾਰ ਨੇ ਦਿੱਲੀ ਪੁਲਸ ਨੂੰ ਧਿਰ ਬਣਾਉਣ ਦੀ ਅਰਜੀ ਪੇਸ਼ ਕੀਤੀ ਸੀ ਤੇ ਨਾਲ ਜਨਕਪੁਰੀ ਥਾਣੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਪੇਸ਼ ਕਰਨ ਦੀ ਮੰਗ ਕੀਤੀ ਸੀ।

## ਐੱਨ ਆਰ ਆਈਜ਼ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਦੇ ਲਈ ਛੇ ਏਕੜ ਫਸਲ ਨੂੰ ਅੱਗ ਲਾ ਦਿੱਤੀ

ਜਲੰਧਰ, 11 ਮਈ (ਪੋਸਟ ਬਿਊਰੋ)- ਭੋਗਪੁਰ ਦੇ ਪਿੰਡ ਪੰਡੋਰੀ ਨਿੱਝਰਾਂ ਵਿੱਚ ਕੁਝ ਲੋਕਾਂ ਨੇ ਐਨ ਆਰ ਆਈਜ਼ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਲਈ ਛੇ ਏਕੜ ਫਸਲ ਨੂੰ ਅੱਗ ਲਾ ਦਿੱਤੀ। ਉਸਦਾ ਕਹਿਣਾ ਹੈ ਕਿ ਪਹਿਲਾਂ ਵੀ ਉਨ੍ਹਾਂ ਲੋਕਾਂ ਦੇ ਖ਼ਿਲਾਫ਼ ਸ਼ਿਕਾਇਤਾਂ ਦਿੱਤੀਆਂ ਸਨ, ਪਰ ਕੋਈ ਸੁਣਵਾਈ ਨਹੀਂ ਹੋਈ।


ਨਵਸ਼ਰਨ ਕੌਰ ਪਤਨੀ ਤਰਨ-ਤੇਜ ਸਿੰਘ ਵਾਸੀ ਪੰਡੋਰੀ ਨਿੱਝਰਾਂ ਨੇ ਦੱਸਿਆ ਕਿ ਇੰਗਲੈਂਡ ਰਹਿੰਦੇ ਐਨ ਆਰ ਆਈਜ਼ ਹਰਭਜਨ ਕੌਰ, ਜੋਗਿੰਦਰ ਸਿੰਘ ਤੇ ਜਗਦੀਪ ਸਿੰਘ ਦੀਪਿੰਡ ਵਿੱਚ 47 ਕਨਾਲ 15 ਮਰਲੇ ਜ਼ਮੀਨ ਹੈ। ਪਹਿਲਾਂ ਉਸ ਦਾ ਪਤੀ ਇਸ ਜ਼ਮੀਨ ਉੱਤੇ ਖੇਤੀਬਾੜੀ ਕਰਦਾ ਸੀ, ਉਸ ਦੀ ਮੌਤ ਮਗਰੋਂ ਐਨ ਆਰ ਆਈਜ਼ ਨੇ ਉਸ ਨੂੰ ਪਾਵਰ ਆਫ ਅਟਾਰਨੀ ਦੇ ਦਿੱਤੀ।ਦੋਸ਼ ਹੈ ਕਿ ਆਦਮਪੁਰ ਦੇ ਇੱਕ ਵਿਅਕਤੀ ਨੇ ਕਿਸੇ ਪੁਲਸ ਅਧਿਕਾਰੀ ਦੇ ਨਾਂ ਉੱਤੇ ਬੈਨਾਮਾ ਬਣਵਾ ਦਿੱਤਾ ਅਤੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜ਼ਮੀਨ ਪੁਲਸ ਅਧਿਕਾਰੀ ਨੇ ਖਰੀਦ ਲਈ ਹੈ। ਫਿਰ ਇਹ ਲੋਕ ਜ਼ਮੀਨ ਉੱਤੇ ਕਬਜ਼ਾ ਕਰਨ ਦਾ ਯਤਨ ਕਰਦੇ ਤੇ ਧਮਕਾਉਂਦੇ ਹਨ। ਨਵਸ਼ਰਨ ਕੌਰ ਨੇ ਕਿਹਾ ਕਿ 8 ਮਈ ਨੂੰ ਕੁਝ ਲੋਕ ਸਵਿਫਟ ਕਾਰ ਵਿੱਚ ਆਏਤੇ ਗੰਨੇ ਦੀ ਫਸਲ ਨੂੰ ਅੱਗ ਲਾ ਦਿੱਤੀ। ਉਹ ਮੌਕੇ ਉੱਤੇ ਪੁੱਜੇ ਤਾਂ ਉਨ੍ਹਾਂ ਉਸ ਨੂੰ ਦੁਬਾਰਾ ਧਮਕਾਇਆ, ਅੱਗ ਲੱਗਣ ਨਾਲ ਛੇ ਏਕੜ ਗੰਨੇ ਦੀ ਫਸਲ ਸੜ ਗਈ।



# ਪਾਕਿਸਤਾਨ ਵੀ ਭਾਰਤ ਨਾਲ ਕਾਰੋਬਾਰੀ ਰਿਸ਼ਤੇ ਸੁਧਾਰਨ ਲੱਗਾ !

*** ਨਵੀਂ ਦਿੱਲੀ ਹਾਈ ਕਮਿਸ਼ਨ ਵਿੱਚ ਟ੍ਰੇਡ ਮਨਿਸਟਰ ਲਾਇਆ**



ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਪਾਕਿਸਤਾਨ ਦੀ ਸ਼ਾਹਬਾਜ਼ ਸ਼ਰੀਫ ਸਰਕਾਰ ਨੇ ਭਾਰਤ ਦੇ ਨਾਲ ਕਾਰੋਬਾਰੀ ਰਿਸ਼ਤਿਆਂ ਨੂੰ ਲੀਹ ਉੱਤੇ ਲਿਆਉਣ ਦਾ ਇੱਕ ਨਵਾਂ ਸੁਖਾਵਾਂ ਸੰਕੇਤ ਦਿੱਤਾ ਹੈ। ਉਸ ਨੇ ਨਵੀਂ ਦਿੱਲੀ ਵਿਚਲੇ ਆਪਣੇ ਹਾਈ ਕਮਿਸ਼ਨ ਵਿੱਚ ਪੰਜ ਸਾਲਾਂ ਬਾਅਦ ਟ੍ਰੇਡ ਮਨਿਸਟਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਅਹੁਦੇ ਉੱਤੇ ਕਮਰ ਜ਼ਮਾ ਦੀ ਨਿਯੁਕਤੀਨੂੰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਅਗਵਾਈ ਵਿੱਚ ਹੋਈ ਕੈਬਨਿਟ ਬੈਠਕ ਵਿੱਚ ਮਨਜ਼ੂਰੀ ਦੇ ਦਿੱਤੀ ਗਈ। ਜਾਣਕਾਰ ਮੰਨਦੇ ਹਨ ਕਿ ਆਰਥਿਕ ਸੰਕਟ ਨਾਲ ਜੂਝ ਰਿਹਾ ਪਾਕਿਸਤਾਨ ਭਾਰਤ ਨਾਲ ਕਾਰੋਬਾਰੀ ਰਿਸ਼ਤਿਆਂ ਨੂੰ ਅੱਗੇ ਵਧਾਉਣ ਦੇ ਮਕਸਦ ਨਾਲ ਇਹ ਕਦਮ ਚੁੱਕ ਰਿਹਾ ਹੈ, ਪਰ ਪਾਕਿਸਤਾਨ ਦੇ ਵਪਾਰ ਮੰਤਰਾਲੇ ਨੇ ਇਸ ਤੋਂ ਇਨਕਾਰ ਕੀਤਾ ਤੇ ਕਿਹਾ ਹੈ ਕਿ ਭਾਰਤ ਸਮੇਤ 46 ਦੇਸ਼ਾਂ ਵਿੱਚ ਪਾਕਿਸਤਾਨ ਦੇ 57 ਟ੍ਰੇਡ ਮਿਸ਼ਨ ਕੰਮ ਕਰ ਰਹੇ ਹਨ।

ਭਾਰਤ ਵਿੱਚਪਾਕਿਸਤਾਨ ਵੱਲੋਂ ਮਨਿਸਟਰ (ਟ੍ਰੇਡ ਤੇ ਇਨਵੈਸਟਮੈਂਟ) ਦਾ ਅਹੁਦਾ ਬੀਤੇ 20 ਸਾਲਾਂ ਤੋਂ ਕਾਇਮ ਹੈ ਤੇ ਇਸ ਅਹੁਦੇ ਉੱਤੇ ਨਿਯੁਕਤੀ ਨੂੰ ਭਾਰਤ ਨਾਲ ਮੌਜੂਦਾ ਨਾਲ ਜੋੜ ਕੇ ਨਹੀਂ ਦੇਖਣਾ ਚਾਹੀਦਾ। ਨਿਯੁਕਤੀ ਪ੍ਰਕਿਰਿਆ ਦਸੰਬਰ 2021 ਵਿੱਚ ਸ਼ੁਰੂ ਹੋਈ ਸੀ ਅਤੇ ਪਿਛਲੀ ਇਮਰਾਨ ਖਾਨ ਦੀ ਸਰਕਾਰ ਨੇ ਏਦਾਂ ਦੇ ਅਹੁਦਿਆਂ ਉੱਤੇ 15 ਲੋਕਾਂ ਦੀ ਨਿਯੁਕਤੀ ਦੀ ਸਿਫਾਰਸ਼ ਕੀਤੀ ਸੀ, ਜਿਸ ਨੂੰ ਮੌਜੂਦਾ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ। ਭਾਰਤ ਨਾਲ ਕਾਰੋਬਾਰੀ ਸੰਬੰਧਾਂਬਾਰੇ ਪਾਕਿਸਤਾਨ ਦੀ ਸਰਕਾਰ ਹਮੇਸ਼ਾ ਦੁਬਿਧਾ ਵਿੱਚ ਰਹੀ ਹੈ। ਸਾਲ 2012 ਵਿੱਚ ਭਾਰਤ ਨੂੰ ਕਾਰੋਬਾਰ ਲਈ ਤਰਜੀਹੀ ਦੇਸ਼ ਦਾ ਦਰਜਾ ਦੇਣ ਦਾ ਐਲਾਨ ਕਰਨ ਦੇ ਬਾਅਦ ਵੀ ਉਸ ਨੂੰ ਲਾਗੂ ਨਹੀਂ ਕੀਤਾ ਗਿਆ।

# ਐਫ ਸੀ ਆਰ ਏ ਦੀ ਉਲੰਘਣਾ ਲਈ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਸਣੇ 14 ਗ੍ਰਿਫਤਾਰ

ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)-ਭਾਰਤ ਸਰਕਾਰ ਦੇ ਵਿਦੇਸ਼ੀ ਚੰਦਾ ਰੈਗੂਲੇਸ਼ਨ ਐਕਟ (ਐਫ ਸੀ ਆਰ ਏ) ਦੀ ਉਲੰਘਣਾ ਕਰਨ ਦੇ ਕੇਸ ਵਿੱਚ ਜਾਂਚ ਏਜੰਸੀ ਸੀ ਬੀ ਆਈ ਨੇ 14 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਲੋਕਾਂ ਵਿੱਚ ਗ੍ਰਹਿ ਮੰਤਰਾਲੇ ਦੇ ਛੇ ਅਧਿਕਾਰੀ ਵੀ ਸ਼ਾਮਲ ਹਨ।




ਮਿਲੀ ਜਾਣਕਾਰੀ ਅਨਸੁਾਰ ਪੂਰੇ ਦੇਸ਼ ਵਿੱਚ ਮਾਰੇ ਛਾਪਿਆਂ ਦੌਰਾਨ ਜਾਂਚ ਏਜੰਸੀ ਨੇ 3.21 ਕਰੋੜ ਰੁਪਏ ਨਕਦ ਵੀ ਬਰਾਮਦ ਕੀਤੇ ਹਨ ਤੇ ਨਕਦੀ ਤੋਂ ਇਤਰਾਜ਼ਯੋਗ ਦਸਤਾਵੇਜ਼ ਅਤੇ ਮੋਬਾਈਲ ਫੋਨ ਵੀ ਮਿਲੇ ਹਨ। ਇਹ ਛਾਪੇ ਦਿੱਲੀ, ਹਰਿਆਣਾ, ਰਾਜਸਥਾਨ, ਝਾਰਖੰਡ, ਹਿਮਾਚਲ ਪ੍ਰਦੇਸ਼, ਤੇਲੰਗਾਨਾ, ਆਂਧਰਾ ਪ੍ਰਦੇਸ਼, ਤਾਮਿਲ ਨਾਡੂ, ਅਸਾਮ ਤੇ ਮਨੀਪੁਰ ਵਿੱਚ ਮਾਰੇ ਗਏ ਹਨ। ਇਸ ਸੰਬੰਧ ਵਿੱਚ 36 ਜਣਿਆਂ ਉੱਤੇ 10 ਮਈ ਨੂੰ ਕੇਸ ਦਰਜ ਕੀਤਾ ਗਿਆ ਸੀ। ਮੁਲਜ਼ਮਾਂ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਫੌਰਨਰਜ਼ ਡਵੀਜ਼ਨ ਅਤੇ ਐਨ ਆਈ ਸੀ ਦੇ ਸੱਤ ਅਧਿਕਾਰੀ, ਕੁਝ ਵਿਚੋਲਗੀ ਕਰਨ ਵਾਲੇ ਅਤੇ ਵੱਖ-ਵੱਖ ਐਨ ਜੀ ਓਜ਼ (ਗੈਰ ਸਰਕਾਰੀ ਸੰਸਥਾਵਾਂ) ਦੇ ਆਗੂ ਸ਼ਾਮਲ ਹਨ। ਸੀ ਬੀ ਆਈ ਦੇ ਬੁਲਾਰੇਨੇ ਦੱਸਿਆ ਕਿ ਰਿਸ਼ਵਤ ਦੀ ਰਕਮ ਹਵਾਲੇ ਰਾਹੀਂ ਵੀ ਹਾਸਲ ਕੀਤੀ ਜਾਂਦੀ ਰਹੀ ਹੈ।

# ਅੰਬਾਲੇ ਦੇ ਗੁਰੂ ਘਰ ਵਿੱਚ ਨੌਜਵਾਨ ਵੱਲੋਂ ਬੇਅਦਬੀ

ਅੰਬਾਲਾ, 12 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਡਿਫੈਂਸ ਕਾਲੋਨੀ ਦੇ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਦੀ ਕੋਸ਼ਿਸ਼ ਕੀਤੇ ਜਾਣ ਦਾ ਇੱਕ ਤਾਜ਼ਾ ਕੇਸ ਸਾਹਮਣੇ ਆਇਆ ਹੈ। ਇੱਥੇ ਮੱਥਾ ਟੇਕਣ ਆਏ ਦੋਸ਼ੀ ਨੇ ਗੁਰ-ੂਘਰ ਵਿੱਚ ਰੱਖੇ ਗੁਰੂ ਸਾਹਿਬ ਦੇ ਸ਼ਸਤਰਾਂ ਵਿੱਚੋਂ ਕਿਰਪਾਨ ਚੁੱਕ ਲਈ ਸੀ।

ਦੋਸ਼ੀ ਅਨਿਲ ਪਾਸਵਾਨ ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦਾ ਵਾਸੀ ਹੈ। ਕੱਲ੍ਹ ਸਵੇਰੇ ਕਰੀਬ ਪੌਣੇ 11 ਵਜੇ ਮਹਿਲਾ ਮੰਡਲ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸੀ। ਇਸੇ ਮੌਕੇ ਬਾਹਰੋਂ ਇੱਕ ਵਿਅਕਤੀ ਆਇਆ। ਉਸ ਨੇ ਮੱਥਾ ਟੇਕਿਆ ਅਤੇ ਗੁਰੂ-ਘਰ ਵਿੱਚ ਲੱਗੇ ਜੰਗਲੇ ਨੂੰ ਟੱਪ ਕੇ ਗੁਰੂ ਸਾਹਿਬ ਦੇ ਸ਼ਾਸਤਰਾਂ ਵਿੱਚੋਂ ਕਿਰਪਾਨ ਚੁੱਕ ਲਈ। ਮਹਿਲਾ ਸੰਗਤ ਨੇ ਉਸ ਨੂੰ ਫੜ ਕੇ ਉਸ ਦੀ ਕੁੱਟਮਾਰ ਕੀਤੀ। ਪੁੱਛਗਿੱਛ ਵਿੱਚਉਸ ਨੇ ਪਹਿਲਾਂ ਆਪਣੀ ਪਛਾਣ ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦੇ ਵਾਰਡ ਨੰਬਰ 10 ਪਰਮਾਨੰਦ-ਪੁਰ ਦੇ ਵਾਸੀ ਅਨਿਲ ਕੁਮਾਰ ਪਾਸਵਾਨ ਵਜੋਂ ਦੱਸੀ। ਸੀ ਸੀ ਟੀ ਵੀ ਕੈਮਰੇ ਦੀ ਰਿਕਾਰਡਿੰਗ ਤੋਂ ਪਤਾ ਲੱਗਾ ਕਿ ਇਹੀ ਦੋਸ਼ੀ ਸਵੇਰੇ ਚਾਰ ਵਜੇ ਵੀ ਗੁਰਦੁਆਰਾ ਸਾਹਿਬ ਵਿੱਚ ਆਇਆ ਸੀ। ਦੋਸ਼ੀ ਨੇ ਦੱਸਿਆ ਕਿ ਉਹ ਛੇ ਮਹੀਨੇ ਪਹਿਲਾਂ ਕਸ਼ਮੀਰ ਤੋਂ ਆਇਆ ਅਤੇ ਅੱਜਕੱਲ੍ਹ ਅੰਬਾਲਾ ਵਿੱਚ ਠੇਕੇਦਾਰ ਕੋਲ ਕੰਮ ਕਰਦਾ ਹੈ।

# ਵਿਆਹੁਤਾ ਬਲਾਤਕਾਰ ਕੇਸ ਵਿੱਚ ਦਿੱਲੀ ਹਾਈ ਕੋਰਟ ਦੇ ਜੱਜ ਇੱਕ-ਮਤ ਨਹੀਂ

ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਦੇ ਦੋ ਜੱਜਾਂ ਦੀ ਬੈਂਚ ਨੇ ਵਿਆਹੁਤਾ ਬਲਾਤਕਾਰ, ਯਾਨੀ ਵਿਆਹ ਤੋਂ ਬਾਅਦ ਜਬਰਨ ਸਰੀਰਕ ਸੰਬੰਧ ਬਣਾਉਣ (ਮੈਰੀਟਲ ਰੇਪ) ਨੂੰ ਅਪਰਾਧਿਕ ਬਣਾਉਣ ਉੱਤੇ ਵੱਖਰਾ-ਵੱਖਰਾ ਫ਼ੈਸਲਾ ਦਿੱਤਾ ਹੈ। ਹਾਈ ਕੋਰਟ ਵਿੱਚ ਦੋ ਜੱਜਾਂ ਦੀ ਬੈਂਚ ਇੱਕ-ਦੂਜੇ ਨਾਲ ਸਹਿਮਤ ਨਹੀਂ ਹੋ ਸਕੀ।

ਇੱਕ ਜੱਜ ਨੇ ਵਿਆਹੁਤਾ ਬਲਾਤਕਾਰ ਨੂੰ ਅਪਰਾਧ ਮੰਨਿਆ, ਪਰ ਦੂਜੇ ਜੱਜ ਨੇ ਇਸ ਨਾਲ ਅਸਹਿਮਤ ਹੁੰਦਿਆਂ ਕਿਹਾ ਕਿ ਇਹ ਸੰਵਿਧਾਨ ਦੀ ਉਲੰਘਣਾ ਨਹੀਂ ਕਰਦਾ। ਅੱਗੋਂ ਵਿਆਹੁਤਾ ਬਲਾਤਕਾਰ ਦੇ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ ਹੋਵੇਗੀ। ਹਾਈ ਕੋਰਟ ਦੇ ਜਸਟਿਸ ਰਾਜੀਵ ਸ਼ਕਧਰ ਇਸ ਕੇਸ ਦੇ ਅਪਰਾਧੀਕਰਨ ਦੇ ਹੱਕ ਵਿੱਚ ਸਨ, ਇਸ ਲਈ ਉਨ੍ਹਾਂ ਨੇ ਕੇਸ ਨੂੰ ਅਪਰਾਧ ਕਰਾਰ ਦੇ ਕੇ ਆਪਣਾ ਫ਼ੈਸਲਾ ਦਿੱਤਾ। ਜਸਟਿਸ ਹਰੀ ਸ਼ੰਕਰ ਇਸ ਉੱਤੇ ਅਸਹਿਮਤ ਸਨ, ਉਨ੍ਹਾਂ ਨੇ ਇਸ ਨੂੰ ਅਪਰਾਧ ਨਹੀਂ ਮੰਨਿਆ। ਵਰਨਣ ਯੋਗ ਹੈ ਕਿ ਹਾਈ ਕੋਰਟ ਨੇ ਫਰਵਰੀ ਵਿੱਚ ਇਸ ਕੇਸ ਵਿੱਚ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਵਿਆਹੁਤਾ ਬਲਾਤਕਾਰ ਯਾਨੀ ਵਿਆਹ ਤੋਂ ਬਾਅਦ ਜਬਰਨ ਸਰੀਰਕ ਸੰਬੰਧ ਬਣਾਉਣਾ ਅਜੇ ਤਕ ਕਾਨੂੰਨ ਵਿੱਚ ਅਪਰਾਧ ਨਹੀਂ ਮੰਨਿਆ ਜਾਂਦਾ ਹੈ।

# ਪੋਸਟ ਪੇਮੈਂਟ ਬੈਂਕ ਵਿੱਚ ਸਾਰੀਆਂ ਸਰਕਾਰੀ ਸੇਵਾਵਾਂ ਹੋਣਗੀਆਂ

ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਭਾਰਤ ਵਿੱਚ ਪੋਸਟ ਪੇਮੈਂਟ ਬੈਂਕ ਅੱਗੇ ਤੋਂ ਬੈਂਕਿੰਗ ਦੇ ਨਾਲ ਹੋਰ ਸਰਕਾਰੀ ਸੇਵਾਵਾਂ ਨੂੰ ਵੀ ਲੋਕਾਂ ਨੂੰ ਦੇਣ ਲੱਗ ਜਾਵੇਗਾ। ਅਜੇ ਤੱਕ ਪੋਸਟ ਪੇਮੈਂਟ ਬੈਂਕ ਮੁੱਖ ਤੌਰ ਉੱਤੇਪੈਸਿਆਂ ਸਾਂਝ ਨੂੰ ਪੂਰਾ ਕਰਨ ਦਾ ਕੰਮ ਹੀ ਕਰਦਾ ਆ ਰਿਹਾ ਹੈ ਅਤੇ ਉਥੇ ਕੋਰ ਬੈਂਕਿੰਗ ਸੇਵਾ ਦੇ ਨਾਲ ਕਿਊ ਆਰ ਕੋਡ ਰਾਹੀਂ ਭੁਗਤਾਨ ਦੀਆਂ ਸਹੂਲਤਾਂ ਵੀ ਹਨ। ਅੱਗੋਂ ਇਸ ਦਾ ਕੰਮ ਘੇਰਾ ਵਧਾਇਆ ਜਾਣਾ ਹੈ, ਜਿਸ ਨਾਲ ਪੋਸਟ ਪੇਮੈਂਟ ਬੈਂਕ ਸਰਕਾਰੀ ਯੋਜਨਾਵਾਂ ਨੂੰ ਪੂਰਾ ਕਰਨ ਅਤੇ ਵੱਖ-ਵੱਖ ਸਰਕਾਰੀ ਸਹੂਲਤਾਂ ਲੋਕਾਂ ਨੂੰ ਪੁਚਾਉਣ ਵਿੱਚ ਮਦਦ ਕਰੇਗਾ।

ਕੇਂਦਰੀ ਟੈਲੀਕਾਮ ਮੰਤਰੀ ਅਸ਼ਵਨੀ ਵੈਸ਼ਣਵ ਨੇ ਦੱਸਿਆ ਕਿ ਦੇਸ਼ ਵਿੱਚ 1.5 ਲੱਖ ਡਾਕਖਾਨੇ ਹਨ ਅਤੇ ਕੈਬਨਿਟ ਦੀ ਬੈਠਕ ਵਿੱਚ ਪੋਸਟ ਪੇਮੈਂਟ ਬੈਂਕ ਦੇ ਕੰਮ ਦਾ ਘੇਰਾ ਵਧਾਉਣ ਲਈ 820 ਕਰੋੜ ਰੁਪਏ ਦਾ ਹੋਰ ਫੰਡ ਦੀ ਮਨਜ਼ੂਰੀ ਦਿੱਤੀ ਗਈ ਹੈ। ਵੈਸ਼ਣਵ ਨੇ ਦੱਸਿਆ ਕਿ ਪੋਸਟ ਪੇਮੈਂਟ ਬੈਂਕ ਵਿੱਚ ਬੈਂਕਿੰਗ ਸੇਵਾ ਦੇ ਨਾਲ ਸਭ ਸਰਕਾਰੀ ਸੇਵਾਵਾਂ ਦੇਣ ਦੀ ਤਿਆਰੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਖੁਦਮੁਖਤਿਆਰੀ ਸਕੀਮ ਨੂੰ ਪੋਸਟ ਪੇਮੈਂਟ ਬੈਂਕ ਨਾਲ ਜੋੜਿਆ ਜਾ ਰਿਹਾ ਹੈ। ਏਦਾਂ ਦੀਆਂ ਹੋਰ ਸਰਕਾਰੀ ਯੋਜਨਾਵਾਂ ਲਈ ਪੋਸਟ ਪੇਮੈਂਟ ਬੈਂਕ ਕੰਮ ਕਰਨਗੇ। ਖੁਦਮੁਖਤਿਆਰੀ ਸਕੀਮ ਦੇ ਤਹਿਤ ਦਿਹਾਤੀ ਇਲਾਕੇ ਵਿੱਚ ਜ਼ਮੀਨ ਦਾ ਸਹੀ ਮਾਪ ਕਰਨ ਦੇ ਨਾਲ ਲੋਕਾਂ ਨੂੰ ਉਨ੍ਹਾਂ ਦੀ ਜਾਇਦਾਦ ਦਾ ਕਾਰਡ ਜਾਰੀ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਕਾਫੀ ਸਹੂਲਤ ਹੋਵੇਗੀ।

# ਦਿੱਲੀ ਦੀ ਨਿਊ ਫਰੈਂਡਜ਼ ਕਾਲੋਨੀ ਤੇ ਮੰਗੋਲਪੁਰੀ ’ਚ ਬੁਲਡੋਜ਼ਰ ਚੱਲੇ





ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਸੜਕਾਂ ਤੋਂ ਨਾਜਾਇਜ਼ ਉਸਾਰੀਆਂ ਢਾਹੁਣ ਦੀ ਮੁਹਿੰਮ ਤਹਿਤ ਕੱਲ੍ਹ ਦੱਖਣੀ ਦਿੱਲੀ ਨਗਰ ਨਿਗਮ ਨੇ ਨਿਊ ਫਰੈਂਡਜ਼ ਕਾਲੋਨੀ ਅਤੇ ਉਤਰੀ ਦਿੱਲੀ ਨਗਰ ਨਿਗਮ ਵੱਲੋਂ ਮੰਗੋਲਪੁਰੀ ਵਿੱਚ ਬੁਲਡੋਜ਼ਰਾਂ ਨਾਲ ਭੰਨਤੋੜ ਕੀਤੀ। ਉਤਰੀ ਦਿੱਲੀ ਨਗਰ ਨਿਗਮ ਦੇ ਦਸਤੇ ਦਾ ਆਮ ਆਦਮੀ ਪਾਰਟੀ ਦੇ ਲੋਕਲ ਵਿਧਾਇਕ ਮੁਕੇਸ਼ ਅਹਿਲਾਵਤ ਨੇ ਵਿਰੋਧ ਕੀਤਾ ਤਾਂ ਦਿੱਲੀ ਪੁਲਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਦੱਖਣੀ ਦਿੱਲੀ ਦੀ ਨਗਰ ਨਿਗਮ ਦੇ ਚੇਅਰਮੈਨ ਦੇ ਮੁਤਾਬਾ ਕਿ ਗੁਰਦ-ਆਰਾ ਰੋਡ ਤੋਂ ਅਸ਼ੋਕ ਪਾਰਕ ਤਕ ਗੈਰ ਕਾਨੂੰਨੀ ਢਾਂਚੇ ਹਟਾਏ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲੀ ਬੱਸਾਂ, ਐਂਬੂਲੈਂਸਾਂ, ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੇ ਸੜਕਾਂ ਤੋਂ ਸੁਰੱਖਿਅਤ ਲਾਂਘੇ ਲਈ ਰਾਹ ਦੀਆਂ ਰੁਕਾਵਟਾਂ ਹਟਾਈਆਂ ਜਾਣੀਆਂ ਹਨ। ਉਨ੍ਹਾਂ ਧਰਮ ਦੇ ਆਧਾਰ ਉੱਤੇ ਕਾਰਵਾਈ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਨਿਗਮ ਨਾਜਾਇਜ਼ ਕੋਠੀਆਂ, ਕੱਚੇ ਢਾਂਚੇ, ਝੁੱਗੀਆਂ ਤੇ ਦੁਕਾਨਾਂ ਨਾਲ ਕੀਤੇ ਕਬਜ਼ੇ ਹਟਾ ਰਹੀ ਹੈ। ਇਹ ਮੁਹਿੰਮ 13 ਮਈ ਤਕ ਚੱਲੇਗੀ। ਨਿਗਮ ਦੇ ਦਸਤੇ ਵੱਲੋਂ ਕੱਲ੍ਹ ਬੁੱਧ ਮੰਦਰ ਤੇ ਗੁਰਦੁਆਰਾ ਰੋਡ ਦੇ ਇਲਾਕੇ ਵਿੱਚੋਂ ਢਾਂਚੇ ਹਟਾਏ ਗਏ ਹਨ।ਨਿਗਮ ਦੀ ਕਾਰਵਾਈ ਦੌਰਾਨ ਕੱਲ੍ਹ ਵੀ ਦਿੱਲੀ ਪੁਲਸ ਤੇ ਅਰਧ ਸੈਨਿਕ ਬਲ ਵੱਡੀ ਗਿਣਤੀ ਵਿੱਚ ਮੌਜੂਦ ਸਨ, ਤਾਂ ਕਿ ਕੋਈ ਮਾੜੀ ਘਟਨਾ ਨਾ ਵਾਪਰ ਸਕੇ।

# ਡਰੱਗ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਮਜੀਠੀਆ ਦੀ ਪਟੀਸ਼ਨ ਉਤੇ ਸੁਣਵਾਈ ਤੋਂ ਨਾਂਹ



ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਡਰੱਗ ਕੇਸ ਵਿੱਚ ਫਸੇਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਸੁਪਰੀਮ ਕੋਰਟ ਨੇ ਅਕਾਲੀ ਆਗੂ ਨੂੰ ਝਟਕਾ ਦਿੰਦਿਆਂ ਉਸ ਦੀ ਅਰਜ਼ੀਉੱਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਮਜੀਠੀਆ ਆਪਣੇ ਖਿਲਾਫ ਦਰਜ ਕੇਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇ ਸਕਦਾ ਹੈ ਤੇ ਡਵੀਜ਼ਨ ਬੈਂਚ ਇਸ ਉੱਤੇ ਸੁਣਵਾਈ ਕਰੇਗਾ।

ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੇ 28 ਮਾਰਚ ਨੂੰ ਮੋਹਾਲੀ ਦੇ ਪੰਜਾਬ ਪੁਲਸ ਦੇ ਸਟੇਟ ਕਰਾਈਮ ਥਾਣੇ ਵਿੱਚ ਐਨ ਡੀ ਪੀ ਐਸਐਕਟ(ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨ) ਹੇਠ ਦਰਜ ਕੇਸ ਨੂੰ ਸਿਆ-ਸਤ ਤੋਂ ਪ੍ਰੇਰਿਤ ਦੱਸ ਕੇਸੁਪਰੀਮ ਕੋਰਟ ਤੋਂ ਰੱਦ ਕਰਨ ਦੀ ਮੰਗ ਕੀਤੀ ਸੀ। ਮੋਹਾਲੀ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਅਵਤਾਰ ਸਿੰਘ ਦੀ ਅਦਾਲਤ ਵਿੱਚ ਇਸ ਕੇਸ ਦੀ ਅਗਲੀ ਸੁਣਵਾਈ 18 ਮਈ ਨੂੰ ਹੋਣੀ ਹੈ। ਸੁਪਰੀਮ ਕੋਰਟ ਦੇ ਵਿਸ਼ੇਸ਼ ਬੈਂਚ ਨੇ ਕੱਲ੍ਹ ਸੁਣਵਾਈ ਦੌਰਾਨ ਬਚਾਅ ਪੱਖ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੂੰ ਪੁੱਛਿਆ ਕਿ ਜਦੋਂ ਤੁਹਾਡੇ ਕੋਲ ਹੋਰ ਬਦਲ ਜਾਂ ਰਾਹ ਹਨ ਤਾਂ ਸੰਵਿਧਾਨ ਦੀ ਧਾਰਾ 32 ਹੇਠ ਰਿਟ ਪਟੀਸ਼ਨ ਕਿਉਂ ਕੀਤੀ ਹੈ? ਅਦਾਲਤ ਨੇ ਕਿਹਾ ਕਿ ਦੋਸ਼ੀ ਕੇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇ ਸਕਦਾ ਹੈ, ਜਿਸ ਦੀ ਸੁਣਵਾਈ ਡਵੀਜ਼ਨ ਬੈਂਚ ਕਰੇਗਾ। ਅਦਾਲਤ ਨੇ ਕਿਹਾ, ‘‘ਅਸੀਂ ਧਾਰਾ 32 ਹੇਠ ਆਈ ਪਟੀਸ਼ਨ ਉੱਤੇਵਿਚਾਰ ਨਹੀਂ ਕਰਾਂਗੇ। ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਵਿਸ਼ੇਸ਼ ਕੋਰਟ ਤੇ ਹਾਈ ਕੋਰਟ ਤੋਂ ਰੱਦ ਹੋ ਚੁੱਕੀ ਹੈ। ਸੁਪਰੀਮ ਕੋਰਟ ਜੇ ਇਸ ਕੇਸ ਦੀ ਸੁਣਵਾਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਡਵੀਜ਼ਨ ਬੈਂਚ ਵੱਲੋਂ ਕੀਤੇ ਜਾਣ ਦੀ ਹਿਦਾਇਤ ਕਰਦੀ ਹੈ ਤਾਂ ਰਾਜ ਸਰਕਾਰ ਇਸ ਦਾ ਵਿਰੋਧ ਨਹੀਂ ਕਰੇਗੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਹ ਮਾਰਚ ਨੂੰ ਅਹੁਦਾ ਸੰਭਾਲਦੇ ਸਾਰ ਪਹਿਲੇ ਹੁਕਮਾਂ ਵਿੱਚ ਮਜੀਠੀਆ ਖਿਲਾਫ ਡਰੱਗ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾਉਣ ਦਾ ਫੈਸਲਾ ਕੀਤਾ ਸੀ।

# ਬਿਜਲੀ ਗੁੱਲ ਹੋਈ ਤਾਂ ਲਾੜੀਆਂ ਇੱਕ ਦੂਸਰੀ ਨਾਲ ਬਦਲ ਗਈਆਂ

ਉਜੈਨ, 12 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਬਿਜਲੀ ਸੰਕਟ ਲਗਾਤਾਰ ਡੂੰਘਾ ਹੁੰਦਾ ਜਾਂਦਾ ਹੈ। ਉਜੈਨ ਜ਼ਿਲ੍ਹੇ ਵਿੱਚ ਇੱਕ ਅਜਿਹੀ ਘਟਨਾ ਵਾਪਰੀ, ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਰਹਿ ਜਾਵੇਗਾ।

ਇੱਥੇ ਵਿਆਹ ਹੋ ਰਿਹਾ ਸੀ ਤਾਂ ਬਿਜਲੀ ਬੰਦ ਹੋ ਜਾਣ ਨਾਲ ਲਾੜੀਆਂ ਬਦਲ ਗਈਆਂ। ਇਸ ਦੀ ਜਾਣਕਾਰੀ ਹੋਣ ਉੱਤੇ ਮੰਦਰ ਵਿੱਚ ਪੰਡਤ ਨੇ ਸਹੀ ਲਾੜੀ ਨਾਲ ਸੱਤ ਫੇਰੇ ਕਰਵਾਏ ਅਤੇ ਇਸ ਗਲਤੀ ਨੂੰ ਸੁਧਾਰਿਆ। ਮਿਲੀ ਜਾਣਕਾਰੀ ਅਨੁਸਾਰ ਉਜੈਨ ਦੇ ਨੇੜੇ ਪਿੰਡ ਦੰਗਵਾੜਾ ਦੇ ਦੋ ਸੱਕੇ ਭਰਾਵਾਂ ਦੀ ਬਰਾਤ ਅਸਲਾਨਾ ਪਿੰਡ ਗਈ ਸੀ। ਰਾਤ ਨੂੰ ਅਚਾਨਕ ਬਿਜਲੀ ਚਲੀ ਗਈ। ਲਾੜੀਆਂ ਦੀ ਡਰੈਸ ਇੱਕੋ ਜਿਹੀ ਹੋਣ ਕਾਰਨ ਸਕੇਭਰਾ ਲਾੜਿਆਂ ਦੀਆਂ ਲਾੜੀਆਂ ਬਦਲ ਗਈਆਂ। ਵਿਆਹ ਸਮਾਰੋਹ ਤੋਂ ਬਾਅਦ ਜਦੋਂ ਬਰਾਤ ਦੰਗਵਾੜਾ ਪਹੁੰਚੀ ਤਾਂ ਹਲਚਲ ਮਚ ਗਈ। ਜਿਸ ਲਾੜੀ ਦਾ ਵਿਆਹ ਵੱਡੇ ਭਰਾ ਨਾਲ ਹੋਣਾ ਸੀ, ਉਸ ਨੇ ਛੋਟੇ ਭਰਾ ਨਾਲ ਫੇਰੇ ਲੈ ਲਏ ਅਤੇ ਛੋਟੇ ਭਰਾ ਦਾ ਵੱਡੇ ਭਰਾ ਲਈ ਪਸੰਦ ਕੀਤੀ ਕੁੜੀ ਨਾਲ ਵਿਆਹ ਹੋ ਗਿਆ ਸੀ।ਇਸ ਦਾ ਖੁਲਾਸਾ ਹੋਣ ਮਗਰੋਂ ਇੱਕ ਵਾਰ ਫਿਰ ਦੋਵੇਂ ਜੋੜੇ ਦੰਗਵਾੜਾ ਦੇ ਮੰਦਰ ਪਹੁੰਚੇ। ਉਥੇ ਪੰਡਤ ਨਾਲ ਗੱਲ ਕਰ ਕੇ ਲਾੜੀ ਬਦਲ ਕੇ ਮੁੜ ਤੋਂ ਸਾਰੇ ਰੀਤੀ-ਰਿਵਾਜ ਨਾਲ ਸੱਤ ਫੇਰੇ ਕਰਵਾਏ ਗਏ।

# ਯਾਸੀਨ ਮਲਿਕ ਨੇ ਟੈਰਰ ਫੰਡਿੰਗ ਦਾ ਅਪਰਾਧ ਕਬੂਲਿਆ



ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਕਸ਼ਮੀਰ ਵਿੱਚ ਗੜਬੜ ਦਾ ਮਾਹੌਲ ਬਣਾਉਣ ਲਈ ਟੈਰਰ ਫੰਡਿੰਗ ਕਰਨ ਦੇ ਦੋਸ਼ੀ ਵੱਖਵਾਦੀ ਨੇਤਾ ਯਾਸੀਨ ਮਲਿਕ ਨੇ ਪਟਿਆਲਾ ਹਾਊਸ ਕੋਰਟ ਵਿੱਚ ਆਪਣਾ ਦੋਸ਼ ਮੰਨ ਲਿਆ ਹੈ।

ਕੋਰਟ ਦੇ ਸੂਤਰਾਂ ਨੇ ਦੱਸਿਆ ਕਿ ਮਲਿਕ ਨੇ ਅਦਾਲਤ ਨੂੰ ਕਿਹਾ ਕਿ ਉਹ ਆਪਣੇ ਉਪਰ ਲੱਗੇ ਟੈਰਰ ਫੰਡਿੰਗ, ਅੱਤਵਾਦੀ ਗਰੁੱਪ ਦਾ ਮੈਂਬਰ ਹੋਣ, ਸਾਜ਼ਿਸ਼ ਕਰਨ ਅਤੇ ਰਾਜ ਧਰੋਹ ਦੇ ਦੋਸ਼ਾਂ ਤੋਂ ਇਨਕਾਰ ਨਹੀਂ ਕਰਦਾ। ਵਿਸ਼ੇਸ਼ ਜੱਜ ਪ੍ਰਵੀਨ ਸਿੰਘ ਨੇ ਯਾਸੀਨ ਮਲਿਕ ਦੀ ਸਜ਼ਾ ਉੱਤੇ ਬਹਿਸ ਲਈ 19 ਮਈ ਤਰੀਕ ਰੱਖੀ ਹੈ। ਕੱਲ੍ਹ ਸੁਣਵਾਈ ਦੌਰਾਨ ਕੋਰਟ ਨੇ ਇਸ ਮਾਮਲੇ ਵਿੱਚ ਬਾਕੀ ਸਾਰੇ ਦੋਸ਼ੀਆਂ ਉੱਤੇ ਰਸਮੀ ਰੂਪ ਵਿੱਚ ਦੋਸ਼ ਤੈਅ ਕਰ ਦਿੱਤੇ ਸਨ।

ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਵਿਸ਼ੇਸ਼ ਜੱਜ ਨੇ ਕਿਹਾ ਸੀ ਕਿ ਪਹਿਲੀ ਤੱਕਣੀ ਵਿੱਚ ਲੱਗਦਾ ਹੈ ਕਿ ਯਾਸੀਨ ਮਲਿਕ ਤੇ ਬਾਕੀ ਦੋਸ਼ੀ ਅੱਤਵਾਦੀ ਗਤੀਵਿਧੀਆਂ ਲਈ ਸਿੱਧੇ ਤੌਰ ਉੱਤੇ ਫੰਡ ਇਕੱਠਾ ਕਰਦੇ ਅਤੇ ਉਸ ਨੂੰ ਵੰਡਦੇ ਸਨ। ਅਦਾਲਤ ਨੇ ਦੋਸ਼ ਤੈਅ ਕਰਦੇ ਹੋਏ ਕਿਹਾ ਸੀ ਕਿ ਸਰਹੱਦ ਪਾਰੋਂ ਪਾਕਿਸਤਾਨੀ ਏਜੰਸੀਆਂ ਤੇ ਸਾਜ਼ਿਸ਼ਕਾਰਾਂ ਨੇ ਮਿਲ ਕੇ ਜੰਗ ਸ਼ੁਰੂ ਕੀਤੀ ਹੋਈ ਹੈ। ਇੱਕ ਟੀਚਾ ਮਿਥ ਕੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਭਾਰਤ ਵਿੱਚ ਟੈਰਰ ਫੰਡਿਗ ਕਰ ਰਹੀ ਹੈ। ਅਜੇ ਤਕ ਜਿਨ੍ਹਾਂ ਗਵਾਹਾਂ ਦੇ ਬਿਆਨ ਹੋਏ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਆਈ ਐਸ ਆਈ ਅਤੇ ਇਸ ਕੇਸ ਦੇ ਸਾਰੇ ਦੋਸ਼ੀਆਂ ਦਾ ਇੱਕੋ ਟੀਚਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਰਾਜਸੀ ਸੰਮੇਲਨਾਂ ਦੀ ਵਰਤੋਂ ਵੀ ਟੈਰਰ ਫੰਡਿੰਗ ਲਈ ਹੁੰਦੀ ਹੈ।ਲਸ਼ਕਰ ਏ ਤੌਇਬਾ ਮੁਖੀ ਹਾਫਿਜ਼ ਸਈਦ, ਹਿਜਬੁਲ ਮੁਜਾਹਦੀਨ ਦੇ ਸੈਯਦ ਸਲਾਹੂਦੀਨ, ਸ਼ੱਬੀਰ ਸ਼ਾਹ, ਮਸਰਤ ਆਲਮ, ਰਾਸ਼ਿਧ ਇੰਜੀਨੀਅਰ, ਜਹੂਰ ਅਹਿਮਦ ਵਟਾਲੀ, ਬਿੱਟਾ ਕਰਾਟੇ, ਆਫਤਾਬ ਅਹਿਮਦ ਸ਼ਾਹ, ਅਲਤਾਫ ਅਹਿਮਦ ਸ਼ਾਹ, ਨਈਆ ਖਾਨ, ਬਸ਼ੀਰ ਅਹਿਮਦ ਬੱਟ ਉਰਫ ਪੋਰ ਸੈਫਉਲ੍ਹਾ, ਨਵਲ ਕਿਸ਼ੋਰ ਕਪੂਰ ਅਤੇ ਹੋਰਨਾਂ ਦੋਸ਼ੀਆਂ ਖਿਲਾਫ ਦੋਸ਼ ਤੈਅ ਕਰਨ ਲਈ ਅਦਾਲਤ ਨੇ ਹੁਕਮ ਦਿੱਤਾ।

ਇਸ ਦੌਰਾਨਕਸ਼ਮੀਰੀ ਹਿੰਦੂਆਂ ਦੇ ਕਾਤਲ ਅੱਤਵਾਦੀ ਫਾਰੂਕ ਅਹਿਮਦ ਡਾਰ ਉਰਫ ਬਿੱਟਾ ਕਰਾਟੇ ਦੇ ਖਿਲਾਫ ਦਾਇਰ ਪਟੀਸ਼ਨ ਉੱਤੇ ਕੱਲ੍ਹ ਵਾਲੀ ਸੁਣਵਾਈ ਪੁਲਸ ਦੇ ਅਸਹਿਯੋਗ ਕਾਰਨ ਨਹੀਂ ਹੋ ਸਕੀ। ਬਿੱਟਾ ਕਰਾਟੇ ਦੇ ਖਿਲਾਫ ਮਰਹੂਮ ਸਤੀਸ਼ ਟਿੱਕੂ ਦੇ ਪਰਵਾਰਦੇ ਵਕੀਲ ਜੰਮੂ-ਕਸ਼ਮੀਰ ਪੁਲਸ ਉੱਤੇ ਉਨ੍ਹਾਂ ਨੂੰ ਸੁਰੱਖਿਆ ਨਾ ਦੇਣ ਦਾ ਦੋਸ਼ ਲਾ ਕੇ ਸ੍ਰੀਨਗਰ ਏਅਰਪੋਰਟ ਤੋਂ ਦਿੱਲੀ ਪਰਤ ਗਏ।ਪੁਲਸ ਨੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਸੁਰੱਖਿਆ ਦਸਤਾ ਮੌਜੂਦ ਸੀ, ਪਰ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ। ਅਗਲੀ ਸੁਣਵਾਈ 23 ਮਈ ਨੂੰ ਹੋਵੇਗੀ।

# ਮਰਹੂਮ ਫੋਟੋ ਪੱਤਰਕਾਰ ਦਾਨਿਸ਼ ਸਣੇ4 ਭਾਰਤੀ ਵੀ ਸਨਮਾਨਤ



ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਮਰਹੂਮ ਫੋਟੋ ਪੱਤਰਕ-ਾਰ ਦਾਨਿਸ਼ ਸਿੱਦੀਕੀ ਸਮੇਤ ਚਾਰ ਭਾਰਤੀਆਂ ਨੂੰ ਫ਼ੀਚਰ ਫ਼ੋਟੋਗ੍ਰਾਫ਼ੀ ਸ਼੍ਰੇਣੀ ਵਿੱਚ ਵੱਕਾਰੀ ਪੁਲਿਤਜ਼ਰ ਐਵਾਰਡ 2022 ਨਾਲ ਸਨਮਾਨਤ ਕੀਤਾ ਗਿਆ ਹੈ।

ਦਾਨਿਸ਼ ਸਿੱਦੀਕੀ ਪਿੱਛਲੇ ਸਾਲ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਸੱਤਾ ਉੱਤੇਕਬਜ਼ੇ ਦੌਰਾਨ ਹੋਏ ਸੰਘਰਸ਼ ਦੀ ਕਵਰੇਜ ਵਿੱਚ ਮਾਰਿਆਗਿਆ ਸੀ। ਰਾਇਟਰਜ਼ ਦੇ ਫ਼ੋਟੋਗ੍ਰਾਫ਼ਰ ਦਾਨਿਸ਼ ਸਿੱਦੀਕੀ ਦੇ ਨਾਲ ਅਦਨਾਨ ਆਬਿਦੀ, ਸਨਾ ਇਰਸ਼ਾਦ ਮੱਟੂ ਤੇ ਅਮਿਤ ਦਵੇ ਨੂੰ ਭਾਰਤ ਵਿੱਚ ਕੋਵਿਡ ਮੌਤਾਂ ਦੀਆਂ ਤਸਵੀਰਾਂ ਲਈ ਪੁਲਿਤਜ਼ਰ ਨਾਲ ਸਨਮਾਨਤ ਕੀਤਾ ਗਿਆ ਹੈ।ਦਾਨਿਸ਼ ਸਿੱਦੀਕੀ (38) ਅਫ਼ਗਾਨਿਸਤਾਨ ਵਿੱਚ ਡਿਊਟੀ ਉੱਤੇ ਸੀ। ਬੀਤੇ ਸਾਲ ਜੁਲਾਈ ਵਿੱਚ ਕੰਧਾਰ ਸ਼ਹਿਰ ਦੇ ਸਪਿਨ ਬੋਲਦਾਕ ਜ਼ਿਲ੍ਹੇ ਵਿੱਚ ਅਫ਼ਗਾਨ ਫ਼ੌਜਾਂ ਤੇ ਤਾਲਿਬਾਨ ਵਿਚਾਲੇ ਝੜਪਾਂ ਨੂੰ ਕਵਰ ਕਰਦੇ ਹੋਏ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ।ਸਿੱਦੀਕੀ ਨੇ ਦੂਜੀ ਵਾਰ ਪੁਲਿਤਜ਼ਰ ਐਵਾਰਡ ਜਿੱਤਿਆ ਹੈ। ਰੋਹਿੰਗਿਆ ਸੰਕਟ ਦੀ ਕਵਰੇਜ ਲਈ ਉਸ ਨੂੰ ਰਾਇਟਰਜ਼ ਟੀਮ ਦੇ ਹਿੱਸੇ ਵਜੋਂ 2018 ਵਿੱਚ ਇਹ ਐਵਾਰਡ ਮਿਲਿਆ ਸੀ।

# ਭਾਰਤ ਸਰਕਾਰ ਨੇ ਕੈਬ ਕੰਪਨੀਆਂ ਨੂੰ ਕਿਹਾ: ਸੁਧਰੋ,ਜਾਂ ਸਜ਼ਾ ਲਈ ਤਿਆਰ ਰਹੋ

ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਓਲਾ ਅਤੇ ਉਬਰ ਵਰਗੀਆਂ ਸਾਰੀਆਂ ਕੈਬ ਐਗ੍ਰੀਗੇਟਰ ਕੰਪਨੀਆਂ ਦੇ ਕੰਮ ਢੰਗ ਬਾਰੇ ਲਗਾਤਾਰ ਉਠਦੇ ਸਵਾਲਾਂ ਉੱਤੇਭਾਰਤ ਸਰਕਾਰ ਨੇ ਉਨ੍ਹਾਂ ਦੀ ਜ਼ੋਰਦਾਰ ਝਾੜਝੰਬ ਕੀਤੀ ਹੈ।

ਭਾਰਤ ਦੇ ਖਪਤਕਾਰੀ ਮਾਮਲਿਆਂ ਬਾਰੇ ਮੰਤਰਾਲੇ ਨੇ ਇਨ੍ਹਾਂ ਦੀਆਂ ਗੜਬੜਾਂ ਦਾ ਹਵਾਲਾ ਦੇ ਕੇਚਿਤਾਵਨੀ ਦੇਂਦੇ ਹੋਏ ਕਿਹਾ ਕਿ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰ ਕੇ ਆਪਣੇ ਕੰਮ ਵਿੱਚ ਸੁਧਾਰ ਲਿਆਓ ਜਾਂ ਫਿਰ ਸਜ਼ਾ ਲਈ ਤਿਆਰ ਰਹੋ।ਮੰਤਰਾਲੇ ਨੇ ਖਪਤਕਾਰਾਂ ਦੇ ਹਿੱਤਾਂ ਲਈ ਕੱਲ੍ਹ ਇੱਥੇ ਐਪ ਆਧਾਰਤ ਓਲਾ, ਉਬਰ, ਜੁਗਨੂ ਤੇ ਮੇਰੀ ਆਦਿ ਟੈਕਸੀ ਕੰਪਨੀਆਂ ਦੀ ਮੀਟਿੰਗ ਬੁਲਾਈ ਸੀ, ਜਿਸ ਵਿੱਚ ਟੈਕਸੀ ਗਾਹਕਾਂ ਦੀਆਂ ਸ਼ਿਕਾਇਤਾਂ ਦਾ ਪੁਲੰਦਾਦਿਖਾ ਕੇ ਉਨ੍ਹਾਂ ਤੋਂ ਜਵਾਬ ਮੰਗਿਆ ਅਤੇ ਯੋਗ ਜਵਾਬ ਨਾ ਮਿਲਣ ਉੱਤੇ ਉਨ੍ਹਾਂ ਨੂੰ ਕੰਮ ਵਿੱਚ ਸੁਧਾਰ ਦਾ ਅਲਟੀਮੇਟਮ ਦਿੱਤਾ ਹੈ।

ਵਿਭਾਗ ਦੇ ਅਫਸਰਾਂ ਨੇ ਦੱਸਿਆ ਕਿ ਜ਼ਿਆਦਾਤਰ ਸ਼ਿਕਾਇਤਾਂ ਏਅਰਪੋਰਟ ਅਤੇ ਰੇਲਵੇ ਸਟੇਸ਼ਨਾਂ ਤੋਂ ਟੈਕਸੀ ਫੜਨ ਵਾਲੇ ਲੋਕਾਂ ਦੀ ਹਨ। ਕਈ ਸ਼ਿਕਾਇਤਾਂ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਦੇ ਟੈਕਸੀ ਡਰਾਈਵਰ ਕਈ ਵਾਰ ਤੈਅ ਜਗ੍ਹਾ ਤੋਂ ਪਹਿਲਾਂ ਅੱਧੇ ਰਸਤੇਲਾਹ ਦਿੰਦੇ ਹਨ। ਕਿਰਾਇਆ ਤੈਅ ਕਰਨ ਦੀ ਇਨ੍ਹਾਂ ਕੰਪਨੀਆਂ ਦੀ ਪਾਰਦਰਸ਼ੀ ਨੀਤੀ ਨਹੀਂ ਹੈ। ਇਸੇ ਤਰ੍ਹਾਂ ਪਹਿਲਾਂ ਤੋਂ ਮਿਥੀ ਬੁਕਿੰਗ ਐਨ ਮੌਕੇ ਰੱਦ ਕਰਨਾ ਆਮ ਗੱਲ ਹੋ ਗਈ ਹੈ। ਇਹੀ ਨਹੀਂ, ਕੁਝ ਟੈਕਸੀ ਡਰਾਈਵਰ ਕਾਫੀ ਦੇਰ ਤਕ ਉਡੀਕ ਕਰਵਾਉਣ ਪਿੱਛੋਂ ਬੁਕਿੰਗ ਰੱਦ ਕਰਨ ਦੀ ਸਲਾਹ ਦੇ ਕੇ ਮੁੜ ਜਾਂਦੇ ਹਨ। ਇਹ ਵੀ ਸ਼ਿਕਾਇਤਾਂ ਹਨ ਕਿ ਜ਼ਿਆਦਾਤਰ ਕੇਸਾਂ ਵਿੱਚ ਇਨ੍ਹਾਂ ਦੇ ਡਰਾਈਵਰ ਯਾਤਰੀ ਨੂੰ ਇਸ ਸ਼ਰਤ ਉੱਤੇ ਬਿਠਾਉਂਦੇ ਹਨ ਕਿ ਪਹਿਲਾਂ ਬੁਕਿੰਗ ਰੱਦ ਕਰ ਦੇਣ।



## ਇਸਰਾਈਲੀ ਫ਼ੌਜ ਦੀ ਕਾਰਵਾਈ ਵਿੱਚ ਪੱਤਰਕਾਰ ਦੀ ਮੌਤ

ਯਰੂਸ਼ਲਮ, 12 ਮਈ (ਪੋਸਟ ਬਿਊਰੋ)- ਅਲ-ਜਜ਼ੀਰਾ ਦੀ ਜਾਣੀ-ਪਛਾਣੀ ਪੱਤਰਕਾਰ ਸ਼ਿਰੀਨ ਅੱਬੂ ਅਕਲੇਹ ਦੀ ਕੱਲ੍ਹ ਤੜਕੇ ਵੈਸਟ ਬੈਂਕ ਵਿੱਚ ਗੋਲੀ ਲੱਗਣ ਨਾਲ ਮੌਤ ਹੋ ਗਈ ਹੈ।

ਉਤਰੀ ਵੈਸਟ ਬੈਂਕ ਦੇ ਜੇਨਿਨ ਕਸਬੇ ਵਿੱਚ ਇਸਰਾਈਲੀ ਫ਼ੌਜ ਦੀ ਕਾਰਵਾਈ ਦੌਰਾਨ ਹੋਈ ਗੋਲੀਬਾਰੀ ਵਿੱਚ ਸ਼ਿਰੀਨ ਅਬੂ ਅਕਲੇਹ ਦੀ ਮੌਤ ਹੋਈ ਹੈ। ਓਦੋਂ ਉਹ ਰਿਪੋਰਟਿੰਗ ਕਰ ਰਹੀ ਸੀ।ਪ੍ਰਸਾਰਕਸ ਅਲ-ਜਜ਼ੀਰਾ ਨੇ ਆਪਣੀ ਪੱਤਰਕਾਰ ਦੀ ਮੌਤ ਲਈ



ਇਸਰਾਈਲੀ ਫੋਰਸਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਇਸਰਾਈਲੀ ਫ਼ੌਜ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ। ਮਸ਼ਹੂਰ ਫਲਸਤੀਨੀ ਪੱਤਰਕਾਰ ਸ਼ਿਰੀਨ ਅਬ ਅਕਲੋਹ ਅਰਬੀ ਭਾਸ਼ੀ ਚੈਨਲ ਦੀ ਮੰਨੀ-ਪ੍ਰਮੰਨੀ ਰਿਪੋਰਟਰ ਸੀ। ਘਟਨਾ ਦੇ ਇੱਕ ਵੀਡੀਓ ਵਿੱਚ ਅਬੂ ਅਕਲੇਹ ਨੀਲੇ ਰੰਗ ਦੀ 'ਫਲੈਕ' ਜੈਕੇਟ ਪਹਿਨੇ ਨਜ਼ਰ ਆ ਰਹੀ ਹੈ, ਜਿਸ ਉੱਤੇ ਸਾਫ ਰੂਪ ਨਾਲ 'ਪ੍ਰੈਸ' ਲਿਖਿਆ ਹੋਇਆ ਹੈ। ਇਸਰਾਈਲ ਦੇ ਰੱਖਿਆ ਮੰਤਰੀ ਨੇ ਅਲ-ਜਜ਼ੀਰਾ ਦੇ ਰਿਪੋਰਟਰ ਦੀ ਹੱਤਿਆ ਦੀ ਡੂੰਘੀ ਜਾਂਚ ਕਰਨ ਦਾ ਵਾਅਦਾ ਕੀਤਾ ਤੇ ਕਿਹਾ ਕਿ ਫਿਲਸਤੀਨੀ ਅਧਿਕਾਰੀ ਉਹ ਗੋਲੀ ਇਸਰਾਈਲ ਨੂੰ ਸੌਂਪ ਦੇਣ, ਜਿਸ ਨਾਲ ਉਸਦੀ ਮੌਤ ਹੋਈ ਹੈ।

## ਬ੍ਰਿਟੇਨ ਵਿੱਚ ਮੰਦੀ ਦਾ ਅਸਰ: 15 ਲੱਖ ਪਰਿਵਾਰਾਂ ਉੱਤੇ ਭੁੱਖਮਰੀ ਦਾ ਖਤਰਾ




ਲੰਡਨ, 12 ਮਈ (ਪੋਸਟ ਬਿਊਰੋ)- ਰੂਸ ਤੇ ਯੂਕਰੇਨ ਵਿਚਾਲੇ ਚੱਲਦੀ ਜੰਗ ਕਾਰਨ ਕੱਚੇ ਤੇਲ ਦੀ ਕੀਮਤ ਸਿਖਰ ਉੱਤੇ ਪਹੁੰਚ ਗਈ ਹੈ। ਇਸ ਨਾਲ ਕਈ ਦੇਸ਼ਾਂ ਵਿੱਚ ਮਹਿੰਗਾਈ ਨੇ ਕਈ ਦਹਾਕਿਆਂ ਦਾ ਰਿਕਾਰਡ ਤੋੜ ਦਿੱਤਾ ਹੈ।

ਯੂ ਕੇ ਵਿੱਚ ਮਹਿੰਗਾਈ 30 ਸਾਲਾਂ ਦੇ ਅੱਜ ਤਕ ਦੇ ਰਿਕਾਰਡ ਪੱਧਰ ਉੱਤੇ ਪਹੁੰਚ ਗਈ ਹੈ। ਇਸ ਨਾਲ ਲੋਕਾਂ ਨੂੰ ਦੋ ਵਕਤ ਦੀ ਰੋਟੀ ਖਾਣੀ ਔਖੀ ਹੋ ਰਹੀ ਹੈ। ਨਵੀਂ ਖੋਜ ਮੁਤਾਬਕ ਅਗਲੇ ਇੱਕ ਸਾਲ ਵਿੱਚ ਲੱਗਭਗ 15 ਲੱਖ ਪਰਵਾਰ ਖਾਣ-ਪੀਣ ਅਤੇ ਊਰਜਾ (ਬਿਜਲੀ ਤੇ ਗੈਸ) ਦੇ ਬਿੱਲਾਂ ਦਾ ਭੁਗਤਾਨ ਕਰਨ ਦੀ ਸਥਿਤੀ ਵਿੱਚ ਨਹੀਂ ਹੋਣਗੇ। ਮਹਿੰਗਾਈ ਅਤੇ ਭਾਰੀ ਟੈਕਸਾਂ ਨੇ ਉਨ੍ਹਾਂ ਦਾ ਬਜਟ ਵਿਗਾੜ ਦਿੱਤਾ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਇਕਨਾਮਿਕ ਐਂਡ ਸੋਸ਼ਲ ਰਿਸਰਚ (ਐਨ ਆਈ ਈ ਐਸ ਆਰ) ਦੇ ਅਨੁਸਾਰ ਬ੍ਰਿਟੇਨ ਇਸ ਸਾਲ ਮੰਦੀ ਦੀ ਲਪੇਟ ਵਿੱਚ ਰਹੇਗਾ। ਉਨ੍ਹਾਂ ਨੇ ਵਿੱਤ ਮੰਤਰੀ ਰਿਸ਼ੀ ਸੁਨਾਹ ਨੂੰ ਇਸ ਸਥਿਤੀ ਤੋਂ ਲੋਕਾਂ ਨੂੰ ਬਚਾਉਣ ਲਈ ਹੋਰ ਕਦਮ ਚੁੱਕਣ ਲਈ ਅਪੀਲ ਕੀਤੀ ਹੈ।

ਵਿੱਤ ਮੰਤਰਾਲੇ ਦਾ ਕਹਿਣਾ ਹੈ ਕਿ ਸਰਕਾਰ ਲੋਕਾਂ ਦੀ ਹਰ ਸੰਭਵ ਮਦਦ ਕਰ ਰਹੀ ਹੈ। ਬੈਂਕ ਆਫ਼ ਇੰਗਲੈਂਡ ਦਾ ਕਹਿਣਾ ਹੈ ਕਿ ਮਹਿੰਗਾਈ ਕੁਝ ਮਹੀਨਿਆਂ ਵਿੱਚ 10 ਫ਼ੀਸਦੀ ਤਕ ਜਾ ਸਕਦੀ ਹੈ। ਰਿਪੋਰਟ ਅਨੁਸਾਰ ਸਰਕਾਰ ਨੂੰ ਮਈ ਤੇ ਅਕਤੂਬਰ ਦੇ ਵਿਚਕਾਰ ਹਰ ਹਫ਼ਤੇ ਯੂਨੀਵਰਸਲ ਕ੍ਰੈਡਿਟ ਵਿੱਚ 25 ਪੌਂਡ ਦਾ ਵਾਧਾ ਕਰਨਾ ਚਾਹੀਦਾ ਹੈ। ਇਸ ਨਾਲ ਸਰਕਾਰ ਉੱਤੇ 1.3 ਅਰਬ ਪੌਂਡ ਦਾ ਬੋਝ ਪਵੇਗਾ। ਜੇ ਲੋੜਵੰਦਾਂ ਨੂੰ ਇਹ ਸਹਿਯੋਗ ਨਾ ਦਿੱਤਾ ਤਾਂ ਦੇਸ਼ ਵਿੱਚ ਗਰੀਬੀ ਵਧੇਗੀ। 2022 ਵਿੱਚ ਮਹਿੰਗਾਈ ਦਰ 7.8 ਹੋਵੇਗੀ ਅਤੇ 2024 ਤਕ ਇਹ ਤਿੰਨ ਪ੍ਰਤੀਸ਼ਤ ਤੋਂ ਉਪਰ ਰਹੇਗੀ। ਐਨ ਆਈ ਈ ਐਸ ਆਰ ਦਾ ਕਹਿਣਾ ਹੈ ਕਿ ਸਰਕਾਰੀ ਨੀਤੀਆਂ ਨਾਲ ਦੇਸ਼ ਵਿੱਚ ਲੋਕਾਂ ਦੀ ਅਸਲ ਆਮਦਨ ਘਟੇਗੀ। ਉਨ੍ਹਾਂ ਮੁਤਾਬਕ 2022 ਵਿੱਚ ਪਰਵਾਰਾਂ ਦੀ ਅਸਲ ਆਮਦਨ ਵਿੱਚ 2.4 ਫੀਸਦੀ ਦੀ ਕਮੀ ਆਵੇਗੀ।

## ਯੂਰਪ ਦਾ ਸਭ ਤੋਂ ਵੱਡਾ ਫਲੋਟਿੰਗ ਸੋਲਰ ਪਾਰਕ ਪੁਰਤਗਾਲ 'ਚ

ਲਿਸਬਨ, 12 ਮਈ (ਪੋਸਟ ਬਿਊਰੋ)- ਪੁਰਤਗਾਲ ਵਿੱਚ ਯੂਰਪ ਦਾ ਸਭ ਤੋਂ ਵੱਡਾ ਫਲੋਟਿੰਗ ਸੋਲਰ ਪਾਰਕ ਬਣਨ ਵਾਲਾ ਹੈ। ਜੁਲਾਈ ਵਿੱਚ ਇਸ ਨੂੰ ਸ਼ੁਰੂ ਕਰਨ ਲਈ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ।

ਜਿਵੇਂ ਨਾਂਅ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਸੋਲਰ ਪਾਰਕ ਪਾਣੀ ਉੱਤੇ ਤਰੇਗਾ, ਇਸ ਲਈ ਇਸ ਨੂੰ ਬਣਾਉਣ ਲਈ ਦੋ ਟੱਗਬੋਟਸ ਨਾਲ 12000 ਸੋਲਰ ਪੈਨਲ ਲਾਏ ਗਏ ਤੇ ਇਨ੍ਹਾਂ ਨੂੰ ਪੁਰਤਗਾਲ ਦੇ ਅਲਕੇਵਾ ਰਿਜ਼ਰਵਾਇਰ ਉੱਤੇ ਰੱਖਿਆ ਗਿਆ ਹੈ। ਇਹ ਸੋਲਰ ਪਾਰਕ ਫੁੱਟਬਾਲ ਦੀਆਂ ਚਾਰ ਗਰਾਊਂਡਾਂਜਿੱਡਾ ਹੋਵੇਗਾ। ਇਸ ਫਲੋਟਿੰਗ ਸੋਲਰ ਪਾਰਕ ਨੂੰ ਈ ਡੀ ਪੀ ਨੇ ਪੱਛਮੀ ਯੂਰਪ ਦੀ ਸਭ ਤੋਂ ਵੱਡੀ ਨਕਲੀ ਝੀਲ ਉੱਤੇ ਬਣਾਇਆ ਹੈ ਅਤੇ ਇਸ ਨੂੰ ਬਣਾਉਣ ਦਾ ਮਕਸਦ ਬਾਹਰੀ ਫਿਊਲ ਉੱਤੇ ਆਪਣੀ ਨਿਰਭਰਤਾ ਘੱਟ ਕਰਨਾ ਹੈ ਕਿਉਂਕਿ ਫਿਊਲ ਦੀਆਂ ਕੀਮਤਾਂ ਯੂਕਰੇਨ ਅਤੇ ਰੂਸ ਦੀ ਜੰਗ ਦੇ ਬਾਅਦ ਤੋਂ ਕਾਫੀ ਵਧ ਗਈਆਂ ਹਨ। ਪੁਰਤਗਾਲ ਵਿੱਚ ਧੁੱਪ ਅਤੇ ਅਟਲਾਂਟਿਕ ਹਵਾਵਾਂ ਦੀ ਕੋਈ ਕਮੀ ਨਹੀਂ। ਊਰਜਾ ਦੇ ਲਈ ਅੱਜਕੱਲ੍ਹ ਪੁਰਤਗਾਲ ਨੇ ਇਸ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ ਹੈ। ਭਾਵੇਂ ਪੁਰਤਗਾਲ ਰੂਸੀ ਹਾਈਡ੍ਰੋਕਾਰਬਨ ਦੀ ਵਰਤੋਂ ਨਾ ਕਰਦਾ ਹੋਵੇ, ਫਿਰ ਵੀ ਉਸ ਦੇ ਗੈਸ ਨਾਲ ਚੱਲਣ ਵਾਲੇ ਪਾਵਰ ਪਲਾਂਟਸ ਉੱਤੇਫਿਊਲ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਪੈ ਰਿਹਾ ਹੈ।ਸੋਲਰ ਪ੍ਰੋਜੈਕਟ ਦੇ ਇੰਚਾਰਜ ਅਤੇ ਈ ਡੀ ਪੀ ਡਾਇਰੈਕਟਰ ਦਾ ਕਹਿਣਾ ਹੈ ਕਿ ਇਸ ਫਲੋਟਿੰਗ ਪਾਰਕ ਦੀ ਸਮਰੱਥਾ ਪੰਜ ਮੈਗਾਵਾਟ ਬਿਜਲੀ ਪੈਦਾ ਕਰਨ ਦੀ ਹੋਵੇਗੀ ਅਤੇ ਇਸ ਵਿੱਚ ਗੈਸ ਨਾਲ ਚੱਲਣ ਵਾਲੇ ਪਲਾਂਟ ਦੀ ਤੁਲਨਾ ਵਿੱਚ ਇੱਕ ਤਿਹਾਈ ਖਰਚ ਆਏਗਾ। ਹਾਈਡਰੋ ਪਾਵਰ ਬਣਾਉਣ ਲਈ ਅਲਕੇਵਾ ਰਿਜ਼ਰਵਾਇਰ ਉੱਤੇ ਇਹ ਪੈਨਲ ਇੱਕ ਸਾਲ ਵਿੱਚ 7.5 ਗੀਗਾਵਾਟ ਪ੍ਰਤੀ ਘੰਟਾ ਬਿਜਲੀ ਦਾ ਉਤਪਾਦਨ ਕਰਨਗੇ।

## ਕੁਈਨਜ਼ਲੈਂਡ ਵਿੱਚ ਵਾਪਰੇ ਹਾਦਸੇ ਦੌਰਾਨ ਦੋ ਮੌਤਾਂ

ਪਰਥ, 12 ਮਈ (ਪੋਸਟ ਬਿਊਰੋ)- ਬ੍ਰਿਸਬੇਨ ਦੇ ਦੱਖਣ-ਪੱਛਮ ਵਿੱਚ ਕੱਲ੍ਹ ਸਵੇਰੇ ਹੋਏ ਇੱਕ ਭਿਆਨਕ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਚਾਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਹੈ।

ਸਵੇਰੇ 6.20 ਵਜੇ ਤਿੰਨ ਕਾਰਾਂ ਦੀ ਟੱਕਰ ਪਿੱਛੋਂ ਸੈਂਟਰਨੀ ਹਾਈਵੇਅ ਸਾਰਾ ਦਿਨ ਬੰਦ ਰਹਿਣ ਕਾਰਨ ਮਦਰਜ਼ ਡੇਅ ਉੱਤੇ ਆਵਾਜਾਈ ਵਿੱਚ ਹਫੜਾ-ਦਫੜੀ ਦਾ ਮਾਹੌਲ ਰਿਹਾ। ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਪੱਛਮ ਵੱਲ ਜਾ ਰਹੀ ਕਾਰ ਸੜਕ ਦੇ ਪਾਰ ਦੂਸਰੀਆਂ ਦੋ ਕਾਰਾਂ ਨਾਲ ਟਕਰਾਅ ਗਈ ਸੀ।ਲੋਗਾਨ ਤੋਂ 22 ਸਾਲਾ ਵਿਅਕਤੀ, ਜਿਹੜਾ ਮਿਤਸੂਬਿਸ਼ੀ



ਚਲਾ ਰਿਹਾ ਸੀ, ਜਿਹੜੀ ਪੱਛਮ ਵਾਲੇ ਪਾਸੇ ਦੀ ਲੇਨ ਵਿੱਚ ਚੱਲ ਰਹੀ ਸੀ, ਦੀ ਮੌਕੇ ਉੱਤੇ ਮੌਤ ਹੋ ਗਈ। ਉਸ ਦੀ ਕਾਰ ਵਿੱਚ ਸਵਾਰ ਇੱਕ ਹੋਰ 22 ਸਾਲਾ ਯਾਤਰੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਮਾਊਂਟ ਵੈਰਨ ਪਾਰਕ ਤੋਂ 30 ਸਾਲਾ ਵਿਅਕਤੀ, ਜਿਹੜਾ ਪੂਰਬ ਵਾਲੇ ਪਾਸੇ ਮਾਜ਼ਦਾ ਚਲਾ ਰਿਹਾ ਸੀ, ਦੀ ਵੀ ਮੌਕੇ ਉਤੇ ਮੌਤ ਹੋ ਗਈ। ਉਸਦੀ ਕਾਰ ਵਿੱਚ ਸਵਾਰ ਦੋ ਯਾਤਰੀ 32 ਸਾਲਾ ਔਰਤ ਤੇ ਇੱਕ 28 ਸਾਲਾ ਵਿਅਕਤੀ ਨੂੰ ਗੰਭੀਰ ਸੱਟਾਂ ਲੱਗਣ ਕਾਰਨ ਹਸਪਤਾਲ ਲਿਜਾਇਆ ਗਿਆ।ਤੀਸਰੀ ਕਾਰ ਦੀ 24 ਸਾਲਾ ਡਰਾਈਵਰ ਔਰਤ ਨੂੰ ਸਥਿਰ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ। ਦੁਰਘਟਨਾ ਸੁਪਰਿੰਗ ਫ਼ੀਲਡ ਅਤੇ ਵਾਈਟ ਰੌਕ ਵਿਚਕਾਰ ਸੈਂਟਰਨੀ ਹਾਈਵੇਅ ਉਤੇ ਵਾਪਰੀ, ਜਿਸ ਕਾਰਨ ਹਾਈਵੇਅ ਸੱਤ ਘੰਟੇ ਬੰਦ ਰਿਹਾ। ਕੁਈਨਸਲੈਂਡ ਐਂਬੂਲੈਂਸ ਨੇ ਕਿਹਾ ਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦੁਰਘਟਨਾ ਉਸ ਸਮੇਂ ਵਾਪਰੀ, ਜਦੋਂ ਦੋ ਮੋਟਰ ਗੱਡੀਆਂ ਦੀ ਆਪਸ ਵਿੱਚ ਸਿੱਧੀ ਟੱਕਰ ਹੋ ਗਈ ਤੇ ਤੀਸਰੀ ਰੁਕਣ ਵਿੱਚ ਅਸਮਰਥ ਹੋ ਗਈ ਅਤੇ ਮਲਬੇ ਨਾਲ ਜਾ ਟਕਰਾਈ।

## ਪ੍ਰਿੰਸ ਚਾਰਲਸ ਵੱਲੋਂ ਮਹਾਰਾਣੀ ਐਲਿਜ਼ਾਬੈਥ ਦੀ ਥਾਂ ਪਾਰਲੀਮੈਂਟ ਨੂੰ ਸੰਬੋਧਨ

ਲੰਡਨ, 12 ਮਈ (ਪੋਸਟ ਬਿਊਰੋ)- ਕੱਲ੍ਹ ਸ਼ੁਰੂ ਹੋਏ ਬ੍ਰਿਟਿਸ਼ ਪਾਰਲੀਮੈਂਟ ਦੇ ਸੈਸ਼ਨ ਦੇ ਰਿਵਾਇਤੀ ਉਦਘਾਟਨ ਵਿੱਚ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ-2 ਚੱਲਣ ਵਿੱਚ ਦਿੱਕਤ ਆਉਣ ਕਾਰਨਮੌਜੂਦ ਨਹੀਂ ਹੋ ਸਕੀ। ਉਨ੍ਹਾਂ ਦੀ ਥਾਂ ਪ੍ਰਿੰਸ ਚਾਰਲਸ ਨੇ ਪਹਿਲੀ ਵਾਰ ਆਪਣੀ ਮਾਂ ਦਾ ਭਾਸ਼ਣ ਪੜ੍ਹਿਆ ਅਤੇ ਅਗਲੇ ਸਾਲ ਲਈ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਬਕਿੰਘਮ ਪੈਲਿਸ ਅਨੁਸਾਰ 96 ਸਾਲਾ ਮਹਾਰਾਣੀ ਐਲਿਜ਼ਾਬੈਥ ਨੇ ਇਹ ਫੈਸਲਾ ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲਿਆ।

ਪੈਲੇਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਮਹਾਰਾਣੀ ਦੀ ਬੇਨਤੀ ਉਤੇ ਸਬੰਧਤ ਅਧਿਕਾਰੀਆਂ ਨੇ ਪ੍ਰਿੰਸ ਆਫ ਵੇਲਜ਼ ਨੂੰ ਮਹਾਰਾਣੀ ਦਾ ਭਾਸ਼ਣ ਪੜ੍ਹਨ ਦੀ ਸਹਿਮਤੀ ਦਿੱਤੀ। ਇਸ ਮੌਕੇ ਡਿਊਕ ਆਫ ਕੈਮਬ੍ਰਿਜ ਪ੍ਰਿੰਸ ਵਿਲੀਅਮ ਅਤੇ ਕੈਮਿਲਾ ਪਾਰਵਕ ਵੀ ਮੌਜੂਦ ਹੋਏ। 1952 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਮਹਾਰਾਣੀ ਐਲਿਜ਼ਾਬੈਥ ਸਿਰਫ ਦੋ ਵਾਰ 1959 ਅਤੇ 1963 ਵਿੱਚ ਪਾਰਲੀਮੈਂਟ ਦੇ



ਉਦਘਾਟਨੀ ਸੈਸ਼ਨ ਵਿੱਚ ਸ਼ਾਮਲ ਨਹੀਂ ਹੋ ਸਕੀ। ਉਸ ਸਮੇਂ ਉਹ ਪ੍ਰਿੰਸ ਐਂਡਰਿਊ ਅਤੇ ਪ੍ਰਿੰਸ ਐਡਵਰਡ ਦੇ ਜਨਮ ਬਾਰੇ ਗਰਭਵਤੀ ਸੀ। ਪਿਛਲੇ 59 ਸਾਲਾਂ ਵਿੱਚ ਇਹ ਪਹਿਲੀ ਵਾਰ ਅਤੇ ਪੂਰੇ ਸ਼ਾਸ਼ਨ ਦੌਰਾਨ ਤੀਜੀ ਵਾਰ ਹੈ ਜਦੋਂ ਮਹਾਰਾਣੀ ਨੇ ਪਾਰਲੀਮੈਂਟ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਨਾ ਕੀਤਾ ਹੋਵੇ।

## ਰਾਸ਼ਟਰਪਤੀ ਜ਼ੈਲੇਂਸਕੀ ਦੀ ਜੈਕਟ ਲੰਡਨ ਵਿੱਚ ਇੱਕ ਲੱਖ ਡਾਲਰ ਦੀ ਵਿਕੀ



ਲੰਡਨ, 12 ਮਈ (ਪੋਸਟ ਬਿਊਰੋ)- ਕਰੀਬ ਢਾਈ ਮਹੀਨੇ ਤੋਂ ਰੂਸ ਦਾ ਮੁਕਾਬਲਾ ਕਰ ਰਹੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਵੱਲੋਂ ਮਦਦ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਇਸ ਦੌਰਾਨ ਜ਼ੈਲੇਂਸਕੀ ਦੀ ਜੈਕੇਟ ਲੰਡਨ ਵਿੱਚ ਨੀਲਾਮ ਕੀਤੀ ਤਾਂ ਉਨ੍ਹਾਂ ਦੇ ਦਸਤਖ਼ਤ ਵਾਲੀ ਜੈਕੇਟ ਕੱਲ੍ਹ 90 ਹਜ਼ਾਰ ਪੌਂਡ ਦੀ ਵਿਕੀ। 24 ਫ਼ਰਵਰੀ ਨੂੰ ਜਦੋਂ ਰੂਸ ਨੇ ਯੂਕਰੇਨ ਉਤੇ ਹਮਲਾ ਕੀਤਾ ਸੀ, ਉਦੋਂ ਜ਼ੈਲੇਂਸਕੀ ਨੂੰ ਯੁੱਧ ਦੇ ਸ਼ੁਰੂ ਦੇ ਦਿਨਾਂ ਵਿੱਚ ਇਹੀ ਜੈਕਟ ਪਹਿਨ ਕੇ ਰਾਜਧਾਨੀ ਕੀਵ ਦੀਆਂ ਸੜਕਾਂ ਉਤੇ ਘੁੰਮਦੇ ਸਨ। ਲੰਡਨ ਵਿਚਲੇ ਯੂਕਰੇਨ ਦੇ ਦੂਤਘਰ ਨੇ ਟਵਿੱਟਰ ਉਤੇ ਇੱਕ ਵੀਡੀਓ ਜਾਰੀ ਕਰ ਕੇ ਕਿਹਾ ਕਿ ਜਦੋਂ ਯੁੱਧ ਸ਼ੁਰੂ ਹੋਇਆ ਤਾਂ ਦੁਨੀਆ ਨੂੰ ਵਿਸ਼ਵਾਸ ਨਹੀਂ ਸੀ ਕਿ ਯੂਕਰੇਨ ਤਿੰਨ ਦਿਨਾਂ ਤੋਂ ਵੱਧ ਟਿਕ ਸਕੇਗਾ ਪਰ ਇਸ ਵੱਲੋਂ ਲੰਬੇ ਸਮੇਂ ਤੋਂ ਬਹਾਦਰੀ ਦਿਖਾਈ ਜਾ ਰਹੀ ਹੈ। ਉਦੋਂ ਪੂਰੀ ਦੁਨੀਆ ਨੇ ਜ਼ੈਲੇਂਸਕੀ ਨੂੰ ਸਾਧਾਰਨ ਜੈਕਟ ਪਹਿਨ ਕੇ ਕੀਵ ਦੇ ਆਲੇ-ਦੁਆਲੇ ਘੁੰਮਦੇ ਦੇਖਿਆ ਤੇ ਕੱਲ੍ਹ ਇੱਥੇ ਇਹ ਸਭ ਤੋਂ ਦੁਰਲੱਭ ਵਸਤੂ ਨੀਲਾਮੀ ਲਈ ਪ੍ਰਦਰਸ਼ਿਤ ਕੀਤੀ ਗਈ। ਯੂਕਰੇਨ ਦੇ ਦੂਤਘਰ ਮੁਤਾ-ਬਕ ਇਹ ਦਾਨ ਮੁਹਿੰਮ ਬਹਾਦੁਰ ਯੂਕਰੇਨ ਦੇ ਨਾਂ ਹੇਠ ਚਲਾਈ ਜਾ ਰਹੀ ਹੈ। ਇਸ ਮੌਕੇ ਯੂਕਰੇਨ ਦੀ ਬਹਾਦਰੀ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਰਾਹੀਂ ਜੰਗ ਨਾਲ ਤਬਾਹ ਹੋਏ ਦੇਸ਼ ਲਈ ਦਾਨ ਇਕੱਠਾ ਕੀਤਾ ਜਾ ਰਿਹਾ ਹੈ। ਮੁਹਿੰਮ ਵਿੱਚ ਯੂਕਰੇਨ ਦੀ ਫ਼ਸਟ ਲੇਡੀ ਓਲੇਨਾ ਜ਼ੈਲੇਂਸਕੀ ਵੱਲੋਂ ਦਾਨ ਕੀਤੇ ਖਿਡੌਣੇ ਅਤੇ ਲੰਡਨ ਵਿੱਚ ਟੈਟ ਮਾਡਰਨ ਆਰਟ ਗੈਲਰੀ ਵਿੱਚ ਮਰਹੂਮ ਫ਼ੋਟੋਗ੍ਰਾਫ਼ਰ ਮੈਕਸ ਲੇਵਿਨ ਦੀਆਂ ਫੋਟੋ ਵੀ ਨੀਲਾਮ ਕੀਤੀਆਂ ਗਈਆਂ। ਮੁਹਿੰਮ ਦੇ ਹਿੱਸੇ ਵਜੋਂ ਯੂਕਰੇਨ ਵਿੱਚ ਮਾਨਵਤਾਵਾਦੀ ਮਦਦ ਲਈ 10 ਲੱਖ ਡਾਲਰ ਤੋਂ ਵੱਧ ਇਕੱਠੇ ਹੋਏ।

## ਪੋਲੈਂਡ ਵਿੱਚ ਰੂਸੀ ਰਾਜਦੂਤ ਉਤੇ ਲਾਲ ਰੰਗ ਸੁੱਟਿਆ




ਵਾਰਸਾ, 12 ਮਈ (ਪੋਸਟ ਬਿਊਰੋ)- ਰੂਸ ਦੇ ਪੋਲੈਂਡ ਵਿੱਚ ਰਾਜਦੂਤ ਸਰਗੇਈ ਆਂਦਰੀਵ 'ਤੇ ਕੱਲ੍ਹ ਪ੍ਰਦਰਸ਼ਨਕਾਰੀਆਂ ਨੇ ਲਾਲ ਰੰਗ ਸੁੱਟ ਦਿੱਤਾ। ਉਹ ਦੂਜੀ ਵਿਸ਼ਵ ਜੰਗ ਦੌਰਾਨ ਮਾਰੇ ਗਏ ਸੋਵੀਅਤ ਫੌਜੀਆਂ ਨੂੰ ਇੱਥੇ ਕਬਰਸਤਾਨ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਏ ਸਨ। ਯੂਕਰੇਨ ਖਿਲਾਫ ਰੂਸ ਵੱਲੋਂ ਜੰਗ ਵਿਰੁੱਧ ਉਥੇ ਮੌਜੂਦ ਕੁਝ ਲੋਕ ਸਰਗੇਈ ਦੀ ਉਡੀਕ ਕਰ ਰਹੇ ਸਨ। ਵੀਡੀਓ ਫੁਟੇਜ ਵਿੱਚ ਦਿਖਾਈ ਦੇਂਦਾ ਹੈ ਕਿ ਆਂਦਰੀਵ ਦੇ ਪਿੱਛੋਂ ਲਾਲ ਰੰਗ ਸੁੱਟਿਆ ਗਿਆ। ਇਸ ਮਗਰੋਂ ਉਨ੍ਹਾਂ ਨਾਲ ਖੜ੍ਹੇ ਇੱਕ ਪ੍ਰਦਰਸ਼ਨਕਾਰੀ ਨੇ ਉਨ੍ਹਾਂ ਦੇ ਚਿਹਰੇ ਉੱਤੇ ਰੰਗ ਸੁੱਟ ਦਿੱਤਾ।

ਪ੍ਰਦਰਸ਼ਨਕਾਰੀਆਂ ਨੇ ਰਾਜਦੂਤ ਅਤੇ ਰੂਸੀ ਵਫਦ ਨੂੰ ਯਾਦਗਾਰ ਉਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਤੋਂ ਰੋਕ ਦਿੱਤਾ। ਉਨ੍ਹਾਂ ਨੇ ਹੱਥਾਂ ਵਿੱਚ ਯੂਕਰੇਨੀ ਝੰਡੇ ਫੜੇ ਹੋਏ ਸਨ ਅਤੇ ਫਾਸ਼ੀਵਾਦ ਦੇ ਨਾਅਰੇ ਲਾ ਰਹੇ ਸਨ। ਕੁਝ ਨੇ ਖ਼ੂਨ ਦੇ ਧੱਬਿਆਂ ਵਾਲੀਆਂ ਸਫੈਦ ਚਾਦਰਾਂ ਪਹਿਨੀਆਂ ਹੋਈਆਂ ਸਨ। ਰੂਸੀ ਵਫਦ ਵਿਚਲੇ ਕੁਝ ਹੋਰ ਵਿਅਕਤੀਆਂ ਉਤੇ ਵੀ ਲਾਲ ਰੰਗ ਲੱਗਾ ਮਿਲਿਆ। ਪੁਲਸ ਨੇ ਮੌਕੇ ਉਤੇ ਪਹੁੰਚ ਕੇ ਰਾਜਦੂਤ ਅਤੇ ਵਫਦ ਦੇ ਹੋਰ ਮੈਂਬਰਾਂ ਨੂੰ ਸੁਰੱਖਿਅਤ ਕੱਢਿਆ।

## ਸੋਲੋਮਨ ਟਾਪੂ ਨੇ ਚੀਨ ਨੂੰ ਪਾਸੇ ਕਰ ਕੇ ਆਸਟ੍ਰੇਲੀਆ ਨਾਲ ਸਮਝੌਤਾ ਕਰ ਲਿਆ

ਕੈਨਬਰਾ, 12 ਮਈ (ਪੋਸਟ ਬਿਊਰੋ)- ਆਸਟ੍ਰੇਲੀਆ ਅਤੇ ਸੋਲੋਮਨ ਟਾਪੂ ਦੇ ਨੇਤਾਵਾਂ ਦੀ ਗੱਲਬਾਤ ਨਾਲ ਚੀਨ ਦੀਆਂ ਇੱਛਾਵਾਂ ਉੱਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ। ਸੋਲੋਮਾਨ ਟਾਪੂ ਨੇ ਐਲਾਨ ਕੀਤਾ ਹੈ ਕਿ ਉਹ ਆਪਣੀ ਧਰਤੀ ਉੱਤੇ ਕਿਸੇ ਨੂੰ ਵੀ ਵਿਦੇਸ਼ੀ ਫ਼ੌਜੀ ਟਿਕਾਣੇ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗਾ।



ਇਸ ਐਲਾਨ ਨੂੰ ਚੀਨ ਦੀ ਵੱਡੀ ਕੂਟਨੀਤਕ ਹਾਰ ਮੰਨਿਆ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਚੀਨ ਨੇ ਸੋਲੋਮਾਨ ਟਾਪੂ ਨਾਲ ਨਵੇਂ ਸੁਰੱਖਿਆ ਸਮਝੌਤੇ ਦਾ ਐਲਾਨ ਕਰ ਕੇ ਦਾਅਵਾ ਕੀਤਾ ਸੀ ਕਿ ਇਸ ਟਾਪੂ ਵਿੱਚ ਸ਼ਾਂਤੀ ਅਤੇ ਸਥਿਰਤਾ ਦੇ ਉਦੇਸ਼ ਨਾਲ ਇਹ ਸਮਝੌਤਾ ਆਪਸੀ ਲਾਭਕਾਰੀ ਹੈ। ਇਸਦੇ ਬਾਅਦ ਆਸਟ੍ਰੇਲੀਆ, ਅਮਰੀਕਾ, ਨਿਊਜ਼ੀਲੈਂਡ ਅਤੇ ਜਾਪਾਨ ਨੇ ਇਸ ਸਮਝੌਤੇ ਉੱਤੇ ਇਤਰਾਜ਼ ਪ੍ਰਗਟਾਇਆ ਸੀ।ਸੁਰੱਖਿਆ ਸੌਦੇ ਬਾਰੇ ਸੋਲੋਮਾਨ ਟਾਪੂ ਦੇ ਵਿਦੇਸ਼ ਮੰਤਰੀ ਨਾਲ ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਨੇ ਪਹਿਲੀ ਵਾਰ ਮੁਲਾਕਾਤ ਕੀਤੀ ਅਤੇ ਆਸਟ੍ਰੇਲੀਆ ਨੇ ਅਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ। ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਪੂਰਬੀ ਤੱਟਵਰਤੀ ਸ਼ਹਿਰ ਬ੍ਰਿਸਬੇਨ ਵਿੱਚ ਸੋਲੋਮਨ ਟਾਪੂ ਵਿਕਾਸ ਯੋਜਨਾ ਅਤੇ ਸਹਾਇਤਾ ਤਾਲਮੇਲ ਮੰਤਰੀ ਨਾਲ ਮੁਲਾਕਾਤ ਕੀਤੀ।

ਚੀਨ ਨੇ ਇਸ ਬੈਠਕ ਉਤੇ ਅਜੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।ਇੱਕ ਬਿਆਨ ਵਿੱਚ ਆਸਟ੍ਰੇਲੀਆ ਨੇ ਕਿਹਾ ਕਿ ਅਸੀਂਹਮੇਸ਼ਾ ਸੋਲੋਮਨ ਟਾਪੂ ਦੀ ਪ੍ਰਭੂਸੱਤਾ ਅਤੇ ਫ਼ੈਸਲੇ ਲੈਣ ਦੀ ਆਜ਼ਾਦੀ ਦਾ ਸਨਮਾਨ ਕਰਦੇ ਹਾਂ, ਪਰ ਚੀਨ ਨਾਲ ਸੁਰੱਖਿਆ ਸਮਝੌਤੇ ਵਿੱਚ ਪਾਰਦਰਸ਼ਤਾ ਦੀ ਕਮੀ ਸਮੇਤ ਉਨ੍ਹਾਂ ਦੇ ਨੇਤਾਵਾਂ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਹੈ। ਦੋਵੇਂ ਨੇਤਾ ਇਸ ਗੱਲ ਉਤੇ ਸਹਿਮਤ ਹੋਏ ਕਿ ਆਸਟ੍ਰੇਲੀਆ ਸੋਲੋਮਨ ਟਾਪੂ ਦਾ ਮਜ਼ਬੂਤ ਅਤੇ ਭਰੋਸੇਮੰਦ ਸੁਰੱਖਿਆ ਭਾਈਵਾਲ ਬਣਿਆ ਰਹੇਗਾ ਅਤੇ ਸੋਲੋਮਨ ਟਾਪੂ ਆਸਟ੍ਰੇਲੀਆ ਦੇ ਉਤਰ-ਪੂਰਬੀ ਤੱਟ ਤੋਂ 2,000 ਕਿਲੋਮੀਟਰ ਤੋਂ ਘੱਟ ਦੂਰੀ ਉ/ਤੇ ਕੋਈ ਵਿਦੇਸ਼ੀ ਫ਼ੌਜੀ ਬੇਸ ਸਥਾਪਤ ਨਹੀਂ ਹੋਣ ਦੇਵੇਗਾ।

## ਉਡਦੇ ਜਹਾਜ਼ ਵਿੱਚ ਪਾਇਲਟ ਦੀ ਸਿਹਤ ਵਿਗੜੀ, ਯਾਤਰੀ ਨੇ ਲੈਂਡਿੰਗ ਕਰਵਾਈ

ਵਾਸ਼ਿੰਗਟਨ, 12 ਮਈ (ਪੋਸਟ ਬਿਊਰੋ)- ਉਡਾਣ ਦੌਰਾਨ ਹਵਾਈ ਜਹਾਜ਼ ਦੇ ਪਾਇਲਟ ਦੀ ਸਿਹਤ ਅਚਾਨਕ ਖ਼ਰਾਬ ਹੋ ਗਈ ਤਾਂ ਇੱਕ ਯਾਤਰੀ ਨੇ ਜਹਾਜ਼ ਦਾ ਕੰਟਰੋਲ ਸੰਭਾਲਿਆ। ਹੈਰਾਨੀ ਦੀ ਗੱਲ ਹੈ ਕਿ ਯਾਤਰੀ ਕੋਲ ਜਹਾਜ਼ ਉਡਾਣ ਦਾ ਕੋਈ ਅਨੁਭਵ ਨਹੀਂ ਸੀ, ਪਰ ਉਹ ਸੇਸਨਾ ਕਾਰਵਾਂ ਨਾਮ ਦੇ ਜਹਾਜ਼ ਦੀ ਸੁਰੱਖਿਅਤ ਲੈਂਡਿੰਗ ਕਰ ਲਈ।

ਇਹ ਮਾਮਲਾ ਅਮਰੀਕਾ ਦੇ ਫ਼ੋਲਰੀਡਾ ਦਾ ਹੈ। ਇਹ ਅਨੋਖੀ ਘਟਨਾ ਪਾਮ ਬੀਚ ਇੰਟਰਨੈਸ਼ਨਲ ਹਵਾਈ ਅੱਡੇ ਉੱਤੇਵਾਪਰੀ। ਏਅਰ ਟ੍ਰੈਫ਼ਿਕ ਕੰਟਰੋਲਰਜ਼ ਦੀ ਮਦਦ ਨਾਲ ਉਸ ਨੇ ਸੁਰੱਖਿਅਤ ਲੈਂਡਿੰਗ ਕਰਾਈ। ਯਾਤਰੀ ਨੇ ਕਿਹਾ ਕਿ ਉਹ ਮੁਸ਼ਕਲ ਹਾਲਾਤ ਵਿੱਚ ਸੀ। ਸੇਸਨਾ ਕਾਰਵਾਂ ਦੇ ਯਾਤਰੀ ਨੇ ਏਅਰ ਟ੍ਰੈਫ਼ਿਕ ਕੰਟਰੋਲ ਨੂੰ ਦੱਸਿਆ ਕਿ ਮੇਰਾ ਪਾਇਲਟ ਹੋਸ਼ ਵਿੱਚ ਨਹੀਂ, ਮੈਨੂੰ ਜਹਾਜ਼ ਉਡਾਉਣ ਦੀ ਕੋਈ



ਜਾਣਕਾਰੀ ਨਹੀਂ। ਉਦੋਂ ਉਹ ਮੰਜ਼ਲ ਤੋਂ ਕਰੀਬ 112 ਕਿਲੋਮੀਟਰ ਦੂਰ ਸੀ। ਵਰਨਣ ਯੋਗ ਹੈ ਕਿ ਸੇਸਨਾ ਦੇ 38 ਫ਼ੁਟ ਲੰਮੇ ਇਸ ਜਹਾਜ਼ ਨੂੰ 346 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਚਲਾਇਆ ਜਾ ਸਕਦਾ ਹੈ ਅਤੇ ਇਸ ਵਿੱਚ 14 ਲੋਕ ਬੈਠ ਸਕਦੇ ਹਨ।ਰਿਪੋਰਟ ਮੁਤਾਬਕ ਏਅਰ ਟ੍ਰੈਫ਼ਿਕ ਕੰਟਰੋਲ ਦੇ ਡਿਸਪੈਚਰ ਨੇ ਯਾਤਰੀ ਨੂੰ ਕਿਹਾ ਕਿ ਤੁਹਾਡੀ ਪੁਜੀਸ਼ਨ ਕੀ ਹੈ। ਇਸ ਮਗਰੋਂ ਜਵਾਬ ਆਇਆ ਕਿ ਮੈਨੂੰ ਕੋਈ ਆਈਡੀਆ ਨਹੀਂ, ਮੈਂ ਆਪਣੇ ਸਾਹਮਣੇ ਫ਼ਲੋਰੀਡਾ ਦਾ ਤੱਟ ਦੇਖ ਸਕਦਾ ਹਾਂ। ਮੈਨੂੰ ਹੋਰ ਕੋਈ ਜਾਣਕਾਰੀ ਨਹੀਂ। ਉਦੋਂ ਡਿਸਪੈਚਰ ਨੇ ਉਨ੍ਹਾਂ ਨੂੰ ਜਹਾਜ਼ ਦੇ ਵਿੰਗ ਲੈਵਲ ਨੂੰ ਸੰਤੁਲਿਤ ਕਰਨ ਅਤੇ ਤੱਟ ਨਾਲ ਚਲਣ ਲਈ ਕਿਹਾ ਅਤੇ ਦੱਸਿਆ ਕਿ ਉਹ ਜਹਾਜ਼ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੰਟਰੋਲਰ ਨੇ ਜਹਾਜ਼ ਨੂੰ ਹੇਠਾਂ ਲਿਆਉਣ ਵਿੱਚ ਮਦਦ ਕੀਤੀ ਅਤੇ ਆਖ਼ਰ ਉਹ ਜਹਾਜ਼ ਨੂੰ ਟ੍ਰੇਸ ਕਰਨ ਵਿੱਚ ਸਫ਼ਲ ਹੋ ਗਏ। ਉਦੋਂ ਜਹਾਜ਼ ਬੋਕਾ ਰੈਟਾਨ ਦੇ ਪਾਮ ਬੀਚ ਤੋਂ ਕਰੀਬ 40 ਕਿਲੋਮੀਟਰ ਉਤਰੀ ਦਿਸ਼ਾ ਵਿੱਚ ਸੀ। ਉਥੋਂ ਟ੍ਰੈਫ਼ਿਕ ਕੰਟਰੋਲਰ ਨੇ ਯਾਤਰੀ ਨੂੰ ਗਾਈਡ ਕੀਤਾ ਤਾਂ ਜਹਾਜ਼ ਦੀ ਸੁਰੱਖਿਅਤ ਲੈਂਡਿੰਗ ਹੋ ਗਈ।ਇੱਕ ਏਵੀਏਸ਼ਨ ਮਾਹਰ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ। ਮੈਂ ਕਦੇ ਨਹੀਂ ਸੁਣਿਆ ਕਿ ਇਸ ਸੇਸਨਾ ਕਾਰਵਾਂ ਨੂੰ ਕਿਸੇ ਉਸ ਸ਼ਖ਼ਸ ਨੇ ਲੈਂਡ ਕਰਾਇਆ ਹੈ ਜਿਸ ਕੋਲ ਕੋਈ ਏਅਰੋਨੌਟੀਕਲ ਐਕਸਪੀਰੀਐਂਸ ਨਾ ਹੋਵੇ।

## ਦਾਨਿਸ਼ ਕਨੇਰੀਆ ਵੱਲੋਂ ਦੋਸ਼, ਅਫਰੀਦੀ ਨੇ ਮੈਨੂੰ ਇਸਲਾਮ ਕਬੂਲਣ ਲਈ ਮਜਬੂਰ ਕੀਤੈ

ਲਾਹੌਰ, 12 ਮਈ (ਪੋਸਟ ਬਿਊਰੋ)- ਸਾਬਕਾ ਪਾਕਿਸਤਾਨੀ ਕ੍ਰਿਕਟਰ ਦਾਨਿਸ਼ ਕਨੇਰੀਆ ਨੇ ਕੱਲ੍ਹ ਕਿਹਾ ਹੈ ਕਿ ਸਾਬਕਾ ਕ੍ਰਿਕਟ ਕਪਤਾਨ ਸ਼ਾਹਿਦ ਅਫਰੀਦੀ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇ ਉਸ ਨੇ ਇਸਲਾਮ ਨਾ ਕਬੂਲਿਆਂ ਤਾਂ ਉਸ ਦਾ ਕਰੀਅਰ ਤਬਾਹ ਕਰ ਦਿੱਤਾ ਜਾਵੇਗਾ, ਇਸ ਲਈ ਉਸ ਨੇ ਧਰਮ ਬਦਲਿਆ ਸੀ।

ਕਨੇਰੀਆ ਨੇ ਕਿਹਾ, ''ਭਾਰਤ ਸਾਡਾ ਦੁਸ਼ਮਣ ਨਹੀਂ, ਸਾਡੇ ਦੁਸ਼ਮਣ ਉਹ ਲੋਕ ਹਨ, ਜਿਹੜੇ ਲੋਕਾਂ ਨੂੰ ਧਰਮ ਦੇ ਨਾਂ ਉੱਤੇ ਭੜਕਾਉਂਦੇ ਹਨ। ਜੇ ਤੁਸੀਂ ਭਾਰਤ ਨੂੰ ਦੁਸ਼ਮਣ ਮੰਨਦੇ ਹੋ ਤਾਂ ਫਿਰ ਕਿਸੇ ਭਾਰਤੀ ਮੀਡੀਆ ਚੈਨਲ ਉੱਤੇ ਨਾ ਜਾਓ।'' ਉਸ ਨੇ ਅਗਲੇ ਟਵੀਟ ਵਿੱਚ ਕਿਹਾ, ''ਜਦੋਂ ਮੈਂ ਜਬਰਦਸਤੀ ਧਰਮ ਤਬਦੀਲ



ਕਰਾਉਣ ਖ਼ਿਲਾਫ਼ ਆਵਾਜ਼ ਚੁੱਕੀ ਸੀ ਤਾਂ ਮੈਨੂੰ ਧਮਕੀ ਦਿੱਤੀ ਗਈ ਕਿ ਉਸ ਦਾ ਕਰੀਅਰ ਤਬਾਹ ਕੀਤਾ ਜਾ ਸਕਦਾ ਹੈ।'' ਕਨੇਰੀਆ ਨੇ ਇਸ ਤੋਂ ਪਹਿਲਾਂ ਇੱਕ ਇੰਟਰਵਿਊ ਵਿੱਚ ਕਿਹਾ ਸੀ, ''ਸ਼ਾਹਿਦ ਅਫਰੀਦੀ ਇਕੱਲਾ ਸੀ, ਜਿਸ ਨੇ ਮੈਨੂੰ ਨੀਵਾਂ ਦਿਖਾਉਣਾ ਚਾਹਿਆ। ਅਸੀਂ ਇੱਕੋ ਵਿਭਾਗ ਲਈ ਖੇਡਿਆ ਕਰਦੇ ਸੀ। ਉਹ ਮੈਨੂੰ ਬੈਂਚ ਉੱਤੇ ਹੀ ਬਿਠਾਈ ਰੱਖਦਾ ਤੇ ਵੰਨ ਡੇ ਟੂਰਨਾਮੈਂਟ ਨਹੀਂ ਖੇਡਣ ਦਿੰਦਾ ਸੀ।'' ਉਸ ਨੇ ਕਿਹਾ, ''ਮੈਂ ਆਪਣੇ ਧਰਮ ਵਿੱਚ ਭਰੋਸਾ ਰੱਖਦਾ ਹਾਂ ਤੇ ਇਹ ਕ੍ਰਿਕਟ ਉੱਤੇ ਨਿਰਭਰ ਨਹੀਂ।''

ਇਸ ਦੇ ਜਵਾਬ ਵਿੱਚ ਅਫਰੀਦੀ ਨੇ ਕਿਹਾ, ''ਜਿਹੜਾ ਵਿਅਕਤੀ ਇਹ ਸਭ ਕਹਿ ਰਿਹਾ ਹੈ, ਉਸ ਦੇ ਕਿਰਦਾਰ ਨੂੰ ਦੇਖੋ। ਉਹ ਪੈਸਾ ਤੇ ਸ਼ੋਹਰਤ ਕਮਾਉਣ ਲਈ ਮੇਰੇ ਉੱਤੇ ਦੋਸ਼ ਲਾ ਰਿਹਾ ਹੈ।'' ਅਫਰੀਦੀ ਨੇ ਕਿਹਾ, ''ਕਨੇਰੀਆ ਮੇਰੇ ਛੋਟੇ ਭਰਾ ਵਾਂਗ ਸੀ ਤੇ ਮੈਂ ਉਸ ਨਾਲ ਕਈ ਸਾਲ ਇੱਕੋ ਵਿਭਾਗ ਲਈ ਖੇਡ ਚੁੱਕਾ ਹਾਂ। ਜੇ ਮੇਰਾ ਰਵੱਈਆ ਬੁਰਾ ਸੀ ਤਾਂ ਉਸ ਨੇ ਪਾਕਿਸਤਾਨ ਕ੍ਰਿਕਟ ਬੋਰਡ ਜਾਂ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਿਕਾਇਤ ਕਿਉਂ ਨਾ ਕੀਤੀ? ਉਹ ਸਾਡੇ ਦੁਸ਼ਮਣ ਮੁਲਕ ਨੂੰ ਇੰਟਰਵਿਊ ਦੇ ਰਿਹਾ ਹੈ, ਜਿਸ ਨਾਲ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ।''

## ਭਿੱਖੀਵਿੰਡ ਵਿੱਚ ਇੱਕ ਧਾਰਮਿਕ ਡੇਰੇ ਨੂੰ ਬਿਜਲੀ ਚੋਰੀ ਲਈ 26 ਲੱਖ ਰੁਪਏ ਜੁਰਮਾਨਾ



ਪਟਿਆਲਾ, 12 ਮਈ, (ਪੋਸਟ ਬਿਊਰੋ)- ਪੰਜਾਬ ਪਾਵਰਕਾਮ (ਪੀ ਐੱਸਪੀ ਸੀ ਐਲ) ਦੇ ਇਕ ਬੁਲਾਰੇ ਨੇ ਦੱਸਿਆ ਹੈ ਕਿ ਪਾਵਰਕਮਾ ਦੇ ਇਨਫੋਰਸਮੈਂਟ ਵਿੰਗ ਨੂੰ ਓਦੋਂ ਇੱਕ ਵੱਡੀ ਸਫਲਤਾ ਮਿਲੀ, ਜਦੋਂ ਤਰਨਤਾਰਨ ਜ਼ਿਲੇ ਦੇ ਭਿੱਖੀਵਿੰਡ ਕਸਬੇ ਵਿੱਚ ਇੱਕ ਧਾਰਮਿਕ ਡੇਰੇ ਵੱਲੋਂ ਵੱਡੇ ਪੈਮਾਨੇ ਉੱਤੇ ਬਿਜਲੀ ਚੋਰੀ ਕੀਤੀ ਜਾਂਦੀ ਫੜੀ ਗਈ ।

ਇਸ ਸੰਬੰਧ ਵਿੱਚ ਬੁਲਾਰੇ ਨੇ ਦੱਸਿਆ ਕਿ ਬਿਜਲੀ ਚੋਰੀ ਦੀ ਸ਼ਿਕਾਇਤ ਦੀ ਜਾਂਚ ਲਈ ਇੰਨਫੋਰਸਮੈਂਟ ਵਿੰਗ ਦੀ ਤਰਨਤਾਰਨ ਟੀਮ ਜਦੋਂ ਭਿੱਖੀਵਿੰਡ ਦੇਇੱਕ ਧਾਰਮਿਕ ਡੇਰੇ ਉੱਤੇ ਗਈ ਤਾਂ ਪਤਾ ਲੱਗਾ ਕਿ ਡੇਰੇ ਅੰਦਰ ਗੈਰ-ਕਾਨੂੰਨੀ ਨਜਾਇਜ਼ ਟਰਾਂਸਫਾਰਮਰ ਨੂੰ ਸਿੱਧਾ ਹਾਈ ਟੈਂਸ਼ਨ ਤਾਰਾ ਨਾਲ ਜੋੜ ਕੇ ਉਸ ਤੋਂ ਵੱਡੇ ਪੱਧਰ ਉੱਤੇ ਬਿਜਲੀ ਚੋਰੀ ਕੀਤੀ ਜਾਂਦੀ ਸੀ। ਜਾਂਚ ਟੀਮ ਵੱਲੋਂ ਬਿਜਲੀ ਲੋਡ ਚੈੱਕ ਕਰਨ ਉੱਤੇ 17 ਏਸੀ, 8 ਗੀਜ਼ਰ, 4 ਮੋਟਰਾਂ, 196 ਲਾਈਟਾਂ ਅਤੇ 87 ਪੱਖੇ ਤੋਂ ਵੱਧ ਲੋਡ ਸਿੱਧੀ ਬਿਜਲੀ ਚੋਰੀ ਰਾਹੀ ਚੱਲਦਾ ਹੋਣ ਦਾ ਪਤਾ ਲੱਗਾ। ਪਾਵਰਕਾਮ ਦੇ ਐੱਸ ਡੀ ਓ (ਸਬ ਡਵੀਜ਼ਨ ਅਫਸਰ) ਸੁਰਸਿੰਘ ਨੇ ਇਸ ਦਾ ਲਗਭਗ 26 ਲੱਖ ਰੁਪਏ ਦਾ ਨੋਟਿਸ ਭੇਜਿਆ ਅਤੇ ਇਸ ਬਾਰੇਕੇਸ ਦਰਜ ਕਰਨ ਲਈ ਐਂਟੀ ਪਾਵਰ ਥੈਫਟ ਥਾਣਾ ਵੇਰਕਾ, ਅੰਮ੍ਰਿਤਸਰ ਨੂੰ ਲਿਖਿਆ ਹੈ। ਪੰਜਾਬ ਪਾਵਰਕਾਮ ਦੇ ਬੁਲਾਰੇ ਨੇ ਪੰਜਾਬ ਦੇ ਬਿਜਲੀ ਖ਼ਪਤਕਾਰਾਂ ਨੂੰ ਰਾਜ ਵਿੱਚ ਬਿਜਲੀ ਦੀ ਚੋਰੀ ਕਰਨ ਵਾਲਿਆਂ ਦੀ ਸਹੀ ਸੂਚਨਾ ਦੇ ਕੇ ਇਸ ਨੂੰ ਰੋਕਣ ਵਿੱਚ ਮਦਦ ਕਰਨ ਦੀ ਅਪੀਲ ਕੀਤੀ ਅਤੇ ਭਰੋਸਾ ਦਿਵ-ਾਇਆ ਹੈ ਕਿ ਉਨ੍ਹਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

## ਮਾਨ ਸਰਕਾਰ ਦਾ ਸਖਤ ਐਕਸ਼ਨ: ਹਰਸਿਮਰਤ ਕੌਰ ਬਾਦਲ, ਬੀਬੀ ਭੱਠਲ, ਜਾਖੜ ਸਮੇਤ 8 ਆਗੂਆਂ ਦੀ ਸੁਰੱਖਿਆ ਵਿੱਚ ਵੱਡੀ ਕਟੌਤੀ



ਚੰਡੀਗੜ੍ਹ, 12 ਮਈ, (ਪੋਸਟ ਬਿਊਰੋ)- ਪੰਜਾਬ ਦੀ ਨਵੀਂ ਸਰਕਾਰ ਨੇ ਇਸ ਰਾਜ ਵਿਚ ਵੀ ਆਈ ਪੀ ਸੁਰੱਖਿਆ ਉੱਤੇਅੱਜ ਵੱਡੀ ਕੈਂਚੀ ਚਲਾਈ ਅਤੇਅੱਠ ਹੋਰਵੱਡੇ ਆਗੂਆਂ ਦੀ ਸੁਰੱਖਿਆ ਵਿੱਚ ਭਾਰੀ ਕਟੌਤੀ ਕਰ ਦਿੱਤੀਹੈ। ਇਨ੍ਹਾਂ ਵਿੱਚ ਅਕਾਲੀ ਦਲ ਦੀ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਸ਼ਾਮਲ ਹਨ।ਸੁਰੱਖਿਆਵਿੱਚ ਇਸ ਨਵੀਂ ਕਟੌਤੀ ਤੋਂ ਬਾਅਦ 127 ਪੁਲਸ ਮੁਲਾਜ਼ਮ ਅਤੇ 9 ਪਾਇਲਟ ਗੱਡੀਆਂ ਪੰਜਾਬ ਪੁਲਸ ਨੂੰ ਵਾਪਸ ਮਿਲ ਗਈਆਂ ਹਨ।

ਸਰਕਾਰੀ ਅਧਿਕਾਰੀਆਂ ਦੇ ਦੱਸਣ ਮੁਤਾਬਕ ਪਾਰਲੀਮੈਂਟ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਪੰਜਾਬ ਪੁਲਸ ਨੇ ਜ਼ੈੱਡ ਸ਼੍ਰੇਣੀ ਦੀ ਸੁਰੱਖਿਆਦਿੱਤੀ ਹੋਈ ਸੀ ਅਤੇ ਉਨ੍ਹਾਂ ਕੋਲ 13 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ। ਉਨ੍ਹਾਂ ਦੀ ਸੁਰੱਖਿਆ ਦਾ ਦਰਜਾ ਘਟਾਉਣ ਤੇ ਵਾਈ ਕੈਟੇਗਰੀ ਕਰ ਦੇਣ ਪਿੱਛੋਂ ਉਨ੍ਹਾਂ ਕੋਲ ਸਿਰਫ 11 ਪੁਲਸ ਵਾਲੇ ਰਹਿ ਜਾਣਗੇ ਅਤੇ 2 ਕਰਮਚਾਰੀ ਅਤੇ ਗੱਡੀ ਉਨ੍ਹਾਂ ਤੋਂ ਵਾਪਸ ਮੰਗਵਾਏ ਗਏ ਹਨ।ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਕੋਲ 36 ਪੁਲਸ ਵਾਲੇ ਅਤੇ 3 ਗੱਡੀਆਂ ਸਨ। ਉਨ੍ਹਾਂ ਕੋਲ ਵਾਈ ਸ਼੍ਰੇਣੀ ਦੀ ਸੁਰੱਖਿਆ ਸੀ, ਜਿਹੜੀ ਘਟਾ ਕੇ 28 ਪੁਲਸ ਮੁਲਾਜ਼ਮ ਅਤੇ ਤਿੰਨੇ ਵਾਹਨ ਵਾਪਸ ਲੈ ਲਏ ਹਨ। ਬੀਬੀ ਭੱਠਲ ਦੀ ਸੁਰੱਖਿਆ ਵਿੱਚ ਅੱਗੇਤੋਂ ਕੁੱਲ 8 ਪੁਲਸ ਵਾਲੇ-ਹੋਣਗੇ।ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਜ਼ੈੱਡ ਸੁਰੱਖਿਆਮਿਲੀ ਹੋਈ ਸੀ ਅਤੇ ਉਨ੍ਹਾਂ ਕੋਲ 14 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ।ਪੰਜਾਬ ਦੀ ਨਵੀਂ ਸਰਕਾਰ ਮੁਤਾਬਕ ਉਨ੍ਹਾਂ ਨੂੰ ਕੋਈ ਖਤਰਾ ਨਾ ਹੋਣ ਕਾਰਨ ਉਨ੍ਹਾਂ ਤੋਂ 12 ਪੁਲਸ ਵਾਲੇਅਤੇ ਵਾਹਨ ਲੈ ਲਿਆ ਹੈ।

ਸਾਬਕਾ ਡਿਪਟੀਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਕੋਲ ਜ਼ੈੱਡ ਸੁਰੱਖਿਆਹੇਠ ਉਨ੍ਹਾਂ ਕੋਲ 37 ਮੁਲਾਜ਼ਮ ਤੇ ਇਕ ਗੱਡੀ ਸੀ।ਇਨ੍ਹਾਂ ਵਿੱਚੋਂ ਵਾਹਨ ਤੇ 19 ਮੁਲਾਜ਼ਮ ਵਾਪਸ ਲੈ ਲਏ ਹਨ। ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਦੀ ਵਾਈ ਪਲੱਸ ਸ਼੍ਰੇਣੀ ਵਿੱਚ 11 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ, ਉਨ੍ਹਾਂ ਤੋਂ ਸਰਕਾਰ ਨੇ ਸਾਰੀ ਸੁਰੱਖਿਆ ਵਾਪਸ ਲੈ ਲਈ ਹੈ। ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ ਕੋਲ ਜ਼ੈੱਡ ਸੁਰੱਖਿਆਹੇਠ 22 ਮੁਲਾਜ਼ਮ ਤੇ ਇੱਕ ਵਾਹਨਸੀ, ਸਰਕਾਰ ਨੇ ਉਨ੍ਹਾਂ ਤੋਂ 18 ਪੁਲਸ ਮੁਲਾਜ਼ਮ ਤੇ ਇੱਕ ਗੱਡੀ ਲੈ ਲਈ ਹੈ। ਸਾਬਕਾ ਵਿਧਾਇਕ ਪਰਮਿੰ-ਦਰ ਸਿੰਘ ਪਿੰਕੀ ਕੋਲ ਜ਼ੈੱਡ ਸੁਰੱਖਿਆਹੇਠ 28 ਪੁਲਸ ਮੁਲਾਜ਼ਮ ਤੇ ਇਕ ਗੱਡੀ ਸੀ। ਉਨ੍ਹਾਂ ਤੋਂ 26 ਸੁਰੱਖਿਆ ਗਾਰਡ ਅਤੇ ਇੱਕ ਗੱਡੀ ਲੈ ਲਈ ਹੈ। ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਕੋਲ ਵਾਈ ਪਲੱਸ ਸੁਰੱਖਿਆਹੇਠ 13 ਪੁਲਸ ਵਾਲੇ ਤੇ ਇੱਕ ਗੱਡੀ ਸੀ, ਅੱਗੇ ਤੋਂ ਉਨ੍ਹਾਂ ਕੋਲ ਸਿਰਫ 2 ਗੰਨਮੈਨ ਹੋਣਗੇ।ਉਨ੍ਹਾਂ ਕੋਲੋਂ 11 ਪੁਲਸ ਮੁਲਾਜ਼ਮਾਂ ਨਾਲ ਗੱਡੀ ਵੀ ਵਾਪਸ ਲੈ ਲਈ ਗਈ ਹੈ।

## ਦੇਸ਼-ਧ੍ਰੋਹ ਕਾਨੂੰਨ ਉੱਤੇ ਸੁਪਰੀਮ ਕੋਰਟ ਨੇ ਹਾਲ ਦੀ ਘੜੀ ਰੋਕ ਲਾਈ

### * ਜੇਲ੍ਹ ਵਿੱਚ ਬੰਦ ਵੀ ਲੋਕ ਜ਼ਮਾਨਤ ਮੰਗ ਸਕਣਗੇ



ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਦੇਸ਼ਧ੍ਰੋਹ ਕਾਨੂੰਨਦਾ ਹਾਲ ਦੀ ਘੜੀ ਕੋਈ ਨਵਾਂ ਕੇਸ ਬਣੇਗਾ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐੱਨ ਵੀ ਰਮੰਨਾ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੇ ਅੱਜ ਬੁੱਧਵਾਰ ਦੇਸ਼-ਧ੍ਰੋਹ ਕਾਨੂੰਨ ਦੀ ਵਰਤੋਂ ਉੱਤੇ ਰੋਕ ਲਾ ਦਿੱਤੀ ਹੈ।ਕੇਸ ਦੀ ਸੁਣਵਾਈ ਜੁਲਾਈ ਦੇ ਤੀਜੇ ਹਫ਼ਤੇ ਹੋਵੇਗੀ।

ਇਸ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸੰਵਿਧਾਨ ਦੀ ਧਾਰਾ 124ਏ ਹੇਠ ਕੋਈ ਨਵਾਂ ਕੇਸ ਦਰਜ ਨਾ ਕਰਨ ਦਾ ਆਦੇਸ਼ ਦਿੱਤਾ ਹੈ।ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕਿਹਾ ਕਿ ਪੁਲਸ ਅਫ਼ਸਰ (ਐੱਸ ਪੀ) ਰੈਂਕ ਦੇ ਅਧਿਕਾਰੀ ਨੂੰ ਦੇਸ਼-ਧ੍ਰੋਹਦੇਕੇਸ ਦਰਜ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।ਅਦਾਲਤ ਨੇ ਕਿਹਾ ਕਿ ਧਾਰਾ-124ਏ ਹੇਠ ਜੇਲ੍ਹ ਵਿੱਚ ਨਜ਼ਰਬੰਦ ਲੋਕ ਰਾਹਤ ਅਤੇ ਜ਼ਮਾਨਤ ਲਈ ਹੇਠਲੀ ਅਦਾਲਤਾਂ ਜਾ ਸਕਦੇ ਹਨ।ਅਦਾਲਤ ਨੇ ਕੇਂਦਰ ਸਰਕਾਰ ਨੂੰ ਦੇਸ਼-ਧ੍ਰੋਹ ਕਾਨੂੰਨ ਉੱਤੇ ਮੁੜ ਵਿਚਾਰ ਲਈ ਕਿਹਾ ਅਤੇ ਸਪੱਸ਼ਟ ਕੀਤਾ ਕਿ ਦੇਸ਼-ਧ੍ਰੋਹ ਕਾਨੂੰਨ ਉੱਤੇ ਮੁੜ ਵਿਚਾਰ ਹੋਣ ਤੱਕ ਇਸ ਕਾਨੂੰਨ ਹੇਠ ਕੋਈ ਕੇਸ ਦਰਜ ਨਹੀਂ ਕੀਤਾ ਜਾਵੇਗਾ ਅਤੇ ਨਾ ਕਿਸੇ ਤਰ੍ਹਾਂ ਦੀ ਜਾਂਚ ਕੀਤੀ ਜਾਵੇਗੀ। ਇਸ ਨਾਲ ਜੁਲਾਈ ਤੱਕ ਕੋਈ ਨਵਾਂ ਕੇਸ ਦਰਜ ਨਹੀਂ ਹੋ ਸਕੇਗਾ।

ਅਸਲ ਵਿੱਚ ਦੇਸ਼-ਧ੍ਰੋਹ ਦੇ ਪੈਂਡਿੰਗ ਕੇਸਾਂ ਬਾਰੇ ਕੇਂਦਰ ਸਰਕਾਰ ਨੇ ਸੁਪਰੀਮ ਨੂੰ ਸੁਝਾਅ ਦਿੱਤਾ ਸੀ ਕਿ ਜ਼ਮਾਨਤ ਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਛੇਤੀ ਕੀਤੀ ਜਾ ਸਕਦੀ ਹੈ, ਹਾਲੇ ਇਸ ਉੱਤੇ ਰੋਕ ਰਹੇਗੀ। ਕੇਂਦਰ ਨੇ ਕਿਹਾ ਕਿ ਅਸੀਂ ਕੇਸਾਂ ਦੀ ਗੰਭੀਰਤਾ ਤੋਂ ਜਾਣੂ ਨਹੀਂ, ਇਨ੍ਹਾਂ ਦੇ ਅੱਤਵਾਦ, ਮਨੀ ਲਾਂਡਰਿੰਗ ਵਰਗੇ ਪੱਖਵੀ ਹਨ। ਕੇਂਦਰ ਸਰਕਾਰ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਸੀਂ ਰਾਜ ਸਰਕਾਰਾਂ ਨੂੰ ਦਿੱਤੇ ਜਾਣ ਵਾਲੇ ਨਿਰਦੇਸ਼ ਦਾ ਖਰੜਾ ਬਣਾ ਲਿਆ ਹੈ, ਉਸ ਮੁਤਾਬਕ ਰਾਜ ਸਰਕਾਰਾਂ ਨੂੰ ਸਾਫ ਨਿਰਦੇਸ਼ ਹੋਵੇਗਾ ਕਿ ਬਿਨਾਂ ਪੂਰੀ ਜਾਂਚ ਜਾਂ ਉੱਚ ਪੱਧਰ ਦੇ ਅਫਸਰ ਦੀ ਮਨਜ਼ੂਰੀ ਦੇ ਬਿਨਾਂ ਦੇਸ਼-ਧ੍ਰੋਹ ਦੀਆਂ ਧਾਰਾਵਾਂ ਵਿੱਚਕੇਸ ਦਰਜ ਨਹੀਂ ਹੋਣਗੇ।

ਐਡੀਟਰਸ ਗਿਲਡ ਆਫ ਇੰਡੀਆ, ਤ੍ਰਿਣਮੂਲ ਕਾਂਗਰਸ ਪਾਰਲੀਮੈਂਟ ਮੈਂਬਰ ਮਹੂਆ ਮੋਇਤਰਾ, ਸਾਬਕਾ ਮੇਜਰ ਜਨਰਲ ਐੱਸ ਜੀ ਵੋਂਬੰਤਕੇਰੇ, ਪੱਤਰਕਾਰ ਅਨਿਲ ਚਮੜੀਆ ਅਤੇ ਹੋਰਨਾਂ ਨੇ ਦੇਸ਼-ਧ੍ਰੋਹ ਕਾਨੂੰਨ ਦੀ ਸੰਵਿਧਾਨਕ ਯੋਗਤਾ ਨੂੰ ਚੁਣੌਤੀ ਦਿੱਤੀ ਹੈ। ਸੀਨੀਅਰ ਪੱਤਰਕਾਰ ਅਤੇ ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਦੇਸ਼-ਧ੍ਰੋਹ ਕਾਨੂੰਨ ਸੰਵਿਧਾਨ ਦੀ ਧਾਰਾ-14 ਅਤੇ 19 (1) (ਏ) ਦਾ ਉਲੰਘਣ ਕਰਦਾ ਹੈ।

## ਝਾਰਖੰਡ ਦੀ ਆਈ ਏ ਐੱਸ ਅਫਸਰ ਪੂਜਾ ਸਿੰਘਲ ਭ੍ਰਿਸ਼ਟਾਚਾਰ ਕੇਸ ਵਿੱਚ ਗ੍ਰਿਫ਼ਤਾਰ



ਰਾਂਚੀ, 12 ਮਈ, (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਵਿੱਚ ਫਸੀ ਝਾਰਖੰਡ ਦੀ ਆਈਏਐਸ ਅਧਿਕਾਰੀ ਪੂਜਾ ਸਿੰਘਲ ਨੂੰ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਗ੍ਰਿਫ਼ਤਾਰ ਕਰ ਲਿਆ ਹੈ। ਦੋ ਦਿਨਾ ਪੁੱਛਗਿੱਛ ਤੋਂ ਬਾਅਦ ਈ ਡੀ ਨੇ ਮਨਰੇਗਾ ਘੁਟਾਲੇ ਦੇ ਕੇਸਵਿੱਚਪੂਜਾ ਸਿੰਘਲ ਖਿਲਾਫ ਇਹ ਕਾਰਵਾਈ ਕੀਤੀਅਤੇ ਉਸ ਨੂੰ ਜੱਜ ਦੀ ਰਿਹਾਇਸ਼ੀ ਕੋਰਟਵਿੱਚ ਪੇਸ਼ ਕਰ ਕੇ ਉਸ ਦਾ ਰਿਮਾਂਡ ਲਿਆ ਹੈ। ਇਸ ਤੋਂ ਪਹਿਲਾਂ ਈ ਡੀ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਕੇਸਾਂਵਿੱਚ ਲਗਾਤਾਰ ਦੋ ਦਿਨ ਪੂਜਾ ਸਿੰਘਲ ਤੋਂ ਪੁੱਛਗਿੱਛ ਕੀਤੀ ਸੀ।

ਭਾਜਪਾ ਪਾਰਲੀਮੈਂਟ ਮੈਂਬਰ ਨਿਸ਼ੀਕਾਂਤ ਦੂਬੇ ਨੇ ਇਸ ਕੇਸ ਦੀ ਜਾਂਚ ਦੌਰਾਨ ਇੱਕ ਟੀਵੀ ਚੈਨਲ ਨਾਲ ਗੱਲਬਾਤ ਵਿੱਚ ਕਿਹਾ ਕਿ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਕਰੀਬੀ ਆਈਏਐਸ ਅਫਸਰਪੂਜਾ ਸਿੰਘਲ ਦੇ ਗ੍ਰਿਫਤਾਰ ਹੋਣਪਿੱਛੋਂਈ ਡੀ ਦੀ ਜਾਂਚ ਹੇਮੰਤ ਸੋਰੇਨ ਤੱਕ ਜਾਵੇਗੀ ਅਤੇ ਜਲਦੀ ਹੋਰ ਵੱਡੇ ਖੁਲਾਸੇ ਹੋਣਗੇ।ਰਾਜ ਸਰਕਾਰ ਨੇ ਪੂਜਾ ਸਿੰਘਲ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਹੋਣਪਿੱਛੋਂ ਉਸ ਨੂੰ ਸਸਪੈਂਡ ਕਰ ਦਿੱਤਾ ਹੈ।ਨਿਸ਼ੀਕਾਂਤ ਦੂਬੇ ਨੇ ਟਵਿੱਟਰ ਉੱਤੇ ਲਿਖਿਆ: ਕਾਲੇ ਧਨ ਦੀ ਮਾਂ ਪੂਜਾ ਸਿੰਘਲ ਆਈਏਐਸ ਨੂੰ ਅੱਜ ਈ ਡੀ ਨੇ ਰਾਂਚੀ ਤੋਂ ਗ੍ਰਿਫ਼ਤਾਰ ਕੀਤਾ ਹੈ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਉਨ੍ਹਾਂ ਨੂੰ ਮਾਈਨਿੰਗ ਅਤੇ ਉਦਯੋਗ ਵਿਭਾਗਲੁੱਟਣ ਲਈ ਦਿੱਤਾਹੋਇਆ ਸੀ। ਮਿਲੀ ਜਾਣਕਾਰੀ ਅਨੁਸਾਰ ਪੂਜਾ ਨੇ ਈ ਡੀ ਦੀ ਪੁੱਛਗਿੱਛ ਦੌਰਾਨ ਪੈਸੇ ਦੀਖੇਡ ਵਿੱਚ ਸਿਆਸਤਦਾਨਾਂ ਦੀ ਭੂਮਿਕਾ ਦਾ ਖੁਲਾਸਾ ਕੀਤਾ ਹੈ। ਇਸ ਗ੍ਰਿਫਤਾਰੀ ਪਿੱਛੋਂ ਝਾਰਖੰਡ ਵਿੱਚ ਸਿਆਸੀ ਗਰਮੀ ਵਧ ਗਈ ਹੈ।ਝਾਰਖੰਡ ਮੁਕਤੀ ਮੋਰਚਾ ਅਤੇ ਭਾਜਪਾ ਆਹਮੋ-ਸਾਹਮਣੇ ਹਨ।ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕਿਹਾ ਕਿ ਮਨਰੇਗਾ ਘੁਟਾਲਾਕੇਸਵਿੱਚਪਿਛਲੀ ਸਰਕਾਰ ਵੇਲੇ ਪੂਜਾ ਸਿੰਘਲ ਨੂੰ ਕਲੀਨ ਚਿੱਟ ਦੇਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਭਾਜਪਾਵੱਲ ਨਿਸ਼ਾਨਾ ਸਾਧਦੇ ਹੋਏ ਹੇਮੰਤ ਸੋਰੇਨ ਨੇ ਕਿਹਾ ਕਿ ਭਾਜਪਾ ਦਾ ਹਾਲ 'ਚੋਰ ਮਚਾਏ ਸ਼ੋਰ' ਵਾਲਾ ਹੈ। ਸਾਬਕਾ ਭਾਜਪਾ ਮੁੱਖ ਮੰਤਰੀ ਰਘੁਬਰ ਦਾਸ ਦੇ ਰਾਜ ਵਿੱਚਪੂਜਾ ਸਿੰਘਲ ਨੂੰ ਕਿਸ ਆਧਾਰ ਉੱਤੇਛੱਡਿਆ ਗਿਆ ਸੀ?

## ਘੱਟ ਗਿਣਤੀ ਕਮਿਸ਼ਨ ਦੇ ਮੁਖੀ ਨੇ ਕਿਹਾ: ਸਿੱਖ ਕੌਮ ਨੂੰ ਘੱਟ ਗਿਣਤੀਆਂ ਵਿੱਚੋਂ ਕੱਢਣ ਦੀ ਕੋਈ ਤਜਵੀਜ਼ ਨਹੀਂ



ਅੰਮ੍ਰਿਤਸਰ, 12 ਮਈ, (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਦਾਅਵਾ ਕੀਤਾ ਸੀ ਕਿ ਭਾਰਤ ਵਿੱਚ ਸਿੱਖਾਂ ਕੋਲੋਂ ਘੱਟ ਗਿਣਤੀ ਦਾ ਦਰਜਾ ਖੋਹਿਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਘੱਟ ਗਿਣਤੀ ਕਮਿਸ਼ਨ ਨੇ ਕਿਹਾ ਹੈ ਕਿ ਏਦਾਂ ਦੀ ਕੋਈ ਤਜਵੀਜ਼ ਨਹੀਂ ਹੈ।

ਅੱਜ ਏਥੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤਾ ਬਿਆਨ ਰੱਦ ਕਰਦਿਆਂ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਕਿਹਾ ਕਿ ਇਹ ਗਲਤ, ਗੁੰਮਰਾਹਕੁੰਨ ਤੇ ਸਿੱਖ ਕੌਮ ਵਿੱਚ ਡਰ ਅਤੇ ਦੁਸ਼ਮਣੀ ਪੈਦਾ ਕਰਨ ਵਾਲਾ ਬਿਆਨ ਹੈ। ਜੱਥੇਦਾਰ ਦੇ ਦਾਅਵੇ ਬਾਰੇ ਅੱਜ ਘੱਟ ਗਿਣਤੀਆਂ ਬਾਰੇ ਕਮਿਸ਼ਨ ਨੇ ਇਸ ਨੂੰ ਰੱਦ ਕਰ ਕੇ ਕਿਹਾ, 'ਸਿੱਖ ਭਾਈਚਾਰੇ ਨੂੰ ਘੱਟ ਗਿਣਤੀਆਂ ਵਿੱਚੋਂ ਕੱਢਣ ਦੀਸੋਚ ਨਹੀਂ, ਸਗੋਂ ਪ੍ਰਧਾਨ ਮੰਤਰੀ ਦੇ 15-ਨੁਕਾਤੀ ਪ੍ਰੋਗਰਾਮ ਨਾਲਸਿੱਖਾਂ ਵਿੱਚ ਸਿੱਖਿਆ, ਰੁਜ਼ਗਾਰ ਉਤਸ਼ਾਹਤ ਕਰਨ ਦੀ ਸਾਫ ਯੋਜਨਾ ਹੈ ਤੇ ਸਿਕਲੀਗਰ ਤੇ ਵਣਜਾਰਾ ਸਿੱਖ ਭਾਈਚਾਰਿਆਂ ਦੀ ਸਮਾਜਿਕ-ਆਰਥਿਕ ਸਥਿਤੀ ਨੂੰ ਉੱਚਾ ਚੁੱਕਣ ਲਈ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।'

ਘੱਟ ਗਿਣਤੀ ਕਮਿਸ਼ਨ ਨੇ ਸਾਫ ਕਿਹਾ, 'ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿੱਚ ਸਿੱਖਾਂ ਦਾ ਘੱਟ ਗਿਣਤੀ ਦਰਜਾ ਵਾਪਸ ਲਿਆ ਜਾ ਰਿਹਾ ਹੈ। ਇਹ ਅਸਲ ਵਿੱਚ ਗਲਤ, ਗੁੰਮਰਾਹਕੁੰਨ, ਪ੍ਰੇਰਿਤ ਅਤੇ ਸਿੱਖ ਕੌਮ ਵਿੱਚ ਡਰ ਤੇ ਦੁਸ਼ਮਣੀ ਪੈਦਾ ਕਰਨ ਲਈ ਹੈ।' ਬਿਆਨਵਿੱਚਇਹ ਕਿਹਾ ਗਿਆ ਕਿ 'ਹੋ ਸਕਦਾ ਹੈ ਕਿ ਜਥੇਦਾਰ ਨੂੰ ਗਲਤ ਜਾਣਕਾਰੀ ਮਿਲੀ ਹੋਵੇ।ਸੱਚ ਇਹ ਹੈ ਕਿ ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਤਰਲੋਚਨ ਸਿੰਘ ਇੱਕ ਸਿੱਖ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਤੇ ਮੌਜੂਦਾ ਸਰਕਾਰ ਨੇ 15 ਸਾਲਾਂ ਬਾਅਦ ਇੱਕ ਸਿੱਖਇਕਬਾਲ ਸਿੰਘ ਲਾਲਪੁਰਾ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਹੈ, ਜਿਸ ਦਾ ਕਾਰਜਕਾਲ 2025 ਤੱਕ ਹੈ।ਘੱਟ ਗਿਣਤੀ ਕਮਿਸ਼ਨ ਨੇ ਕਿਹਾ ਕਿ ਸਰਕਾਰ ਨੇ ਅਫਗਾਨ ਸਿੱਖਾਂ ਨੂੰ ਭਾਰਤ ਦੀ ਨਾਗਰਿਕਤਾ ਦਿਵਾਉਣ ਵਿੱਚ ਮਦਦ ਕੀਤੀ ਤੇ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੋਲ੍ਹ ਦਿੱਤਾ ਹੈ।




ਗਾਇਜ਼ ਐਂਡ ਡੌਲਜ਼ ਪ੍ਰੀਸਕੂਲ ਵਲੋਂ ਲੰਡਨ ਥੀਮ ਐਕਟੀਵਿਟੀ ਕਰਵਾਈ ਗਈ। ਜਿਸ ਦੌਰਾਨ ਸਾਰੇ ਸਕੂਲ ਨੂੰ ਲੰਡਨ ਕਲੌਕ, ਟਾਵਰ, ਟੈਲੀਫੋਨਬੂਥ ਤੇ ਪੋਸਟ ਆਫਿਸ ਆਦਿ ਨਾਲ ਸਜਾਇਆ ਗਿਆ। ਬੱਚਿਆਂ ਨੂੰ ਲੰਡਨ ਦੇ ਪ੍ਰਿੰਸ ਅਤੇ ਪ੍ਰਿੰਸਸ ਦੇ ਕਟ ਆਊਟ ਵੀ ਦਿਖਾਏ ਗਏ। ਇਸ ਦੌਰਾਨ ਲੰਡਨ ਬ੍ਰਿਜ ਵੀ ਬਣਾਇਆ ਗਿਆ। ਪ੍ਰੀਸਕੂਲ ਦੇ ਡਾਇਰੈਕਟਰ ਆਯੂਸ਼ ਸੇਖੜੀ ਨੇ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਇਹੋ ਜਿਹੀਆਂ ਕਿਰਿਆਵਾਂ ਜਰੂਰੀ ਹਨ।






# ਪੰਥਕ ਜੱਥੇਬੰਦੀਆਂ ਦੀ ਬੈਠਕ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸਾਂਝਾ ਸੰਘਰਸ਼ ਵਿੱਢਣ ਦਾ ਫ਼ੈਸਲਾ

ਅੰਮ੍ਰਿਤਸਰ, 12 ਮਈ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸੱਦੇ ਗਏ ਇਕੱਠ ਵਿੱਚ ਸਾਰੀਆਂ ਜਥੇਬੰਦੀਆਂ ਤੇ ਸੰਗਠਨਾਂ ਨੇ ਇਕਜੁਟਤਾ ਨਾਲ ਸੰਘਰਸ਼ ਵਿੱਢਣ ਦਾ ਫ਼ੈਸਲਾ ਕੀਤਾ ਹੈ। ਇਹ ਬੈਠਕ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਦੇ ਬਾਅਦ ਸ਼੍ਰੋਮਣੀ ਕਮੇਟੀ ਦਫ਼ਤਰ ਵਿਚਲੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦੀ ਗਈ ਸੀ, ਜਿਸ ਵਿੱਚ ਕਈ ਸਿੱਖ ਧਿਰਾਂ ਸ਼ਾਮਲ ਸਨ।

ਅੱਜ ਦੇ ਇਕੱਠ ਵਿੱਚ ਸਿੱਖ ਪੰਥ ਦੀਆਂ ਵੱਖ-ਵੱਖ ਧਾਰਮਿਕ, ਰਾਜਸੀ ਅਤੇ ਸਮਾਜਿਕ ਧਿਰਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਯਤਨਾਂ ਤੇ ਕੀਤੇ ਜਾਣ ਵਾਲੇ ਸੰਘਰਸ਼ ਦਾ ਸਾਥ ਦੇਣ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ।ਬੈਠਕ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੇਲਈ ਤਿੰਨ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਸਾਂਝੀ ਕਮੇਟੀ ਬਣਾਉਣ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਗਵਰਨਰਾਂ ਨੂੰ ਮਿਲਣ ਅਤੇ ਲੋੜ ਪੈਣ ਉੱਤੇ ਸੰਘਰਸ਼ ਵਿੱਢਣਦੀ ਸਹਿਮਤੀ ਕੀਤੀ ਗਈ। ਇਸ ਦੇ ਨਾਲ ਪਾਰਲੀਮੈਂਟ ਦੇ ਸਿੱਖ ਮੈਂਬਰਾਂ, ਭਾਵੇਂ ਕਿਸੇ ਪਾਰਟੀ ਨਾਲ ਸਬੰਧਤ ਹੋਣ, ਨੂੰ ਪਾਰਲੀਮੈਂਟ ਦੇਦੋਵਾਂਹਾਊਸਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਅਵਾਜ਼ ਚੁੱਕਣ ਦੀ ਅਪੀਲ ਕੀਤੀ ਗਈ।

ਬੈਠਕ ਵਿੱਚ ਇਹ ਕਮੇਟੀ ਬਣਾਉਣ ਦੇ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਦੇ ਦਿੱਤੇ ਗਏ। ਆਪਣੇ ਭਾਸ਼ਣਵਿੱਚ ਐਡਵੋਕੇਟ ਧਾਮੀ ਨੇ ਕਿਹਾ ਕਿ ਕਮੇਟੀ ਜਲਦੀਬਣਾਈ ਜਾਵੇਗੀ, ਜਿਸ ਵਿੱਚ ਸਭ ਧਿਰਾਂ ਦੇ ਮੈਂਬਰ ਹੋਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਚਿਰਾਂ ਤੋਂ ਸਿੱਖ ਪੰਥ ਦੀਆਂ ਪ੍ਰਤੀਨਿਧ ਵੱਖ-ਵੱਖ ਜਥੇਬੰਦੀਆਂ ਤੇ ਪੰਥ ਦਰਦੀ ਬੰਦੀ ਸਿੰਘਾਂ ਦੀ



ਰਿਹਾਈ ਦੇ ਯਤਨ ਕਰ ਰਹੇ ਹਨ, ਪਰ ਭਵਿੱਖ ਵਿੱਚ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਮਿਲ ਕੇ ਯਤਨ ਕਰਾਂਗੇ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂਸਿੱਖਾਂ ਨਾਲ ਧੱਕਾ ਹੁੰਦਾ ਰਿਹਾ ਅਤੇ ਸਜ਼ਾਵਾਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਸਿੰਘਾਂ ਨੂੰ ਰਿਹਾਅ ਨਾ ਕਰਕੇ ਧੱਕੇ ਦੀ ਸਿਖਰ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿੱਚ ਸਿੱਖ ਕੈਦੀ ਆਪਣੀ ਨਿੱਜੀ ਲੜਾਈ ਲਈ ਨਹੀਂ, ਕੌਮੀ ਯੁੱਧ ਕਾਰਨ ਜੇਲ੍ਹਾਂ ਵਿੱਚ ਹਨ ਤੇ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਇਨ੍ਹਾਂ ਵੱਲੋਂ ਲਿਆ ਫ਼ੈਸਲਾ ਸਿੱਖਾਂ ਦੇ ਗੁਰਧਾਮਾਂ ਤੇ ਕੌਮ ਦੀ ਅਣਖ ਉੱਤੇ ਹਮਲਿਆਂ ਵਿੱਚੋਂ ਨਿਕਲਿਆ ਸੀ। ਇਸ ਲਈ ਇਹ ਬਿਨਾਂ ਸ਼ਰਤ ਛੱਡੇ ਜਾਣ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅੱਜ ਦੀ ਬੈਠਕ ਦਾ ਇਕਜੁਟਤਾ ਦਾ ਸੁਨੇਹਾ ਸਿੱਖ ਕੌਮ ਲਈ ਬੇਹੱਦ ਅਹਿਮ ਹੈ ਅਤੇ ਭਵਿੱਖ ਵਿਚ ਇਸ ਲਹਿਰ ਨੂੰ ਤੋਰੀ ਰੱਖਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਿਆਸੀ ਵਖਰੇਵੇਂ ਇੱਕ ਪਾਸੇ ਹਨ, ਪੰਥਕ ਹਿੱਤਾਂ ਲਈ ਸਮੂਹਕ ਯਤਨ ਵੱਡੇ ਨਤੀਜੇ ਦੇਣਗੇਅਤੇ ਅਕਾਲੀ ਦਲ ਪੰਥ ਦੇ ਨਿਰਦੇਸ਼ਾਂ ਉੱਤੇ ਹਰ ਲੜਾਈ ਲੜਨ ਲਈ ਨਾਲ ਰਹੇਗਾ। ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦੇ ਹੋਏ ਇਨ੍ਹਾਂ ਪੰਥਕ ਕਾਰਜਾਂ ਲਈ ਸਹਿਯੋਗ ਦਾ ਭਰੋਸਾ ਦਿੱਤਾਅਤੇ ਕਿਹਾ ਕਿ ਚਿਰਾਂ ਪਿੱਛੋਂ ਕੀਤਾ ਇਹ ਇਕੱਠ ਆਪਣੇ ਆਪ ਇਤਿਹਾਸਕ ਹੈ, ਜਿਸਦੇ ਚੰਗੇ ਨਤੀਜੇ ਨਿਕਲਣ-ਗੇ। ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸਿੱਖ ਪੰਥ ਨੂੰ ਠੋਸ ਯਤਨ ਅੱਗੇ ਵਧਾਉਣ ਲਈ ਨਿਰਣਾਇਕ ਫ਼ੈਸਲੇ ਲੈਣੇ ਚਾਹੀਦੇ ਹਨ। ਦਲ ਬਾਬਾ ਬਿਧੀ ਚੰਦ ਦੇ ਬਾਬਾ ਅਵਤਾਰ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ ਕੇ, ਸੰਤ ਬਲਜੀਤ ਸਿੰਘ ਦਾਦੂਵਾਲ, ਤਰਨਾ ਦਲ ਦੇ ਬਾਬਾ ਨੌਰੰਗ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਵੀ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾਂਦੇ ਕਾਰਜਾਂ ਵਿੱਚ ਕੋਈ ਪਿੱਛੇ ਨਹੀਂ ਹਟੇਗਾ।ਬੈਠਕ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬਾਬਾ ਜੱਸਾ ਸਿੰਘ, ਬਾਬਾ ਗੱਜਣ ਸਿੰਘ ਤਰਨਾ ਦਲ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਲਦੇਵ ਸਿੰਘ ਸਿਰਸਾ, ਇੰਦਰਜੀਤ ਸਿੰਘ ਜਨਰਲ ਸੈਕਟਰੀ ਤਖ਼ਤ ਸ੍ਰੀ ਪਟਨਾ ਸਾਹਿਬ, ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸੁਰਜੀਤ ਸਿੰਘ, ਸੁਰਜੀਤ ਸਿੰਘ ਗੁਰਦੁਆਰਾ ਸਿੰਘ ਸਭਾ ਗੋਹਲਵੜ ਆਦਿ ਮੌਜੂਦ ਸਨ।

# 7 ਸਾਲ ਬੀ ਐਸ ਐਫ ਅਥਾਰਟੀ ਰਿਵਾਈਜ਼ਡ ਪੈਨਸ਼ਨ ਭੇਜਦੀ ਰਹੀ

*** ਰਿਕਵਰੀ ਉਤੇ ਅਦਾਲਤ ਨੇ ਕਿਹਾ, ਸਜ਼ਾ ਇਨਸਾਨ ਕਿਉਂ ਭੁਗਤੇ**

ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੀ ਐਸ ਐਫ ਦੇ ਹੌਲਦਾਰ ਦੀ ਮੌਤ ਦੇ ਬਾਅਦ ਉਸ ਦੀ ਪਤਨੀ ਨੂੰ ਮਿਲੀ ਵੱਧ ਫੈਮਿਲੀ ਪੈਨਸ਼ਨ ਦੀ ਰਿਕਵਰੀ ਦਾ ਹੁਕਮਾ ਰੱਦ ਕਰ ਦਿੱਤਾ ਹੈ।

ਅਸਲ ਵਿੱਚ ਬੀ ਐਸ ਐਫ ਵਿੱਚ ਹੌਲਦਾਰ ਦੀ ਮੌਤ ਪਿੱਛੋਂ ਉਸ ਦੀ ਪਤਨੀ ਨੂੰ ਮਿਲਣ ਵਾਲੀ ਫੈਮਿਲੀ ਪੈਨਸ਼ਨ ਕੰਪਿਊਟਰ ਸਿਸਟਮ ਦੀ ਗਲਤੀ ਕਾਰਨ ਵੱਧ ਦੇ ਦਿੱਤੀ ਗਈ। ਇਸ ਉੱਤੇ ਬੀ ਐਸ ਐਫ ਅਥਾਰਟੀ ਨੇ ਰਿਕਵਰੀ ਲਈ ਨੋਟਿਸ ਭੇਜਿਆ, ਪਰ ਹੁਕਮਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਸਿਸਟਮ ਦੀ ਗਲਤੀ ਦਾ ਖਮਿਆਜ਼ਾ ਇਨਸਾਨ ਕਿਉਂ ਭੁਗਤੇ। ਜਸਟਿਸ ਹਰਸਿਮਰਨ ਸਿੰਘ ਸੇਠੀ ਨੇ ਕਿਹਾ ਕਿ ਪੈਨਸ਼ਨ ਲੈ ਰਹੀ ਔਰਤ ਦੀ ਕੋਈ ਗਲਤੀ ਨਹੀਂ। ਪਠਾਨਕੋਟ ਦੀ ਇਸ ਔਰਤ ਵੱਲੋਂ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਅਥਾਰਟੀ ਨੇ ਮੰਨਿਆ ਕਿ 1 ਜਨਵਰੀ 2006 ਤੋਂ 28 ਫਰਵਰੀ 2013 ਤਕ ਗਲਤ ਯਾਨੀ ਵਧਾ ਕੇ ਪੈਨਸ਼ਨ ਭੇਜੀ ਗਈ ਸੀ। ਸੈਂਟਰਲਾਈਜ਼ਡ ਪੈਨਸ਼ਨ ਪ੍ਰੋਸੈਸਿੰਗ ਸੈਂਟਰ ਨੇ ਪੈਨਸ਼ਨ ਰਿਵਾਈਜ਼ਡ ਦਾ ਗਲਤ ਡਾਟਾ ਲਿਆ ਹੋਣ ਕਾਰਨ ਗੜਬੜ ਹੋਈ ਸੀ। ਔਰਤ ਦੇ ਪਤੀ ਦੀ 18 ਮਈ 2004 ਨੂੰ ਨੌਕਰੀ ਵਿੱਚ ਰਹਿੰਦੇ ਹੋਏ ਮੌਤ ਹੋ ਗਈ ਸੀ।ਹਾਈ ਕੋਰਟ ਨੇ ਇਸ ਕੇਸ ਵਿੱਚ ਰਿਕਵਰ ਕੀਤੀ ਗਈ ਰਕਮ ਨੂੰ ਦੋ ਮਹੀਨੇ ਵਿੱਚ ਰਿਫੰਡ ਕੀਤੇ ਜਾਣ ਦੇ ਹੁਕਮ ਦੇ ਦਿੱਤੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
# CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 9178375961119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਫਿਲਮੀ ਦੁਨੀਆ

## ਉਮੀਦ ਉੱਤੇ ਦੁਨੀਆ ਜਿਊਂਦੀ ਹੈ : ਰੀਆ ਚੱਕਰਵਰਤੀ



ਰੀਆ ਚੱਕਰਵਰਤੀ ਦੀ ਜ਼ਿੰਦਗੀ ਆਮ ਹੋਣ ਲੱਗੀ ਹੈ। ਉਸ ਨੇ ਪਿਛਲੇ ਦੋ ਸਾਲ ਕਾਫੀ ਔਕੜ ਵਿੱਚ ਕੱਢੇ। ਜਦੋਂ ਉਸ ਦਾ ਕਰੀਅਰ ਚੰਗੀ ਸ਼ਕਲ ਲੈ ਰਿਹਾ ਸੀ, ਤਾਂ ਸੁਸ਼ਾਂਤ ਸਿੰਘ ਰਾਜਪੂਤ ਵਾਲਾ ਹਾਦਸਾ ਹੋ ਗਿਆ ਅਤੇ ਜਿਵੇਂ ਉਸ ਦੇ ਕਰੀਅਰ ਦੀ ਡੋਰ ਹੀ ਟੁੱਟ ਗਈ।ਰੀਆ ਨੂੰ ਸਮਾਜ ਨੇ ਕਾਫੀ ਵੱਖਰੀਆਂ ਨਿਗਾਹਾਂ ਨਾਲ ਦੇਖਿਆ ਅਤੇ ਜੇ ਕੋਈ ਦੂਸਰੀ ਲੜਕੀ ਹੁੰਦੀ ਤਾਂ ਕਾਫੀ ਟੁੱਟ ਚੁੱਕੀ ਹੁੰਦੀ। ਰੀਆ ਨੇ ਬਹੁਤ ਕੁਝ ਗੁਆਇਆ, ਪਰ ਉਸ ਨੂੰ ਨਿਸ਼ਾਨਾ ਬਣਾ ਦਿੱਤਾ ਗਿਆ। ਖੈਰ, ਰੀਆ ਉਨ੍ਹਾਂ ਸਾਰੀਆਂ ਚੀਜ਼ਾਂ ਤੋਂ ਕਾਫੀ ਹੱਦ ਤੱਕ ਉਭਰ ਚੁੱਕੀ ਹੈ। ਰੀਆ ਦਾ ਕਹਿਣਾ ਹੈ, ''ਮੈਂ ਫਿਰ ਸ਼ੁਰੂ ਕਰ ਰਹੀ ਹਾਂ ਸਗੋਂ ਕਰ ਚੁੱਕੀ ਹਾਂ।'' ਇਸ ਦੌਰਾਨ ਉਸ ਨੇ ਮੈਡੀਟੇਸ਼ਨ ਕੀਤਾ ਤੇ ਕੁਝ ਛੋਟੇ-ਛੋਟੇ ਵਿਗਿਆਪਨ ਅਤੇ ਫਿਲਮਾਂ ਉਸ ਕੋਲ ਹਨ। ਉਸ ਨੇ ਖੁਦ ਨੂੰ ਠੀਕ ਕਰਨ ਉੱਤੇ ਫੋਕਸ ਕੀਤਾ ਅਤੇ ਇਸ ਨੇ ਉਸ ਦੇ ਮਨ ਨੂੰ ਸ਼ਾਂਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਇਸ ਦੌਰਾਨ ਉਸ ਨੇ ਸਿੱਖਿਆ ਕਿ ਜਦੋਂ ਚੀਜ਼ਾਂ ਬੁਰੀਆਂ ਹੋ ਰਹੀਆਂ ਹੋਣ ਤਾਂ ਉਨ੍ਹਾਂ ਨਾਲ ਤੁਸੀਂ ਕਿਵੇਂ ਤਾਲਮੇਲ ਬਿਠਾ ਕੇ ਆਪਣੀ ਆਸ ਜ਼ਿੰਦਾ ਰੱਖ ਸਕਦੇ ਹੋ। ਸੂਤਰਾਂ ਅਨੁਸਾਰ ਰੀਆ ਕੋਲ ਕੁਝ ਚੰਗੇ ਪ੍ਰੋਜੈਕਟ ਹਨ ਤੇ ਉਸ ਨੂੰ ਅਨੁਕੂਲ ਬਣਾ ਕੇ ਆਪਣੀ ਆਸ ਨੂੰ ਜ਼ਿੰਦਾ ਰੱਖਣਾ ਹੈ।

## ਮਾਧੁਰੀ ਦੇ ਗੀਤ 'ਤੂੰ ਹੈ ਮੇਰਾ' ਦਾ ਟੀਜ਼ਰ ਰਿਲੀਜ਼



ਮਾਧੁਰੀ ਦੀਕਸ਼ਿਤ ਨੇ ਆਪਣੇ ਦੂਜੇ ਗੀਤ 'ਤੂੰ ਹੈ ਮੇਰਾ' ਦੀ ਪਹਿਲੀ ਝਲਕ ਸਾਂਝੀ ਕੀਤੀ ਹੈ, ਜਿਸ ਨੂੰ ਉਹ ਆਪਣੇ ਜਨਮ ਦਿਨ ਮੌਕੇ 15 ਮਈ ਨੂੰ ਰਿਲੀਜ਼ ਕਰੇਗੀ। ਮਾਧੁਰੀ ਨੇ ਆਪਣਾ ਪਹਿਲਾ ਗੀਤ 'ਕੈਂਡਲ' ਤਾਲਾਬੰਦੀ ਦੌਰਾਨ ਰਿਲੀਜ਼ ਕੀਤਾ ਤੇ ਇਹ ਮਹਾਮਾਰੀ ਦੌਰਾਨ ਮੂਹਰਲੀ ਕਤਾਰ ਵਿੱਚ ਲੜਨ ਵਾਲਿਆਂ ਨੂੰ ਸਮਰਪਿਤ ਕੀਤਾ ਸੀ। ਆਪਣੇ ਜਨਮ ਦਿਨ ਮੌਕੇ ਉਹ ਦੂਜਾ ਗਾਣਾ 'ਤੂੰ ਹੈ ਮੇਰਾ' ਰਿਲੀਜ਼ ਕਰਨ ਜਾ ਰਹੀ ਹੈ। ਮਾਧੁਰੀ ਨੇ ਲਿਖਿਆ, ''ਮੇਰੇ ਨਾਲ ਗੀਤ 'ਤੂੰ ਹੈ ਮੇਰਾ' ਦੇ ਸਫਰ ਦੀ ਪਹਿਲੀ ਝਲਕ ਦਾ ਆਨੰਦ ਮਾਣੋ।'' ਇਹ ਗੀਤ ਉਸ ਨੇ ਉਨ੍ਹਾਂ ਸਾਰੇ ਪ੍ਰਸ਼ੰਸਕਾਂ ਲਈ ਪਿਆਰ ਦਾ ਇਜ਼ਹਾਰ ਹੈ, ਜਿਨ੍ਹਾਂ ਨੇ ਉਸ ਦੇ ਸਫਰ ਦਾ ਸਮਰਥਨ ਕੀਤਾ ਹੈ। ਐਕਟਿੰਗ ਵਿੱਚ ਮਾਧੁਰੀ ਪਿਛਲੀ ਵਾਰ ਡਾਇਰੈਕਟਰ ਅਭਿਸ਼ੇਕ ਵਰਮਨ ਦੀ ਸਾਲ 2019 ਵਿੱਚ ਆਈ ਫਿਲਮ 'ਕਲੰਕ' ਵਿੱਚ ਨਜ਼ਰ ਆਈ ਸੀ। ਇਸ ਫਿਲਮ ਵਿੱਚ ਸੋਨਾਕਸ਼ੀ ਸਿਨਹਾ, ਆਲੀਆ ਭੱਟ, ਵਰੁਣ ਧਵਨ, ਅਦਿਤਿਆ ਰਾਏ ਕਪੂਰ ਅਤੇ ਸੰਜੇ ਦੱਤ ਨੇ ਕੰਮ ਕੀਤਾ ਸੀ।

## ਫਿਲਮ 'ਗਣਪਤ' ਦੇ ਆਖਰੀ ਸ਼ਡਿਊਲ ਲਈ ਲੱਦਾਖ ਜਾਏਗੀ ਕ੍ਰਿਤੀ ਸਨਨ



ਕ੍ਰਿਤੀ ਸਨਨ ਜਲਦੀ ਹੀ ਫਿਲਮ 'ਗਣਪਤ' ਵਿੱਚ ਨਜ਼ਰ ਆਉਣ ਵਾਲੀ ਹੈ। ਇਸ ਵਿੱਚ ਉਸ ਦੇ ਨਾਲ ਟਾਈਗਰ ਸ਼ਰਾਫ ਲੀਡ ਰੋਲ ਵਿੱਚ ਹੈ। ਜਾਣਕਾਰੀ ਮਿਲੀ ਹੈ ਕਿ ਕ੍ਰਿਤੀ ਫਿਲਮ ਦੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਲਈ ਲੱਦਾਖ ਜਾ ਸਕਦੀ ਹੈ। ਜਿੱਥੇ ਟਾਈਗਰ ਤੇ ਕ੍ਰਿਤੀ ਐਕਸ਼ਨ ਸੀਨਸ ਨੂੰ ਸ਼ੂਟ ਕਰਨਗੇ। ਉਨ੍ਹਾਂ ਦੇ ਇਹ ਸ਼ਡਿਊਲ 15 ਦਿਨਾਂ ਵਿੱਚ ਪੂਰਾ ਹੋਣ ਦੀ ਉਮੀਦ ਹੈ। ਇਹ ਇੱਕ ਥ੍ਰਿਲਰ ਜੋਨਰ ਦੀ ਫਿਲਮ ਹੈ। ਫਿਲਮ ਵਿੱਚ ਕ੍ਰਿਤੀ ਜੱਸੀ ਦੇ ਕਿਰਦਾਰ ਵਿੱਚ ਆਉਣ ਵਾਲੀ ਹੈ। ਇਹ ਨਿਰਮਾਣ ਪੂਜਾ ਇੰਟਰਟੇਨਮੈਂਟ ਦੇ ਬੈਨਰ ਹੇਠ ਕੀਤਾ ਜਾਣਾ ਹੈ। ਵਿਕਾਸ ਬਹਿਲ ਇਸ ਦੇ ਡਾਇਰੈਕਟਰ ਹਨ ਤੇ ਇਹ ਇਸੇ ਸਾਲ ਕ੍ਰਿਸਮਸ ਉਤੇ ਰਿਲੀਜ਼ ਹੋਵੇਗੀ। ਵਰਕਫਰੰਟ ਵਜੋਂ ਕ੍ਰਿਤੀ ਇਸ ਸਾਲ ਬੈਕ-ਟੂ-ਬੈਕ ਕਈ ਫਿਲਮਾਂ 'ਆਦਿਪੁਰਸ਼', 'ਭੇੜੀਆ', 'ਸ਼ਹਿਜ਼ਾਦਾ' ਆਦਿਵਿੱਚ ਆਵੇਗੀ। ਉਸ ਨੂੰ ਆਖਰੀ ਫਿਲਮ ਵਿੱਚ ਪਿੱਛੇ ਜਿਹੇ ਰਿਲੀਜ਼ ਹੋਈ ਫਿਲਮ 'ਬੱਚਨ ਪਾਂਡੇ' ਵਿੱਚ ਦੇਖਿਆ ਗਿਆ ਹੈ।

## ਮਿਲ ਰਹੇ ਹਨ ਮਨਪਸੰਦ ਰੋਲ : ਪੂਜਾ ਹੇਗੜੇ



ਲਗਭਗ ਇੱਕ ਦਹਾਕਾ ਲੰਬੇ ਆਪਣੇ ਕਰੀਅਰ ਵਿੱਚ ਪੂਜਾ ਹੇਗੜੇ ਨੇ ਸਿਰਫ ਦੋ ਹਿੰਦੀ ਫਿਲਮਾਂ ਕੀਤੀਆਂ ਹਨ। ਆਪਣੇ ਛੋਟੇ ਬਾਲੀਵੁੱਡ ਕਰੀਅਰ ਬਾਰੇ ਪੂਜਾ ਕਹਿੰਦੀ ਹੈ, ''ਸਾਲ 2016 ਵਿੱਚ ਫਿਲਮ 'ਮੋਹਨਜੋਦੜੋ' ਦੇ ਬਾਅਦ ਮੈਂ ਇੰਤਜ਼ਾਰ ਕੀਤਾ ਅਤੇ ਵੱਡੇ ਫਰਕ ਤੋਂ ਬਾਅਦ ਸਾਲ 2019 ਵਿੱਚ 'ਹਾਊਸ ਫੁੱਲ 4' ਕੀਤੀ, ਕਿਉਂਕਿ ਇਹ ਚੰਗੇ ਬੈਨਰ ਦੀ ਫਿਲਮ ਸੀ। ਇਹ ਮੇਰੇ ਲਈ ਅਗਲਾ ਪੜਾਅ ਸਿੱਧ ਹੋਇਆ। ਇਸੇ ਸਦਕਾ ਮੈਨੂੰ 'ਕਭੀ ਈਦ ਕਭੀ ਦੀਵਾਲੀ' ਅਤੇ 'ਸਰਕਸ' ਫਿਲਮਾਂ ਮਿਲੀਆਂ।''ਉਹ ਖੁਦ ਨੂੰ ਮਿਲ ਰਹੇ ਆਫਰਾਂ ਤੋਂ ਅਸੰਤੁਸ਼ਟੀ ਬਾਰੇ ਕਹਿੰਦੀ ਹੈ, ''ਹਿੰਦੀ ਫਿਲਮਾਂ ਨਾ ਕਰਨ ਦਾ ਇਹ ਸੋਚਿਆ-ਸਮਝਿਆ ਫੈਸਲਾ ਸੀ। ਮੈਂ ਅਜਿਹੇ ਰੋਲ ਕਰਨਾ ਨਹੀਂ ਚਾਹੁੰਦੀ ਸੀ ਜਿਨ੍ਹਾਂ ਦਾ ਮਹੱਤਵ ਨਾ ਹੋਵੇ। ਮੈਨੂੰ ਵੱਡੇ ਸਿਤਾਰਿਆਂ ਨਾਲ ਵੀ ਕਈ ਫਿਲਮਾਂ ਦੀ ਪੇਸ਼ਕਸ਼ ਹੋਈ, ਪਰ ਉਨ੍ਹਾਂ ਭੂਮਿਕਾਵਾਂ ਵਿੱਚ ਦਮ ਨਹੀਂ ਸੀ।''

ਬਾਲੀਵੁੱਡ ਤੋਂ ਦੂਰ ਰਹਿੰਦੇ ਹੋਏ ਉਸ ਨੇ ਤਮਿਲ ਅਤੇ ਤੇਲਗੂ ਫਿਲਮਾਂ ਵਿੱਚ ਬਹੁਤ ਕੰਮ ਕੀਤਾ, ਜਿੱਥੇ ਅੱਜ ਉਸ ਦੇ ਫੈਨਜ਼ ਦੀ ਵੱਡੀ ਗਿਣਤੀ ਹੈ। ਉਹ ਕਹਿੰਦੀ ਹੈ, ''ਮੇਰੇ ਲਈ ਸਭ ਤੋਂ ਵੱਡਾ ਵਰਦਾਨ ਇਹ ਹੈ ਕਿ ਤੇਲਗੂ ਦਰਸ਼ਕਾਂ ਨੇ ਮੈਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ। ਦੱਖਣ ਨੇ ਮੈਨੂੰ ਬਹੁਤ ਸਨਮਾਨ ਦਿੱਤਾ ਅਤੇ ਇਸ ਤੋਂ ਮੈਨੂੰ ਉਹ ਫਿਲਮਾਂ ਚੁਣਨ ਦੀ ਤਾਕਤ ਮਿਲੀ, ਜੋ ਮੈਂ ਹਿੰਦੀ ਵਿੱਚ ਕਰਨਾ ਚਾਹੁੰਦੀ ਸੀ। ਬਾਲੀਵੁੱਡ ਵਿੱਚ ਜੇ ਤੁਸੀਂ ਫਿਲਮੀ ਪਰਵਾਰ ਤੋਂ ਨਹੀਂ ਅਤੇ ਤੁਹਾਡੇ ਕੋਲ ਸਹੀ ਆਧਾਰ ਨਹੀਂ ਤਾਂ ਆਪਣੀ ਪਸੰਦ ਦੀਆਂ ਭੂਮਿਕਾਵਾਂ ਪਾਉਣ ਵਿੱਚ ਸਮਾਂ ਲੱਗ ਸਕਦਾ ਹੈ।''ਪਿਛਲੇ ਦਿਨੀਂ ਕਈ ਭਾਸ਼ਾਵਾਂ ਵਿੱਚ ਰਿਲੀਜ਼ ਹੋਈ ਫਿਲਮ 'ਰਾਧੇ ਸ਼ਾਮ' ਵਿੱਚ ਪ੍ਰਭਾਸ ਨਾਲ ਨਜ਼ਰ ਆਈ ਪੂਜਾ ਖੁਸ਼ ਹੈ ਕਿ ਅੱਜ ਉਸ ਨੂੰ ਜ਼ਿਆਦਾ ਗੰਭੀਰਤਾ ਨਾਲ ਲਿਆ ਜਾਣ ਲੱਗਾ ਹੈ ਅਤੇ ਔਰਤ ਪ੍ਰਧਾਨ ਫਿਲਮਾਂ ਵੀ ਉਸ ਨੂੰ ਮਿਲ ਰਹੀਆਂ ਹਨ।

## ਆਪਣਾ ਹੱਕ ਮੰਗਣ ਤੋਂ ਨਹੀਂ ਡਰਦੀ : ਅਮਾਇਰਾ

ਹਿੰਦੀ, ਤਮਿਲ ਤੇ ਤੇਲਗੂ ਫਿਲਮਾਂ ਵਿੱਚ ਕੰਮ ਕਰ ਚੁੱਕੀ ਅਮਾਇਰਾ ਦਸਤੂਰ ਦੀ ਗਿਣਤੀ ਸੋਸ਼ਲ ਮੀਡੀਆ ਉੱਤੇ ਛਾਈਆਂ ਰਹਿਣ ਵਾਲੀਆਂ ਸੁੰਦਰੀਆਂ ਵਿੱਚ ਹੁੰਦੀ ਹੈ। ਉਹ ਸਾਲ 2019 ਵਿੱਚ ਤਿੰਨ ਫਿਲਮਾਂ 'ਜਜਮੈਂਟਲ ਹੈ ਕਯਾ', 'ਪ੍ਰਸਥਾਨਮ' ਅਤੇ 'ਮੇਡ ਇਨ ਚਾਈਨਾ' ਵਿੱਚ ਨਜ਼ਰ ਆਈ ਤਾਂ ਬੀਤੇ ਸਾਲ ਉਸ ਦੀ ਫਿਲਮ 'ਕੋਈ ਜਾਨੇ ਨਾ' ਅਤੇ ਵੈੱਬ ਸੀਰੀਜ 'ਤਾਂਡਵ' ਰਿਲੀਜ਼ ਹੋਈ। ਇਸ ਸਾਲ ਫਿਲਮ 'ਬਘੀਰਾ' ਤੋਂ ਇਲਾਵਾ ਵੈੱਬ ਸੀਰੀਜ 'ਡੋਂਗਰੀ ਟੂ ਮੁੰਬਈ' ਵਿੱਚ ਆਉਣ ਵਾਲੀ ਹੈ। ਮਨੋਰੰਜਨ ਜਗਤ ਵਿੱਚ ਇੱਕ ਦਹਾਕਾ ਪੂਰਾ ਕਰਨ ਵਾਲੀ ਅਮਾਇਰਾ ਮੰਨਦੀ ਹੈ ਕਿ ਉਸ ਨੂੰ ਆਪਣੀ ਫੀਸ ਦੇ ਬਾਰੇ ਪੁੱਛਣ ਵਿੱਚ ਕੋਈ ਡਰ ਨਹੀਂ ਲੱਗਦਾ, ਜਿਸ ਦੀ ਉਹ ਖੁਦ ਨੂੰ ਹੱਕਦਾਰ ਮੰਨਦੀ ਹੈ। ਉਹਕਹਿੰਦੀ ਹੈ, ''ਮੈਂ ਇਸ ਨੂੰ ਆਪਣੀ ਟੀਮ ਉੱਤੇ ਛੱਡਦੀ ਹਾਂ ਤੇ ਅਸੀਂ ਇੱਕ ਨਿਸ਼ਚਿਤ ਫੀਸ ਉੱਤੇ ਫੈਸਲਾ ਕਰਦੇ ਹਾਂ। ਜੇ ਲੱਗਦਾ ਹੈ ਕਿ ਸਾਨੂੰ ਸਾਡੀ ਕੀਮਤ ਨਹੀਂ ਮਿਲ ਰਹੀ ਤਾਂ ਅਸੀਂ ਪ੍ਰੋਜੈਕਟ ਛੱਡ ਕੇ ਅੱਗੇ ਵਧ ਜਾਂਦੇ ਹਾਂ।''

ਉਂਜ ਅਮਾਇਰਾ ਕਹਿੰਦੀ ਹੈ ਕਿ ਜੇ ਛੋਟੇ ਬਜਟ ਤੇ ਚੰਗੀ ਕਹਾਣੀ ਵਾਲੇ ਕਿਸੇ ਪ੍ਰੋਜੈਕਟ ਦਾ ਆਫਰ ਮਿਲਦਾ ਹੈ ਤਾਂ ਉਹ ਆਪਣੀ ਫੀਸ ਵਿੱਚ ਕਟੌਤੀ ਕਰਨ ਲਈ ਤਿਆਰ ਰਹਿੰਦੀ ਹੈ।ਉਸ ਅਨੁਸਾਰ, ''ਜੇ ਫਿਲਮ ਦੀ ਕਹਾਣੀ ਚੰਗੀ ਹੈ ਤਾਂ ਮੈਂ ਪੈਸੇ ਨੂੰ ਬਹੁਤਾ ਮਹੱਤਵ ਨਹੀਂ ਦਿੰਦੀ, ਕਿਉਂਕਿ ਇਹ ਮੈਨੂੰ ਚੰਗਾ ਕੰਮ ਕਰਨ ਤੋਂ ਨਹੀਂ ਰੋਕ ਸਕਦਾ। ਜੇ ਕਿਸੇ ਫਿਲਮ ਦਾ ਬਜਟ ਵੱਡਾ ਨਹੀਂ ਤਾਂ ਇਸ ਵਿੱਚ ਕਿਸੇ ਦੀ ਗਲਤੀ ਨਹੀਂ।''ਉਹ ਇਸ ਗੱਲੋਂ ਖੁਸ਼ ਹੈ ਕਿ ਸਾਨੂੰ ਆਪਣਾ ਹੱਕ ਮੰਗਣ ਉੱਤੇ ਮਹਿਲਾ ਕਲਾਕਾਰਾਂ ਦਾ ਮਜ਼ਾਕ ਨਹੀਂ ਉਡਾਇਆ ਜਾਂਦਾ। ਉਹ ਕਹਿੰਦੀ ਹੈ, ''ਇੱਕ ਸਮਾਂ ਸੀ ਕਿ ਸਾਡੇ ਲਈ ਉਹ ਸਭ ਮੰਗਣਾ ਵੀ ਮੁਸ਼ਕਲ ਸੀ, ਜਿਸ ਦੇ ਲਈ ਅਸੀਂ ਖੁਦ ਯੋਗ ਸਮਝਦੇ ਸੀ, ਪਰ ਅੱਜ ਸੋਚ ਬਦਲ ਰਹੀ ਹੈ। ਅੱਜ, ਜਦੋਂ ਤੁਸੀਂ ਆਪਣੀ ਯੋਗਤਾ ਅਨੁਸਾਰ ਫੀਸ ਮੰਗਦੇ ਹੋ ਤਾਂ ਇਸ ਨੂੰ ਸਹੀ ਸਮਝਿਆ ਜਾਂਦਾ ਹੈ।''28 ਸਾਲਾ ਅਮਾਇਰਾ ਨੂੰ ਲੱਗਦਾ ਹੈ ਕਿ ਕਿਸੇ ਵੀ ਕਲਾਕਾਰ ਨੂੰ ਔਰਤ ਜਾਂ ਮਰਦ ਦੇ ਵਿਤਕਰੇ ਬਿਨਾਂ ਉਸ ਤਰਜ ਉੱਤੇ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ, ਜਿੱਦਾਂ ਦਾ ਉਹ ਕੰਮ ਕਰ ਸਕਦੇ ਜਾਂ ਜੋ ਉਨ੍ਹਾਂ ਦੀ ਸਟਾਰ ਪਾਵਰ ਹੈ। ਫਿਲਮ ਉਦਯੋਗ ਵਿੱਚ ਬਦਲੇ ਮਾਹੌਲ ਤੋਂ ਖੁਸ਼ ਅਮਾਇਰਾ ਕਹਿੰਦੀ ਹੈ, ''ਓ ਟੀ ਟੀ ਬੂਮ ਤੇ ਔਰਤ ਪ੍ਰਧਾਨ ਕਹਾਣੀਆਂ ਵਿੱਚ ਵਾਧੇ ਕਾਰਨ ਹੀਰੋਇਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਭੁਗਤਾਨ ਕੀਤਾ ਜਾਂਦਾ ਹੈ। ਇਹ ਬਹੁਤ ਚੰਗਾ ਹੈ। ਅਸੀਂ ਸਿਰਫ ਸੁੰਦਰ ਚਿਹਰੇ ਨਹੀਂ ਹਾਂ। ਉਸ ਦਾ ਮੰਨਣਾ ਹੈ ਕਿ ਸਹੀ ਤਰ੍ਹਾਂ ਦੀ ਸਿੱਖਿਆ ਤੋਂ ਹੀ ਇਨਸਾਨ ਆਪਣੇ ਹੱਕ ਲਈ ਆਵਾਜ਼ ਚੁੱਕਣ ਦੇ ਲਾਇਕ ਬਣਦਾ ਹੈ।''



## ਆਪਣੀਆਂ ਸ਼ਰਤਾਂ ਉੱਤੇ ਹੀ ਕੰਮ ਕਰਦੀ ਹਾਂ : ਈਸ਼ਾ ਕੋਪੀਕਰ



ਸਾਲ 2002 ਦੀ ਗੱਲ ਹੈ। ਰਾਮ ਗੋਪਾਲ ਵਰਮਾ ਦੀ ਫਿਲਮ 'ਕੰਪਨੀ' ਰਿਲੀਜ਼ ਹੋਈ ਸੀ, ਪਰ ਫਿਲਮ ਦੇ ਪਰਦੇ ਉੱਤੇ ਆਉਣ ਤੋਂ ਪਹਿਲਾਂ ਇੱਕ ਨਾਂਅ ਨੇ ਸਨਸਨੀ ਮਚਾ ਦਿੱਤੀ ਸੀ। ਈਸ਼ਾ ਕੋਪੀਕਰ ਨੇ 'ਖੱਲਾਸ' ਗਾਣੇ ਵਿੱਚ ਆਪਣੀਆਂ ਅਦਾਵਾਂ ਨਾਲ ਹਰ ਕਿਸੇ ਨੂੰ ਦੀਵਾਨਾ ਬਣਾਇਆ। ਫਿਰ 'ਕਾਂਟੇ', 'ਪਿੰਜਰ', 'ਕਯਾ ਕੂਲ ਹੈਂ ਹਮ' ਅਤੇ 'ਏਕ ਵਿਵਾਹ ਐਸਾ ਭੀ' ਵਰਗੀਆਂ ਫਿਲਮਾਂ ਵਿੱਚ ਅਸੀਂ ਈਸ਼ਾ ਕੋਪੀਕਰ ਨੂੰ ਵੱਖ-ਵੱਖ ਅੰਦਾਜ਼ ਵਿੱਚ ਦੇਖਿਆ। ਸਾਲ 2011 ਵਿੱਚ 'ਸ਼ਬਰੀ' ਫਿਲਮ ਪਿੱਛੋਂ ਈਸ਼ਾ ਕੋਪੀਕਰ ਵੱਡੇ ਪਰਦੇ ਤੋਂ ਗਾਇਬ ਹੋ ਗਈ। ਇੱਕ ਵਾਰ ਫਿਰ ਉਸ ਦਾ ਨਾਂਅ ਗੂੰਜ ਰਿਹਾ ਹੈ। ਉਹ ਰਾਮ ਗੋਪਾਲ ਵਰਮਾ ਦੀ ਜਲਦੀ ਆਉਣ ਵਾਲੀ ਸੀਰੀਜ਼ 'ਦਹਾਨਮ' ਵਿੱਚ ਆਉਣ ਵਾਲੀ ਹੈ। 'ਦਹਾਨਮ' ਵਿੱਚ ਈਸ਼ਾ ਇੱਕ ਪੁਲਸ ਅਫਸਰ ਦੀ ਭੂਮਿਕਾ ਵਿੱਚ ਹੈ। ਪੇਸ਼ ਹਨ ਈਸ਼ਾ ਕੋਪੀਕਰ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਇੱਕ ਲੰਬੇ ਗੈਪ ਦੇ ਬਾਅਦ ਤੁਸੀਂ 'ਦਹਾਨਮ' ਵਰਗੀ ਸੀਰੀਜ਼ ਨਾਲ ਕਮਬੈਕ ਕਰਨ ਦੀ ਕਿਉਂ ਸੋਚੀ?

– ਰਾਮ ਗੋਪਾਲ ਵਰਮਾ ਸਨ, ਜਿਨ੍ਹਾਂ ਨੇ ਅੱਜ ਤੋਂ ਤਕਰੀਬਨ ਵੀਹ ਸਾਲ ਪਹਿਲਾਂ 'ਕੰਪਨੀ' ਵਿੱਚ ਮੈਨੂੰ ਲਾਂਚ ਕੀਤਾ ਸੀ ਅਤੇ ਅੱਜ ਜਦ 'ਦਹਾਨਮ' ਲਈ ਇੰਨੇ ਸਾਲ ਬਾਅਦ ਉਨ੍ਹਾਂ ਦਾ ਫੋਨ ਆਇਆ ਤਾਂ ਮੈਨੂੰ ਲੱਗਾ ਕਿ ਯਕੀਨਨ ਇਸ ਵਿੱਚ ਕੁਝ ਨਵਾਂ ਹੋਵੇਗਾ। ਅਜਿਹਾ ਨਹੀਂ ਕਿ ਪੂਰੀ ਸੀਰੀਜ ਵਿੱਚ ਸਿਰਫ ਮੈਂ ਛਾਈ ਹੋਈ ਹਾਂ। ਅਸੀਂ ਦੋ ਸੀਜ਼ਨ ਸ਼ੂਟ ਕਰ ਚੁੱਕੇ ਹਾਂ ਤੇ ਦੋਵਾਂ ਸੀਜ਼ਨ ਵਿੱਚ ਦੋ ਹੀਰੋ ਹਨ। ਮੈਂ ਇਸ ਵਿੱਚ ਕਾਪ ਦੇ ਰੋਲ ਵਿੱਚ ਹਾਂ। ਅੱਜ ਤੱਕ ਜੋ ਮੈਂ ਕਾਪ ਕੀਤੇ ਸਨ, ਉਹ ਕਾਮੇਡੀ ਵਾਲੇ ਸਨ, ਜਦ ਕਿ ਇਹ ਸੀਰੀਅਸ ਕਾਪ ਹੈ। ਇਸ ਸੀਰੀਜ ਵਿੱਚ ਇੱਕ ਨਾਰਥ ਇੰਡੀਅਨ ਪੁਲਸ ਵਾਲੀ ਨੂੰ ਸਾਊਥ ਇੰਡੀਅਨ ਰੀਜ਼ਨ ਵਿੱਚ ਪੋਸਟ ਕੀਤਾ ਜਾਂਦਾ ਹੈ। ਇਹ ਉਹ ਇਲਾਕਾ ਹੈ, ਜਿੱਥੇ ਦਹਿਸ਼ਤ ਫੈਲੀ ਹੋਈ ਹੈ, ਮਰਡਰ ਉੱਤੇ ਮਰਡਰ ਹੋ ਰਹੇ ਹਨ। ਮੈਂ ਇਹ ਭੂਮਿਕਾ ਕਰਨ ਲਈ ਇਸ ਲਈ ਵੀ ਤਿਆਰ ਹੋਈ ਕਿ ਅਜਿਹਾ ਕਾਪ ਮੈਂ ਪਹਿਲਾਂ ਕਦ ਨਹੀਂ ਕੀਤਾ ਸੀ।

* ਰਾਮ ਗੋਪਾਲ ਵਰਮਾ ਨੇ ਤੁਹਾਨੂੰ 'ਖੱਲਾਸ ਗਰਲ' ਦੀ ਇਮੇਜ ਦਿੱਤੀ। ਕਿਸ ਤਰ੍ਹਾਂ ਲੱਗਦਾ ਹੈ ਕਿ ਜਦ ਅੱਜ ਵੀ ਤੁਹਾਨੂੰ 'ਖੱਲਾਸ ਗਰਲ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ?

– ਮੈਨੂੰ ਤਾਂ ਖੁਸ਼ੀ ਹੁੰਦੀ ਹੈ ਕਿ ਮੇਰੀ ਕੋਈ ਇਮੇਜ ਹੈ। ਜਿਵੇਂ ਮਾਧੁਰੀ ਨੂੰ ਇੱਕ ਦੋ ਤੀਨ ਗਰਲ, ਰਾਜੇਸ਼ ਖੰਨਾ ਨੂੰ ਡਰਾਮਾ ਕਿੰਗ, ਹੇਮਾ ਮਾਲਿਨੀ ਨੂੰ ਡਰੀਮ ਗਰਲ ਕਿਹਾ ਜਾਂਦਾ ਹੈ, ਉਵੇਂ ਹੀ ਘੱਟੋ ਘੱਟ ਮੇਰੇ ਕੋਲ ਇੱਕ ਟੈਗ ਹੈ, ਪਛਾਣ ਤਾਂ ਹੈ। ਅਜਿਹਾ ਨਹੀਂ ਹੈ ਕਿ ਮੈਨੂੰ ਕਹਿਣ ਦੀ ਜ਼ਰੂਰਤ ਹੈ, ਪਛਾਣ ਕੌਣ?

*ਇੰਨੇ ਸਾਲ ਬਾਅਦ ਆਰ ਜੀ ਵੀ ਦੇ ਨਾਲ ਕੰਮ ਕਰਨ ਦਾ ਅਨੁਭਵ ਕਿਹੋ ਜਿਹਾ ਰਿਹਾ?

– ਬੇਹੱਦ ਮਜ਼ੇਦਾਰ। ਮੈਨੂੰ ਉਹ ਦੇਖਦੇ ਹੀ ਬੋਲੇ, ਤੂੰ ਖੁਦ ਦੇ ਨਾਲ ਕੀ ਕਰਦੀ ਰਹੀ ਏਂ? ਤੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਸੁੰਦਰ ਲੱਗ ਰਹੀ ਏਂ? ਤੂੰ ਕੀ ਖਾਂਦੀ ਏਂ? ਜੋ ਇੰਨੀ ਗੋਰੀ-ਗੋਰੀ ਅਤੇ ਖੂਬਸੂਰਤ ਲੱਗ ਰਹੀ ਏਂ। ਉਹ ਇਹ ਵੀ ਬੋਲੇ ਕਿ ਤੂੰ ਕੀ ਫਰਿਜ਼ ਵਿੱਚ ਰਹਿੰਦੀ ਏਂ? ਇੰਝ ਲੱਗਦਾ ਹੈ, ਮੰਨੋ ਵਕਤ ਰੁਕ ਗਿਆ ਹੋਵੇ। ਆਰ ਜੀ ਵੀ ਤੋਂ ਜਦ ਇੰਨੀ ਤਾਰੀਫ ਮਿਲੀ ਤਾਂ ਬਹੁਤ ਖੁਸ਼ੀ ਹੋਈ ਕਿਉਂਕਿ ਜ਼ਿਆਦਾਤਰ ਆਰ ਜੀ ਵੀ ਤੋਂ ਤੁਹਾਨੂੰ ਕੁਮੈਂਟ ਹੀ ਸੁਣਨ ਨੂੰ ਮਿਲਦੇ ਹਨ। ਉਨ੍ਹਾਂ ਨੇ ਮੈਨੂੰ ਮੇਰੇ ਕਿਰਦਾਰ ਦੇ ਬਾਰੇ ਦੱਸਿਆ ਕਿ ਮੈਂ ਭਾਵੇਂ ਪੂਰੀ ਸੀਰੀਜ ਦੇ ਹਰ ਫਰੇਮ ਵਿੱਚ ਨਾ ਹੋਵਾਂ, ਪਰ ਮੈਂ ਸੀਰੀਜ਼ ਦੀ ਸੂਤਰਧਰ ਹਾਂ, ਮੇਰੇ ਨਜ਼ਰੀਏ ਨਾਲ ਹੀ ਇਸ ਸੀਰੀਜ਼ ਦੀ ਕਹਾਣੀ ਅੱਗੇ ਵਧਦੀ ਹੈ।

* ਤੁਸੀਂ ਹਮੇਸ਼ਾ ਤੋਂ ਬੇਬਾਕ ਅਭਿਨੇਤਰੀ ਰਹੇ ਹੋ। ਤੁਹਾਨੂੰ ਆਪਣੀ ਇਸ ਆਦਤ ਦਾ ਕਿੰਨਾ ਖਮਿਆਜ਼ਾ ਭੁਗਤਣਾ ਪਿਆ?

– ਮੈਂ ਕਿਸੇ ਬਣਾਏ ਬਣਾਏ ਰਾਹ ਨੂੰ ਫਾਲੋ ਨਹੀਂ ਕਰ ਸਕਦੀ। ਮੈਂ ਹਮੇਸ਼ਾ ਤੋਂ ਆਪਣਾ ਰਾਹ ਬਣਾਉਣਾ ਚਾਹੁੰਦੀ ਸੀ ਅਤੇ ਜਿਸ ਨੂੰ ਆਪਣਾ ਰਾਹ ਬਣਾਉਣਾ ਹੁੰਦਾ ਹੈ, ਉਸ ਨੂੰ ਕਾਫੀ ਸੰਘਰਸ਼ ਕਰਨਾ ਪੈਂਦਾ ਹੈ। ਮੈਨੂੰ ਹਮੇਸ਼ਾ ਤੋਂ ਅਜਿਹੀਆਂ ਭੂਮਿਕਾਵਾਂ ਦੀ ਤਲਾਸ਼ ਸੀ, ਜਿਨ੍ਹਾਂ ਨੂੰ ਲੋਕ ਯਾਦ ਰੱਖਣ, ਭਾਵੇਂ ਉਹ ਮੇਰੇ ਕਿਰਦਾਰ ਨਾਲ ਨਫਰਤ ਕਰਨ, ਪਰ ਉਹ ਉਸ ਨੂੰ ਨਜ਼ਰਅੰਦਾਜ਼ ਨਾ ਸਕਣ। 'ਕਯਾ ਕੂਲ ਹੈਂ ਹਮ' ਦੀ ਉਰਮਿਲਾ ਹੋਵੇ, ਜਾਂ 'ਏਕ ਵਿਵਾਹ ਐਸਾ ਭੀ' ਦੀ ਚਾਂਦਨੀ ਹੋਵੇ ਜਾਂ 'ਸ਼ਬਰੀ' ਹੋਵੇ ਜਾਂ ਫਿਰ 'ਕ੍ਰਿਸ਼ਨਾ ਕਾਟੇਜ' ਦੀ ਦਿਸ਼ਾ ਹੋਵੇ। ਮੈਂ ਜੇ ਕਿਸੇ ਫਿਲਮ ਵਿੱਚ 15-20 ਮਿੰਟ ਦਾ ਕਿਰਦਾਰ ਵੀ ਕੀਤਾ ਹੈ ਤਾਂ ਲੋਕਾਂ ਨੇ ਉਸ ਨੂੰ ਯਾਦ ਰੱਖਿਆ ਹੋਵੇਗਾ।

* ਕਾਸਟਿੰਗ ਕਾਊਚ ਤਾਂ ਹਰ ਇੰਡਸਟਰੀ ਵਿੱਚ ਇੱਕ ਬਹੁਤ ਹੀ ਗੰਭੀਰ ਸਮੱਸਿਆ ਹੈ, ਪਰ ਉਸ ਦੇ ਇਲਾਵਾ ਤੁਸੀਂ ਔਰਤਾਂ ਦੇ ਲਈ ਸਭ ਤੋਂ ਵੱਡੀ ਚੁਣੌਤੀ ਕੀ ਮੰਨਦੇ ਹੋ?

– ਮੈਨੂੰ ਲੱਗਦਾ ਹੈ ਕਿ ਇੱਕ ਔਰਤ ਦਾ ਮਲਟੀਟਾਸਕਿੰਗ ਹੋਣਾ ਸਭ ਤੋਂ ਵੱਡਾ ਚੈਲੇਂਜ ਹੈ। ਔਰਤਾਂ ਜਦ ਆਤਮਨਿਰਭਰ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਕਾਫੀ ਕੁਝ ਮੈਨੇਜ ਕਰਨਾ ਪੈਂਦਾ ਹੈ। ਸਭ ਨੂੰ ਖੁਸ਼ ਰੱਖਣਾ ਅਤੇ ਕੰਮ ਵਿੱਚ ਅੱਵਲ ਰਹਿਣਾ ਪੈਂਦਾ ਹੈ, ਤਾਂ ਘਰ ਉੱਤੇ ਵੀ ਨੰਬਰ ਵਨ। ਜੋ ਲੋਕ ਇਹ ਕਰ ਲੈਂਦੇ ਹਨ, ਉਨ੍ਹਾਂ ਨੂੰ ਮੇਰਾ ਸਲਾਮ। ਮੈਨੂੰ ਲੱਗਦਾ ਹੈ ਕਿ ਅੱਜ ਦੇ ਦੌਰ ਵਿੱਚ ਸਿਖਿਆ ਸਭ ਤੋਂ ਜ਼ਰੂਰੀ ਹੈ। ਮੈਨੂੰ ਲੱਗਦਾ ਹੈ ਕਿ ਸਿਖਿਆ ਨੂੰ ਕੰਪਲਸਰੀ ਕਰ ਦੇਣਾ ਚਾਹੀਦਾ ਹੈ। ਔਰਤਾਂ ਦੀ ਦਸ਼ਾ ਨੂੰ ਠੀਕ ਹੁੰਦੇ-ਹੁੰਦੇ ਹੋਰ ਸੌ ਸਾਲ ਲੱਗਣਗੇ, ਕਿਉਂਕਿ ਰੂੜੀਵਾਦੀ ਸੋਚ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਪ੍ਰੰਤੂ ਮੈਂ ਮੰਨਦੀ ਹਾਂ ਕਿ ਜ਼ਰੂਰੀ ਹੈ, ਤਦ ਹੀ ਇੱਕ ਸਿਹਤਮੰਦ ਅਤੇ ਸਭਿਅ ਸਮਾਜ ਦਾ ਨਿਰਮਾਣ ਹੋ ਸਕੇਗਾ।

* ਤੁਹਾਡੇ ਪਤੀ ਟਿੰਮੀ ਨਾਰੰਗ ਕਿੰਨੇ ਸਪੋਰਟਿਵ ਹਨ?

–ਟਿੰਮੀ ਜੀ ਬਹੁਤ ਸਪੋਰਟਿਵ ਰਹੇ ਹਨ ਅਤੇ ਵਿਆਹ ਦੇ ਪਹਿਲੇ ਦਿਨ ਤੋਂ ਮੈਨੂੰ ਉਨ੍ਹਾਂ ਦਾ ਸਹਿਯੋਗ ਮਿਲਦਾ ਰਿਹਾ ਹੈ। ਉਨ੍ਹਾਂ ਨੇ ਹਮੇਸ਼ਾ ਮੇਰਾ ਸਾਥ ਦਿੱਤਾ। ਜੇ ਕਿਸੇ ਨੂੰ ਇੰਡਸਟਰੀ ਵਿੱਚ ਮੇਰੇ ਕੰਮ ਕਰਨ ਤੋਂ ਪ੍ਰਾਬਲਮ ਸੀ, ਤਾਂ ਤਦ ਵੀ ਉਨ੍ਹਾਂ ਨੇ ਮੇਰਾ ਸਾਥ ਦਿੱਤਾ। ਉਨ੍ਹਾਂ ਲਈ ਮੇਰੀ ਖੁਸ਼ੀ ਸਭ ਤੋਂ ਜ਼ਿਆਦਾ ਅਹਿਮ ਹੈ। ਮੈਂ ਭਗਵਾਨ ਦਾ ਸ਼ੁਕਰੀਆ ਅਦਾ ਕਰਦੀ ਹਾਂ ਕਿ ਮੈਨੂੰ ਟਿੰਮੀ ਜੀ ਵਰਗੇ ਪਤੀ ਮਿਲੇ, ਕਦੇ ਕੋਈ ਪ੍ਰੇਸ਼ਾਨੀ ਨਹੀਂ ਹੋਈ।

## ਕ੍ਰਿਸਮਸ ਉੱਤੇ ਰਿਲੀਜ਼ ਹੋਵੇਗੀ 'ਸਰਕਸ'



ਫਿਲਮ 'ਸਿੰਬਾ' ਅਤੇ 'ਸੂਰਿਆਵੰਸ਼ੀ' ਦੇ ਬਾਅਦ ਰਣਵੀਰ ਸਿੰਘ ਨੇ ਫਿਲਮ 'ਸਰਕਸ' ਵਿੱਚ ਫਿਲਮਕਾਰ ਰੋਹਿਤ ਸ਼ੈੱਟੀ ਦੇ ਨਾਲ ਕੰਮ ਕੀਤਾ ਹੈ। ਇਹ ਫਿਲਮ ਸਾਲ 1982 ਵਿੱਚ ਰਿਲੀਜ਼ ਸੰਜੀਵ ਕੁਮਾਰ ਅਤੇ ਦੇਵੇਨ ਵਰਮਾ ਦੀ ਫਿਲਮ 'ਅੰਗੂਰ' ਦੀ ਰੀਮੇਕ ਦੱਸੀ ਜਾਂਦੀ ਹੈ। ਨਿਰਮਾਤਾਵਾਂ ਨੇ ਇਸ ਦੀ ਰਿਲੀਜ਼ ਤਰੀਕ ਦਾ ਰਸਮੀ ਐਲਾਨ ਕਰ ਦਿੱਤਾ ਹੈ। ਇਹ ਫਿਲਮ ਇਸ ਸਾਲ ਕ੍ਰਿਸਮਸ ਤੋਂ ਪਹਿਲਾਂ 23 ਦਸੰਬਰ ਨੂੰ ਰਿਲੀਜ਼ ਹੋਵੇਗੀ। 23 ਦਸੰਬਰ ਨੂੰ ਬਾਕਸ ਆਫਿਸ ਉੱਤੇ ਇਸ ਫਿਲਮ ਦਾ ਟਕਰਾਅ ਟਾਈਗਰ ਸ਼ਰਾਫ ਦੀ 'ਗਣਪਤ' ਅਤੇ ਕੈਟਰੀਨਾ ਕੈਫ ਅਤੇ ਵਿਜੇ ਸੇਤੂਪਤੀ ਦੀ 'ਮੈਰੀ ਕ੍ਰਿਸਮਸ' ਨਾਲ ਹੋਵੇਗਾ, ਜਿਸ ਦੇ ਨਿਰਮਾਤਾ ਪਹਿਲਾਂ ਕ੍ਰਿਸਮਸ ਦੇ ਮੌਕੇਆਪਣੀ ਰਿਲੀਜ਼ ਤਰੀਕ ਐਲਾਨ ਕਰ ਚੁੱਕੇ ਹਨ। ਨਾਲ ਹੀ ਇਸ ਸਾਲ ਅਖੀਰ ਵਿੱਚ ਸਲਮਾਨ ਖਾਨ ਦੀ ਫਿਲਮ 'ਕਭੀ ਈਦ ਕਭੀ ਦੀਵਾਲੀ' ਨੂੰ ਰਿਲੀਜ਼ ਕਰਨ ਦੀਆਂ ਖਬਰਾਂ ਹਨ। ਹਾਲਾਂਕਿ ਇਸ ਬਾਰੇ ਅਜੇ ਤੱਕ ਕੋਈ ਅਧਿਕਾਰਕ ਜਾਣਕਾਰੀ ਜਨਤਕ ਨਹੀਂ ਕੀਤੀ ਗਈ ਹੈ।

'ਸਰਕਸ' ਦੀ ਰਿਲੀਜ਼ ਬਾਰੇ ਰੋਹਿਤ ਸ਼ੈੱਟੀ ਦਾ ਕਹਿਣਾ ਹੈ, 'ਸਰਕਸ' ਪੂਰੀ ਤਰ੍ਹਾਂ ਪਰਵਾਰਕ ਮਨੋਰੰਜਕ ਫਿਲਮ ਹੈ। ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ 'ਸਰਕਸ' ਨੂੰ ਦੇਖਣ ਲਈ ਕ੍ਰਿਸਮਸ ਦੀਆਂ ਛੁੱਟੀਆਂ ਤੋਂ ਬਿਹਤਰ ਸਮਾਂ ਨਹੀਂ ਹੋ ਸਕਦਾ। ਰਣਵੀਰ ਪਹਿਲੀ ਵਾਰ ਫਿਲਮ ਵਿੱਚ ਡਬਲ ਰੋਲ ਵਿੱਚ ਨਜ਼ਰ ਆਏਗਾ। 'ਸਰਕਸ' ਵਿੱਚ ਰਣਵੀਰ ਨਾਲ ਪੂਜਾ ਹੇਗੜੇ, ਜੈਕਲਿਨ ਫਰਨਾਂਡੀਜ਼ ਅਤੇ ਵਰੁਣ ਸ਼ਰਮਾ ਅਹਿਮ ਭੂਮਿਕਾ ਵਿੱਚ ਹਨ।

# ਓਂਟਾਰੀਓ ਵਿਚ ਡੱਗ ਫੋਰਡ ਦੀ ਸਰਕਾਰ ਬਣਨੀ ਤੈਅ, ਬਰੈਂਪਟਨ ਵਿਚ ਚੱਲ ਰਹੀ ਹੈ ਨੀਲੀ ਲਹਿਰ




## ਹਾਈਵੇ 413 ਦਾ ਅਹਿਮ ਮੁੱਦਾ

...ਪੰਨਾ 1 ਦਾ ਬਾਕੀ

ਬਰੈਂਪਟਨ ਵਿਚ ਹਾਈਵੇ 413 ਦਾ ਅਹਿਮ ਮੁੱਦਾ ਹੈ। ਹਾਈਵੇ 413, ਜੋ ਕਿ ਬਰੈਂਪਟਨ ਤੋਂ ਥੋੜਾ ਨਾਰਥ ਸਾਈਡ ਅਤੇ ਕੈਲੇਡਨ ਤੋਂ ਸਾਊਥ ਸਾਈਡ ਵਿਚ ਬਰੈਂਪਟਨ ਅਤੇ ਕੈਲੇਡਨ ਦੇ ਵਿਚਕਾਰ ਨਿੱਕਲਦਾ ਹੈ, ਜਿਸਨੇ ਹਾਈਵੇ 400 ਤੇ ਹਾਈਵੇ 401 ਨੂੰ ਜੋੜਨਾ ਹੈ, ਇਸ ਚੀਜ ਨੂੰ ਲੈ ਕੇ ਲੋਕਾਂ ਵਿਚ ਡੱਗ ਫੋਰਡ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਉਤਸ਼ਾਹ ਬਣਿਆ ਹੋਇਆ ਹੈ। ਡੱਗ ਫੋਰਡ ਵਲੋਂ ਜੋ ਕਿਹਾ, ਉਹ ਕਰ ਕੇ ਦਿਖਾਇਆ ਦੀ ਵੀ ਚਰਚਾ ਚੱਲ ਰਹੀ ਹੈ। ਬਰੈਂਪਟਨ ਵਿਚ ਦੂਸਰੇ ਹਸਪਤਾਲ ਦੀ ਉਸਾਰੀ ਆਰੰਭ ਹੋ ਗਈ ਹੈ। ਇਸ ਤੋਂ ਇਲਾਵਾ ਰਾਇਸਨ ਯੂਨੀਵਰਸਿਟੀ ਵਲੋਂ ਮੈਡੀਕਲ ਸਕੂਲ ਦੀ ਘਰ-ਘਰ ਵਿਚ ਚਰਚਾ ਹੈ। ਰਾਇਸਨ ਮੈਡੀਕਲ ਸਕੂਲ ਜੋ ਕਿ 2025 ਵਿਚ ਬਣ ਕੇ ਤਿਆਰ ਹੋਣਾ ਹੈ ਤੇ ਹਰ ਸਾਲ ਸੈਕੜੇ ਨੌਜਵਾਨ ਇਥੋਂ ਡਾਕਟਰ ਬਣ ਕੇ ਨਿੱਕਲਣਗੇ, ਇਸ ਗੱਲ ਨੇ ਵੀ ਬਰੈਂਪਟਨ ਵਾਸੀਆਂ ਨੂੰ ਪੀਸੀ ਪਾਰਟੀ ਨਾਲ ਜੋੜਿਆ ਹੈ।

## ਇੰਡਸ ਵੈਲੀ ਸੀਨੀਅਰ ਕੇਅਰ ਹੋਮ ਅਤੇ ਗੁਰੂ ਨਾਨਕ ਸੀਨੀਅਰ ਕੇਅਰ ਹੋਮ ਇਕ ਹੋਰ ਵੱਡੀ ਪ੍ਰਾਪਤੀ

ਇੰਡਸ ਵੈਲੀ ਸੀਨੀਅਰ ਕੇਅਰ ਹੋਮ ਅਤੇ ਗੁਰੂ ਨਾਨਕ ਸੀਨੀਅਰ ਕੇਅਰ ਹੋਮ ਇਕ ਹੋਰ ਵੱਡੀ ਪ੍ਰਾਪਤੀ ਹੈ, ਜਿਹੜੀ ਕਿ ਬਰੈਂਪਟਨ ਵਾਸੀਆਂ ਨੂੰ ਪੀਸੀ ਪਾਰਟੀ ਨਾਲ ਜੋੜ ਰਹੀ ਹੈ। ਪ੍ਰਭਮੀਤ ਸਰਕਾਰੀਆ ਤੇ ਅਮਰਜੋਤ ਸੰਧੂ ਦਾ ਕਹਿਣਾ ਹੈ ਕਿ ਅਸੀਂ ਬਰੈਂਪਟਨ ਤੋਂ ਸਿਰਫ 2 ਐਮਪੀਪੀ ਜਿੱਤੇ ਅਤੇ ਬਰੈਂਪਟਨ ਵਿਚ ਪਿਛਲੇ 4 ਸਾਲਾਂ ਵਿਚ ਉਹ ਕਰ ਵਿਖਾਇਆ, ਜੋ ਉਸ ਤੋਂ ਪਹਿਲਾਂ ਵਾਲੀ ਸਰਕਾਰ ਨੇ 15 ਸਾਲਾਂ ਵਿਚ ਨਹੀਂ ਕੀਤਾ। ਅਮਰਜੋਤ ਸੰਧੂ ਵਲੋਂ ਬਰੈਂਪਟਨ ਵੈਸਟ ਵਿਚ ਜੋ ਪੁਲਸ ਸਟੇਸ਼ਨ ਲਿਆਂਦਾ ਗਿਆ ਹੈ, ਉਸ ਦੀ ਵੀ ਸ਼ਲਾਘਾ ਹੈ। ਬਰੈਂਪਟਨ ਈਸਟ ਤੋਂ ਹਰਦੀਪ ਗਰੇਵਾਲ, ਜਿੱਥੇ ਉਹ ਪ੍ਰੀਮੀਅਰ ਡੱਗ ਫੋਰਡ ਵਲੋਂ ਬਰੈਂਪਟਨ ਨੂੰ ਅੱਖੋਂ ਪਰੋਖੇ ਨਾ ਕਰਨ ਦਾ ਧੰਨਵਾਦ ਕਰਦੇ ਹਨ, ਉਸ ਦੇ ਨਾਲ ਨਾਲ ਬਰੈਂਪਟਨ ਈਸਟ ਵਿਚ ਇਕ ਹੋਰ ਪੁਲਸ ਸਟੇਸ਼ਨ ਲੈ ਕੇ ਆਉਣ ਦੀ ਵੀ ਗੱਲ ਕਰਦੇ ਹਨ। ਜਿਸ ਤਰ੍ਹਾਂ ਪੀਲ ਹਲਕੇ ਵਿਚ ਦਿਨ ਪ੍ਰਤੀ ਦਿਨ ਕਾਰਾਂ ਦੀਆਂ ਚੋਰੀਆਂ, ਘਰਾਂ ਵਿਚ ਬ੍ਰੇਕਇਨ ਅਤੇ ਕਾਰਗੋ ਥੈਫਟ ਆਦਿ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਨ੍ਹਾਂ ਨੂੰ ਰੋਕਣ ਲਈ ਆਪਣੇ ਪੁਲਸ ਸਿਸਟਮ ਨੂੰ ਹੋਰ ਮਜਬੂਤ ਕਰਨ ਲਈ ਵਚਨਬੱਧਤਾ ਦੁਹਰਾ ਰਹੇ ਹਨ।









# ਪੀਸੀ ਪਾਰਟੀ ਦੇ ਪੰਜਾਂ ਉਮੀਦਵਾਰਾਂ ਦੇ ਕੈਪੇਨ ਆਫਿਸ ਦੀ ਓਪਨਿੰਗ ਉਤੇ ਕਮਿਊਨਿਟੀ ਵਲੋਂ ਵੱਡਾ ਹੁੰਗਾਰਾ




Thank you Ajay & Anju Vatts for hosting this amazing street get together yesterday !

ਇਨ੍ਹਾਂ ਪੀਸੀ ਪਾਰਟੀ ਦੇ ਪੰਜਾਂ ਉਮੀਦਵਾਰਾਂ ਦੇ ਕੈਪੇਨ ਆਫਿਸ ਦੀ ਓਪਨਿੰਗ ਉਤੇ ਕਮਿਊਨਿਟੀ ਵਲੋਂ ਵੱਡਾ ਹੁੰਗਾਰਾ ਦਿੱਤਾ ਗਿਆ। ਹਰਦੀਪ ਗਰੇਵਾਲ ਦੇ ਕੈਪੇਨ ਆਫਿਸ ਲਈ ਖੁਦ ਪ੍ਰੀਮੀਅਰ ਡੱਗ ਫੋਰਡ ਨੇ ਖੁਦ ਆ ਕੇ ਲੋਕਾਂ ਨੂੰ ਪੀਸੀ ਪਾਰਟੀ ਨੂੰ ਜਿਤਾਉਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਅਮਰ-ਜੋਤ ਸੰਧੂ ਦੇ ਕੈਂਪੇਨ ਆਫਿਸ ਉਤੇ ਵੀ ਪ੍ਰੀਮਿਅਰ ਡੱਗ ਫੋਰਡ ਖੁਦ ਆਏ। ਪ੍ਰਭਮੀਤ ਸਰਕਾਰੀਆ ਦੇ ਆਫਿਸ ਓਪਨਿੰਗ ਉਤੇ ਵੀ ਸੈਂਕੜੇ ਲੋਕਾਂ ਨੇ ਹਾਜਰੀ ਲਗਵਾਈ। ਪੀਸੀ ਪਾਰਟੀ ਦੇ ਇਨ੍ਹਾਂ ਉਮੀਦਵਾਰਾਂ ਦੇ ਮੁਕਾਬਲੇ ਬਾਕੀ ਉਮੀਦਵਾਰਾਂ ਦੇ ਕੈਂਪੇਨ ਆਫਿਸ ਉਤੇ ਘੱਟ ਹੀ ਇਕੱਠ ਦੇਖਣ ਨੂੰ ਮਿਲਿਆ। ਬਰੈਂਪਟਨ ਨਾਰਥ ਵਿਚ ਜੇਕਰ ਸਾਈਨਾਂ ਉਤੇ ਨਜਰ ਮਾਰੀ ਜਾਵੇ ਤਾਂ ਲਿਬਰਲ ਉਮੀਦਵਾਰ ਹਰਿੰਦਰ ਮੱਲ੍ਹੀ ਦੇ ਬਹੁਤ ਸਾਈਨ ਨਜਰ ਆਉਂਦੇ ਹਨ ਅਤੇ ਹਰਿੰਦਰ ਮੱਲ੍ਹੀ ਬਰੈਂਪਟਨ ਨਾਰਥ ਤੋਂ ਪੀਸੀ ਉਮੀਦਵਾਰ ਗ੍ਰਾਹਮ ਮੈਕਰੈਗਰ ਨੂੰ ਪੂਰਾ ਮੁਕਾਬਲਾ ਵੀ ਦੇ ਰਹੇ ਹਨ। ਇਥੋਂ ਪਹਿਲੇ ਐਮਪੀਪੀ ਐਨਡੀਪੀ ਵਲੋਂ ਕੈਵਿਨ ਯਾਰਡ ਸਨ। ਕੈਵਿਨ ਯਾਰਡ ਨੂੰ ਐਨਡੀਪੀ ਵਲੋਂ ਹਟਾ ਕੇ ਆਪਣਾ ਹੋਰ ਉਮੀਦਵਾਰ ਲੈ ਕੇ ਆਉਣ ਉਤੇ ਵੀ ਕਮਿਉਨਿਟੀ ਵਿਚ ਐਨਡੀਪੀ ਪ੍ਰਤੀ ਰੋਹ ਹੈ। ਬਰੈਂਪਟਨ ਈਸਟ ਤੋਂ ਹਰਦੀਪ ਗਰੇਵਾਲ ਵਲੋਂ ਕੀਤੀ ਜਾ ਰਹੀ ਮਿਹਨਤ ਅਤੇ ਕਮਿਉਨਿਟੀ ਦੇ ਵੱਖ-ਵੱਖ ਆਗੂਆਂ ਵਲੋਂ ਆਯੋਜਿਤ ਕੀਤੀਆਂ ਜਾ ਰਹੀਆਂ ਨੁੱਕੜ ਮੀਟਿੰਗਾਂ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਹਰਦੀਪ ਗਰੇਵਾਲ ਨੇ ਦੱਸਿਆ ਕਿ ਜਿੱਥੇ ਪਿਛਲੇ ਹਫਤੇ ਹਰ ਰੋਜ਼ 2 ਤੋਂ 3 ਵੱਖ-ਵੱਖ ਘਰਾਂ ਵਿਚ ਬਰੈਂਪਟਨ ਈਸਟ ਦੇ ਲੋਕਾਂ ਵਲੋਂ ਈਵੈਂਟ ਰੱਖੇ ਗਏ ਅਤੇ ਆਉਣ ਵਾਲੇ ਦੋ ਹਫਤੇ ਹਰ ਰੋਜ ਲਗਭਗ 2 ਤੋਂ 3 ਪ੍ਰੋਗਰਾਮ ਵੱਖ-ਵੱਖ ਘਰਾਂ ਵਿਚ ਰੱਖੇ ਗਏ ਹਨ। ਉਨ੍ਹਾਂ ਕਮਿਉਨਿਟੀ ਨੂੰ ਅਪੀਲ ਕੀਤੀ ਕਿ 19 ਮਈ ਤੋਂ ਅਡਵਾਂਸ ਪੋਲਿੰਗ ਸ਼ੁਰੂ ਹੋ ਜਾਵੇਗੀ, ਜੋ ਕਿ 28 ਮਈ ਤੱਕ ਚੱਲੇਗੀ। ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 8 ਵਜੇ ਤੱਕ ਗੋਰ ਮੈਡੋ ਕਮਿਉਨਿਟੀ ਸੈਂਟਰ ਵਿਚ ਬਰੈਂਪਟਨ ਈਸਟ ਦੀਆਂ ਵੋਟਾਂ ਪੈਣਗੀਆਂ। ਸੋ, ਉਨ੍ਹਾਂ ਅਪੀਲ ਕੀਤੀ ਕਿ ਇਹ ਕਾਫੀ ਚੰਗਾ ਸਮਾਂ ਰਹੇਗਾ ਕਿ ਤੁਸੀਂ ਆਰਾਮ ਨਾਲ ਜਾ ਕੇ ਕਿਸੇ ਵੀ ਦਿਨ ਆਪਣੀ ਵੋਟ ਪਾ ਸਕੋ ਅਤੇ ਫਿਰ 2 ਜੂਨ ਨੂੰ ਫਾਈਨਲ ਵੋਟਿੰਗ ਹੋਵੇਗੀ।





Thank you Raminder & Gurinderpal for hosting this amazing street get together yesterday !




Thank you Pritesh Ji for organizing today's event, Together let's paint Brampton East Blue !



Tri-City Professional Realty Inc., Brokerage. The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਨਵਾਂ ਸੁਕਰ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗ੍ਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਗੈਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੇਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149



ਸ਼ਗਨਾਂ ਵਾਲੀ ਥੈਲੀ





ਡੀਜ਼ਾਈਨਰ ਸੂਟ

ਸ਼ਾਲ







Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE



2nd Dwelling Unit Basement

Highway 10 & Bovaird Dr. (LEGAL BASEMENT APARTMENT)
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020) Jag Aujla For Details @ 416-371-7777

JUST SOLD



8 Dayspring Circ 1421, Brampton

HIGHEST PRICE SOLD IN 8 DAYSPRING CIRC IN THIS MARKET OF MAY 2022

URGENTLY NEED NEW LISTINGS IN THIS AREA



SOLD $315,000 OVER ASKING IN 3 DAYS
88 Likdale Rd
Williams Pkwy / Centre




SOLD $155,000 OVER ASKING IN 2 DAYS TO MY BUYER
13 Trailridge Dr
Williams Pkwy / Royal Orchard




SOLD $96,000 OVER ASKING IN 2 DAYS TO MY BUYER
26 Hanover Rd
Queen St. / Dixie Rd



SOLD $215,000 OVER ASKING IN 2 DAYS TO MY BUYER
42 Lawnview Crt
Sandalwood /Hwy 10 / Braidwood



SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410



SOLD $317,000 OVER ASKING IN 4 DAYS TO MY BUYER
17 Bristol Ave
Queen St / Mclaughlin

FREE

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022








QUEENSWOOD COLLEGE
BUSINESS · HEALTH · TECHNOLOGY

## Queenswood College B H & T
## Convocation 2019-2020, 2020-2021

**ਕੁਈਨਜ਼ਵੁੱਡ ਕਾਲਜ B H & T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਨਤ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।**

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿੱਚ ਇੱਕ ਜਾਣੀ ਪਹਿਚਾਣੀ ਸਖ਼ਸ਼ਿਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਊਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿੱਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ । ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ –

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1